Punjabi Parwaz

# ਪੰਜਾਬੀ ਪਰਵਾਜ਼

ਅੰਕ 23ਵਾਂ (ਸ਼ਿਕਾਗੋ): 30 ਮਾਰਚ ਤੋਂ 12 ਅਪਰੈਲ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਬਾਲਟੀਮੋਰ ਵਿੱਚ ਕੰਟੇਨਰ ਜਹਾਜ਼ ਪੁਲ ਨਾਲ ਟਕਰਾਇਆ

- ਬੰਦਰਗਾਹ ਦਾ 'ਸ਼ਿਪਿੰਗ ਚੈਨਲ' ਅਣਮਿੱਥੇ ਸਮੇਂ ਲਈ ਬੰਦ
- ਟਰੱਕਾਂ ਦੀ ਆਵਾਜਾਈ ਠੱਪ, ਸ਼ਿੱਪਰ ਬਦਲਵਾਂ ਰਾਹ ਲੱਭਣ ਲੱਗੇ



**ਪੰਜਾਬੀ ਪਰਵਾਜ਼ ਬਿਊਰੋ**

**ਨਿਊ ਯਾਰਕ:** ਮੰਗਲਵਾਰ ਤੜਕੇ (26 ਮਾਰਚ ਨੂੰ) ਬਾਲਟੀਮੋਰ ਵਿੱਚ ਸਿੰਗਾਪੁਰ ਦੇ ਝੰਡੇ ਵਾਲਾ ਕੰਟੇਨਰ ਜਹਾਜ਼ 'ਡਾਲੀ' ਫਰਾਂਸਿਸ ਸਕਾਟ ਕੀ ਬ੍ਰਿਜ ਨਾਲ ਟਕਰਾਅ ਗਿਆ, ਜਿਸ ਕਾਰਨ ਇਹ ਪੁਲ ਟੁੱਟ ਗਿਆ ਅਤੇ ਨਦੀ ਵਿੱਚ ਡਿੱਗ ਗਿਆ। ਕਾਰਗੋ ਜਹਾਜ਼ ਦਾ ਪੂਰਾ 22-ਮੈਂਬਰੀ ਚਾਲਕ ਦਲ/ਅਮਲਾ ਭਾਰਤੀ ਹੈ, ਜਿਸ ਨੇ ਟੱਕਰ ਤੋਂ ਪਹਿਲਾਂ ਅਧਿਕਾਰੀਆਂ ਨੂੰ 'ਪਾਵਰ ਸਮੱਸਿਆ' ਬਾਰੇ ਸੁਚੇਤ ਕੀਤਾ ਸੀ। ਹਾਲਾਂਕਿ ਘਟਨਾ ਦੇ ਸਹੀ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ। ਜਹਾਜ਼ ਬਹੁਤ ਤੇਜ਼ ਰਫਤਾਰ ਨਾਲ ਆ ਰਿਹਾ ਸੀ ਤੇ ਪੁਲ ਨਾਲ ਟਕਰਾਅ ਗਿਆ, ਜਿਸ ਨਾਲ ਸਪੈਨ ਹੇਠਾਂ ਨਦੀ ਵਿੱਚ ਜਾ ਡਿੱਗਿਆ ਅਤੇ ਇੱਕ ਨਿਰਮਾਣ ਕਰਮਚਾਰੀ ਤੇ ਕਈ ਵਾਹਨ ਪਾਣੀ 'ਚ ਡੁੱਬ ਗਏ।

ਮੈਰੀਲੈਂਡ ਦੇ ਗਵਰਨਰ ਵੇਸ ਮੂਰ ਨੇ ਕਿਹਾ ਕਿ ਟਕਰਾਉਣ ਤੋਂ ਪਹਿਲਾਂ ਕਾਰਗੋ ਜਹਾਜ਼ ਦੇ ਚਾਲਕ ਦਲ ਨੇ ਅਧਿਕਾਰੀਆਂ ਨੂੰ 'ਪਾਵਰ ਦੇ ਮੁੱਦੇ' ਬਾਰੇ ਸੁਚੇਤ ਕੀਤਾ ਸੀ, ਅਤੇ ਕਿਹਾ ਕਿ ਇਸ ਮੇਅਡੇਅ ਕਾਲ ਨੇ ਕਰਮਚਾਰੀਆਂ ਨੂੰ ਹੋਰ ਵਾਹਨਾਂ ਦੀ ਆਵਾਜਾਈ ਨੂੰ ਪੁਲ

⇒ ਬਾਕੀ ਸਫਾ 4 ਉਤੇ ਪੜ੍ਹੋ

## ਪੁੱਠੀ ਪਵੇਗੀ ਚੋਣ ਬਾਂਡਾਂ ਦੀ ਵਸੂਲੀ ਤੇ ਕੇਜਰੀਵਾਲ ਦੀ ਗ੍ਰਿਫਤਾਰੀ?

**ਜਸਵੀਰ ਸਿੰਘ ਸ਼ੀਰੀ**

ਦੇਸ਼ ਵਿੱਚ ਚੋਣ-ਜੰਗ ਮਘਣੀ ਸ਼ੁਰੂ ਹੋ ਗਈ ਹੈ। ਇਹ ਭਾਵੇਂ ਚੋਣ ਬਾਂਡਾਂ ਵਾਲਾ ਚੱਕਰ ਹੋਵੇ ਜਾਂ ਕੇਜਰੀਵਾਲ ਦੀ ਗ੍ਰਿਫਤਾਰੀ ਵਾਲਾ ਅਤੇ ਜਾਂ ਫਿਰ ਕਾਂਗਰਸ ਪਾਰਟੀ ਦੇ ਖਾਤੇ ਜਾਮ ਕਰਨ ਦਾ ਰੌਲਾ ਹੋਵੇ- ਸਾਰੇ ਕੁਝ ਨੂੰ ਆ ਰਹੀਆਂ ਲੋਕ ਸਭਾ ਚੋਣਾਂ ਦੇ ਨਜ਼ਰੀਏ ਤੋਂ ਹੀ ਵੇਖਿਆ ਜਾ ਸਕਦਾ ਹੈ। ਪਾਰਟੀ ਭਾਵੇਂ ਕੋਈ ਵੀ ਹੋਵੇ, ਭਾਰਤ ਦਾ ਸਾਰਾ ਰਾਜਨੀਤਿਕ ਕੁਲੀਨ ਵਰਗ ਇੱਕ ਦੂਜੇ ਨਾਲ ਘੁਲਿਆ-ਮਿਲਿਆ ਹੋਇਆ ਹੈ। ਇਸ ਦਾ ਘੇਰਾ ਅਤਿ ਕੱਟੜ ਹਿੰਦੂਤਵ ਤੋਂ ਲੈ ਕੇ ਨਰਮ ਹਿੰਦੂਤਵ ਦੀ ਲਛਮਣ ਰੇਖਾ ਦੇ ਅੰਦਰ-ਅੰਦਰ ਸੀਮਤ ਹੈ। ਪਰ ਕਾਰਪੋਰੇਟ ਫੰਡ ਦੀ ਕੁੱਕੜ ਖੋਹ ਲਈ ਇਹ ਰਾਜਨੀਤਿਕ ਵਰਗ ਇੱਕ ਸ਼ਰੀਕੇਬਾਜੀ ਵਿੱਚੋਂ ਇੱਕ ਦੂਜੇ ਨਾਲ ਸ਼ਹਿ-ਮਾਤ ਦੀ ਖੇਡ ਵਿੱਚ ਰੁੱਝਿਆ ਹੋਇਆ ਹੈ। ਭਾਰਤ ਦੀ ਚੋਣ ਘੜਮੱਸ ਦਾ ਇਹ ਸਾਰ ਤੱਤ ਹੈ। ਸਾਰੀ ਹਿੰਦੁਸਤਾਨੀ ਰਾਜਨੀਤਿਕ ਖੇਡ ਇਸ ਲਛਮਣ ਰੇਖਾ ਦੇ ਅੰਦਰ ਖੇਡਦਿਆਂ ਵੇਖੀ ਜਾ ਸਕਦੀ ਹੈ। ਇਸ ਨੂੰ ਇਹਦੇ ਸਹੀ ਪਰਿਪੇਖ ਵਿੱਚ ਵੇਖ ਕੇ ਹੀ ਤੁਸੀਂ ਇਸ ਦਾ ਵਿਸ਼ਲੇਸ਼ਲਣ ਕਰ ਸਕਦੇ ਹੋ। ਕਾਂਗਰਸ ਆਗੂ ਰਾਹੁਲ ਗਾਂਧੀ ਆਪਣੇ ਏਕਾਤਮਕ ਇਤਿਹਾਸ ਵੱਲੋਂ ਸਿਰਜੀਆਂ ਗਈਆਂ ਸੀਮਤਾਈਆਂ ਨੂੰ ਕਈ ਵਾਰ ਉਲੰਘਣ ਦੇ ਯਤਨ ਵਿੱਚ ਵਿਖਾਈ ਦਿੰਦਾ ਹੈ, ਪਰ ਅੰਤ ਵਿੱਚ ਆਪਣੇ ਪੈਰਾਂ ਵਿੱਚ ਪਈਆਂ ਇਤਿਹਾਸ ਦੀਆਂ ਬੇੜੀਆਂ ਨੂੰ ਕੱਟਣ ਦਾ ਸਾਹਸ ਨਹੀਂ ਕਰ ਪਾਉਂਦਾ। ਸ਼ਾਇਦ ਉਸ ਦਾ ਪਰਿਵਾਰਕ ਇਤਿਹਾਸ ਵੀ ਇਸ ਵਿੱਚ ਅੜਿੱਕਾ ਬਣ ਰਿਹਾ ਹੋਵੇ।

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦਾ ਤਾਂ ਕਰਨਾਟਕ ਅਸੈਂਬਲੀ ਵਾਲੀ ਜਿੱਤ ਰਾਹੀਂ ਹਿੰਦੁਸਤਾਨੀ ਵੋਟਰਾਂ 'ਤੇ ਕੁਝ ਅਸਰ ਵਿਖਾਈ ਦਿੱਤਾ ਸੀ, ਪਰ ਹੁਣ ਨਿਆਂ ਵਾਲੀ ਦੂਜੀ ਯਾਤਰਾ ਦਾ ਕੀ ਪ੍ਰਭਾਵ ਰਿਹਾ ਹੋਵੇਗਾ, ਇਹਦੇ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਉਂਝ ਭਾਵੇਂ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਇਸ ਯਾਤਰਾ ਦੀ ਸਫਲਤਾ ਦੀ ਹਾਮੀ ਭਰ ਰਹੇ ਹਨ। ਇਹਦੇ ਬਾਰੇ ਬਿਹਤਰ ਅਸਲ ਵਿੱਚ ਲੋਕ ਸਭਾ ਚੋਣ ਨਤੀਜਿਆਂ ਤੋਂ ਬਾਅਦ ਹੀ ਪਤਾ ਲੱਗੇਗਾ। (ਉਹ ਵੀ ਤਾਂ, ਜੇ ਈ.ਵੀ.ਐਮ. ਨੁਕਸ ਰਹਿਤ ਹੋਈਆਂ) ਉਂਝ ਤ੍ਰਿਣਮੂਲ ਕਾਂਗਰਸ, ਕਾਂਗਰਸ ਪਾਰਟੀ ਅਤੇ ਭਾਜਪਾ ਲਈ ਸਫਲ ਚੋਣ ਨੀਤੀਆਂ ਘੜਨ ਵਾਲੇ ਪ੍ਰਸ਼ਾਂਤ ਕਿਸ਼ੋਰ ਦਾ ਆਖਣਾ ਹੈ ਕਿ ਰਾਹੁਲ ਗਾਂਧੀ ਨੂੰ 'ਨਿਆਏ ਯਾਤਰਾ' ਵਾਲਾ ਛੇੜਾ ਨਹੀਂ ਸੀ ਸਹੇੜਨਾ ਚਾਹੀਦਾ। ਉਸ ਨੂੰ ਸਗੋਂ ਆਪਣੇ ਚੋਣ ਹੈਡਕੁਆਰਟਰ ਵਿੱਚ ਰਹਿ ਕੇ ਆਪਣੀ ਪਾਰਟੀ ਦੀ ਜਰਨੈਲਾਂ ਵਾਂਗ ਅਗਵਾਈ ਕਰਨੀ ਚਾਹੀਦੀ ਹੈ; ਕਿਉਂਕਿ ਭਾਜਪਾ ਆਪਣੀ ਚੋਣ ਮੁਹਿੰਮ ਨੂੰ ਜੰਗ ਵਾਂਗ ਲੜਦੀ ਹੈ। ਹੁਣ 'ਨਿਆਏ ਯਾਤਰਾ' ਤਾਂ ਖਤਮ ਹੋ ਗਈ ਹੈ ਅਤੇ ਰਾਹੁਲ ਗਾਂਧੀ ਚੋਣ ਮੁਹਿੰਮ 'ਤੇ ਫੋਕਸ ਵੀ ਕਰ ਸਕਦੇ ਹਨ, ਪਰ ਇਸ ਦਰਮਿਆਨ ਚੋਣ ਤਰੀਕਾਂ ਦਾ ਐਲਾਨ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਸਮਾਂ ਕਾਫੀ ਘੱਟ ਰਹਿ ਗਿਆ ਹੈ।

ਉਂਝ ਕਾਂਗਰਸ ਪਾਰਟੀ ਹੁਣ ਤੱਕ ਏਕਾਤਮਕ ਭਾਰਤ ਲਈ ਹੀ ਕੰਮ ਕਰਦੀ ਰਹੀ ਹੈ ਅਤੇ ਉਸੇ ਨੇ ਸਭ ਤੋਂ ਵੱਧ ਰਾਜ ਸਰਕਾਰਾਂ ਤੋੜੀਆਂ ਹੋਣਗੀਆਂ। ਹੁਣ ਧਾਰਾ 356 ਦੀ ਅਤੇ ਭਾਜਪਾ ਕੋਲ ਇਕੱਠੇ ਹੋਏ ਬੇਬਾਹ ਧਨ ਦੀ ਉਸ ਨੂੰ ਵੀ ਮਾਰ ਝੱਲਣੀ ਪੈ ਰਹੀ ਹੈ। ਭਾਜਪਾ ਹੁਣ ਉਹੋ ਜਿਹੇ ਹੀ ਤੇਵਰ ਵਿਖਾ ਰਹੀ ਹੈ, ਜਿਹੋ ਜਿਹੇ ਐਮਰਜੈਂਸੀ ਅਤੇ ਚੁਰਾਸੀਵਿਆਂ ਦੇ ਦੌਰ ਵਿੱਚ ਕਾਂਗਰਸ ਨੇ ਵਿਖਾਏ ਸਨ। ਵਿਲੱਖਣਤਾਵਾਂ ਨੂੰ ਦਰੜਦੀ ਭਾਰਤ ਦੀ ਏਕਾਤਮਕ ਰਾਜਨੀਤਿਕ ਟਰੇਨ ਜਿੱਥੇ ਕਾਂਗਰਸ ਨੇ ਛੱਡੀ ਸੀ, ਉਥੋਂ ਹੀ ਭਾਜਪਾ ਨੇ ਇਸ ਨੂੰ ਫੜ ਕੇ 'ਹਿੰਦੂ ਭਾਰਤ' ਵਾਲੇ ਰਾਹ 'ਤੇ ਤੋਰਿਆ ਹੈ। ਇਸ 'ਵੰਨ ਵੇਅ' ਦੀ ਬੇਰਹਿਮ ਡਰਾਇਵਰੀ ਭਾਵੇਂ ਅੱਗੋਂ ਕਾਂਗਰਸ ਕਰੇ ਜਾਂ ਆਮ ਆਦਮੀ ਪਾਰਟੀ, ਜੇ ਦਿਸ਼ਾ ਇਹੀ ਰਹੀ ਤਾਂ ਭਿਆਨਕ ਸਿਆਸੀ ਹਾਦਸਾ ਹੋਣਾ ਤੈਅ ਹੈ।

ਖਾਸ ਕਰਕੇ ਉਦੋਂ, ਜਦੋਂ ਇਸ ਹਾਲਤ ਵਿੱਚ ਵੀ ਕਾਂਗਰਸ ਪਾਰਟੀ ਆਪਣੀ ਰਾਜਨੀਤਿਕ ਵਿਚਾਰਧਾਰਾ ਅਤੇ ਪਹੁੰਚ ਵਿੱਚ ਕੋਈ ਤਬਦੀਲੀ ਕਰਨ ਲਈ ਤਿਆਰ ਨਹੀਂ। ਉਸ ਵਕਤ ਜਦੋਂ ਇਸ ਮੁਲਕ ਦਾ ਰਾਜਨੀਤਿਕ ਇਤਿਹਾਸ

⇒ ਬਾਕੀ ਸਫਾ 9 ਉਤੇ ਪੜ੍ਹੋ

Building a stronger community together

ਆਪਣੇ ਭਾਈਚਾਰੇ ਦਾ ਸਮਰਥਨ ਕਰਨ ਵਿੱਚ ਮੇਰੇ ਨਾਲ ਸ਼ਾਮਲ ਹੋਵੋ

Join me in supporting our community

Gur Singh 847-465-1484
482 N. Milwaukee/3, Wheeling, IL
gursingh@allstate.com

You're In Good Hands With Allstate

Allstate®
20590784

© 2023 Allstate Insurance Co. Northbrook, IL



# ਬਹੁਕੋਣੀ ਮੁਕਾਬਲਿਆਂ ਵੱਲ ਵਧ ਰਿਹਾ ਪੰਜਾਬ ਦਾ ਚੋਣ ਦ੍ਰਿਸ਼

**ਪੰਜਾਬੀ ਪਰਵਾਜ਼ ਬਿਊਰੋ**

ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸਮਝੌਤੇ ਲਈ ਚੱਲ ਰਹੀ ਗੱਲਬਾਤ ਟੁੱਟ ਜਾਣ ਕਾਰਨ ਪੰਜਾਬ ਦਾ ਚੋਣ ਦ੍ਰਿਸ਼ ਕੁਝ ਸਾਫ ਹੁੰਦਾ ਵਿਖਾਈ ਦੇ ਰਿਹਾ ਹੈ। ਅੰਦਰਲੇ ਸੂਤਰਾਂ ਤੋਂ ਛਣ ਕੇ ਆ ਰਹੀ ਜਾਣਕਾਰੀ ਅਨੁਸਾਰ ਦੋਹਾਂ ਪਾਰਟੀਆਂ ਵਿਚਕਾਰ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਟੁੱਟੀ ਹੈ। ਜਾਣਕਾਰਾਂ ਅਨੁਸਾਰ ਭਾਰਤੀ ਜਨਤਾ ਪਾਰਟੀ ਛੇ ਸੀਟਾਂ 'ਤੇ ਚੋਣ ਲੜਨ ਦੀ ਇੱਛੁਕ ਸੀ, ਜਦੋਂ ਕਿ ਅਕਾਲੀ ਦਲ ਭਾਜਪਾ ਲਈ ਸਿਰਫ ਤਿੰਨ ਸੀਟਾਂ ਛੱਡਣੀਆਂ ਚਾਹੁੰਦਾ ਸੀ। ਪਰ ਆਪਣੇ ਜਨਤਕ ਬਿਆਨਾਂ ਵਿੱਚ ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੱਲਬਾਤ ਟੁੱਟਣ ਦੇ ਆਪੋ-ਆਪਣੇ ਕਾਰਨ ਦੱਸੇ ਹਨ। ਸੁਨੀਲ ਜਾਖੜ ਨੇ ਕਿਹਾ ਹੈ ਕਿ ਇਹ ਫੈਸਲਾ ਪਾਰਟੀ ਆਗੂਆਂ, ਵਰਕਰਾਂ ਅਤੇ ਲੋਕਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਇਹ ਫੈਸਲਾ ਲੈਂਦਿਆਂ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਹੈ।

ਦੂਜੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇਸ ਸਬੰਧ ਵਿੱਚ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਅਕਾਲੀ ਦਲ ਸੰਘਰਸ਼ਾਂ ਵਿੱਚੋਂ ਜਨਮੀ ਪੰਥਕ ਪਾਰਟੀ ਹੈ, ਜੀਹਦੇ ਲਈ ਸੀਟਾਂ ਦੇ ਅੰਕੜਿਆਂ ਦੀ ਖੇਡ ਨਾਲੋਂ ਪੰਜਾਬ ਅਤੇ ਪੰਥ ਦੇ ਹਿੱਤ ਵਧੇਰੇ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੀ ਕੋਰ ਕਮੇਟੀ ਨੇ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਅਕਾਲੀ ਦਲ ਲਈ ਸਿਧਾਂਤ ਸਿਆਸਤ ਤੋਂ ਉਪਰ ਹਨ। ਉਨ੍ਹਾਂ ਆਖਿਆ ਕੇ ਸਾਨੂੰ ਦਿੱਲੀ ਤੋਂ ਨਹੀਂ ਚਲਾਇਆ ਜਾਂਦਾ। ਅਸੀਂ ਪੰਜਾਬ ਦੇ ਖੇਤਾਂ ਤੋਂ ਚਲਦੇ ਹਾਂ। ਉਨ੍ਹਾਂ ਨੇ ਆਪਣੇ ਖੇਤਰੀ ਸਰੂਪ 'ਤੇ ਮਾਣ ਕਰਦਿਆਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਦੇ ਰਹਿਣ ਦਾ ਵੀ ਅਹਿਦ ਕੀਤਾ ਹੈ।

ਯਾਦ ਰਹੇ, ਇਸ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਵੀ ਅਤੇ ਅਕਾਲੀ ਦਲ ਦੀ ਲੀਡਰਸ਼ਿੱਪ ਵੀ, ਦੋਹਾਂ ਪਾਰਟੀਆਂ ਵਿਚਕਾਰ ਸਮਝੌਤੇ ਦੀ ਗੱਲ ਕਰਦੀ ਰਹੀ ਹੈ। ਖਾਸ ਕਰਕੇ ਸਵਰਗੀ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ ਮੌਕੇ ਅਕਾਲੀ ਆਗੂਆਂ ਅਤੇ ਸੁਨੀਲ ਜਾਖੜ ਨੇ ਇਸ ਦੀ ਜ਼ੋਰਦਾਰ ਵਕਾਲਤ ਕੀਤੀ ਸੀ। ਪਿਛਲੇ ਕੁਝ ਸਾਲਾਂ ਵਿੱਚ ਅਕਾਲੀ ਦਲ ਦੇ ਆਪਣੇ ਜਨਤਕ ਧੁਰੇ ਤੋਂ ਹਿੱਲ ਜਾਣ ਕਾਰਨ ਅਤੇ ਸਿੱਟੇ ਵਜੋਂ ਚੋਣ ਗਣਿੱਤ ਵਿੱਚ ਪਛੜ ਜਾਣ ਕਾਰਨ, ਭਾਜਪਾ ਇਸ ਵਾਰ ਪੰਜਾਬ ਵਿੱਚ ਆਪਣਾ ਹਿੱਸਾ ਵੱਡਾ ਕਰਨ ਦੀ ਇਛੁੱਕ ਹੈ; ਜਦਕਿ ਅਕਾਲੀ ਦਲ ਆਪਣੀ ਖੁੱਸੀ ਜ਼ਮੀਨ ਹਾਸਲ ਕਰਨੀ ਚਾਹੁੰਦਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਅਕਾਲੀ ਦਲ ਪੰਜਾਬ ਨਾਲ ਸਬੰਧਤ ਕੁਝ ਮੁੱਦੇ ਜਿਵੇਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨ ਮਸਲਿਆਂ ਨੂੰ ਹੱਲ ਕਰਨ ਲਈ ਵੀ ਜ਼ੋਰ ਪਾ ਰਿਹਾ ਸੀ।

ਯਾਦ ਰਹੇ, ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਨਵੇਂ ਕਿਸਾਨ ਸੰਘਰਸ਼ ਨੇ ਪੰਜਾਬ ਸਿਆਸਤ ਨੂੰ ਗਹਿਰੇ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਅਕਾਲੀ ਦਲ ਨੇ ਪਹਿਲੇ ਕਿਸਾਨੀ (ਦਿੱਲੀ ਵਾਲੇ) ਸੰਘਰਸ਼ ਵੇਲੇ ਐਨ.ਡੀ.ਏ. ਨਾਲੋਂ ਨਾਤਾ ਤੋੜ ਲਿਆ ਸੀ ਅਤੇ ਹਰਸਿਮਰਤ ਕੌਰ ਬਾਦਲ ਨੇ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ। ਹਾਲ ਹੀ ਵਿੱਚ ਦੂਜੇ ਕਿਸਾਨ ਸੰਘਰਸ਼ 'ਤੇ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਕੀਤੇ ਗਏ ਜਬਰ ਨੇ ਅਕਾਲੀ ਦਲ ਨੂੰ ਭਾਜਪਾ ਦੇ ਨੇੜੇ ਲੱਗਣ ਤੋਂ ਰੋਕ ਦਿੱਤਾ ਹੈ। ਇਸ ਤੋਂ ਇਲਾਵਾ ਅਕਾਲੀ ਦਲ ਦਾ ਮੁੱਖ ਆਧਾਰ ਕਿਉਂਕਿ ਕਿਸਾਨੀ ਹੀ ਹੈ, ਇਸ ਲਈ ਭਾਜਪਾ ਨਾਲ ਸਮਝੌਤੇ ਕਾਰਨ ਉਸ ਦਾ ਪਹਿਲਾਂ ਹੀ ਸੁੰਗੜਿਆ ਆਧਾਰ ਹੋਰ ਸੁੰਗੜ ਸਕਦਾ ਹੈ। ਪਾਰਟੀ ਚੋਣਾਂ ਵਿੱਚ ਕੁਝ ਸੀਟਾਂ ਜਿੱਤ ਕੇ ਵੀ ਆਪਣਾ ਆਧਾਰ ਗੁਆਉਣ ਵੱਲ ਤੁਰ ਸਕਦੀ ਹੈ। ਇਸ ਹਾਲਤ ਵਿੱਚ ਆਪਣੇ ਆਪ ਨੂੰ ਮੁੜ-ਸੰਗਠਿਤ ਕਰ ਰਹੇ ਅਕਾਲੀ ਦਲ ਦਾ ਭਾਜਪਾ ਨਾਲ ਚੋਣ ਸਮਝੌਤੇ ਵਿੱਚ ਨਾ ਪੈਣ ਦਾ ਫੈਸਲਾ ਸਿੱਖ ਹਲਕਿਆਂ ਵੱਲੋਂ ਹਾਂ-ਮੁਖੀ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਇਸ ਨਾਲ ਸਮੁੱਚੇ ਤੌਰ 'ਤੇ ਪੰਜਾਬ ਦੀ ਖੇਤਰੀ ਸਿਆਸਤ ਦੇ ਲੀਹ 'ਤੇ ਆਉਣ ਦੇ ਵੀ ਮੌਕੇ ਬਣ ਸਕਦੇ ਹਨ। ਬਸ਼ਰਤੇ ਅਕਾਲੀ ਦਲ ਸਿੱਖ ਪੰਥ ਅਤੇ ਪੰਜਾਬ ਨਾਲ ਜੁੜੇ ਮਸਲਿਆਂ ਨੂੰ ਹੱਲ ਕਰਵਾਉਣ ਦੀ ਸਿਆਸਤ ਨੂੰ ਆਪਣੇ ਆਧਾਰ ਨੂੰ ਮੁੜ ਸੁਰਜੀਤ ਕਰਨ ਦੇ ਪੈਂਤੜੇ ਦੇ ਤੌਰ 'ਤੇ ਅੱਗੇ ਵਧਾਵੇ।

ਉਧਰ ਕਾਂਗਰਸ ਪਾਰਟੀ ਦੀ ਕੌਮੀ ਲੀਡਰਸ਼ਿਪ ਭਾਵੇਂ 'ਇੰਡੀਆ' ਗੱਠਜੋੜ ਰਾਹੀਂ ਆਮ ਆਦਮੀ ਪਾਰਟੀ ਨਾਲ ਗੱਠਜੋੜ ਵਿੱਚ ਹੈ ਅਤੇ ਦੋਨੋਂ ਪਾਰਟੀਆਂ ਦਿੱਲੀ ਵਿੱਚ ਸਾਂਝੇ ਤੌਰ 'ਤੇ ਚੋਣ ਵੀ ਲੜਨ ਜਾ ਰਹੀਆਂ ਹਨ, ਪਰ ਪੰਜਾਬ ਵਿੱਚ ਇਨ੍ਹਾਂ ਦੋਹਾਂ ਧਿਰਾਂ ਦਾ ਕੋਈ ਗੱਠਜੋੜ ਥਹਿ ਸਿਰ ਬੈਠਦਾ ਵਿਖਾਈ ਨਹੀਂ ਦੇ ਰਿਹਾ। ਇੱਥੋਂ ਤੱਕ ਕਿ ਸੁਖਪਾਲ ਸਿੰਘ ਖਹਿਰਾ ਜਿਹੇ ਕੁਝ ਆਗੂਆਂ ਵੱਲੋਂ ਤਾਂ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਸੰਤੁਸ਼ਟੀ ਵੀ ਜਾਹਰ ਕੀਤੀ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਦੇ ਕੇਸ ਵਿੱਚ ਗ੍ਰਿਫਤਾਰੀ ਵੀ ਕੀਤੀ ਜਾ ਚੁੱਕੀ ਹੈ। ਉਹ ਹੁਣ ਜ਼ਮਾਨਤ 'ਤੇ ਬਾਹਰ ਆਏ ਹਨ। ਜੇਲ੍ਹੋਂ ਬਾਹਰ ਆਉਣ ਪਿਛੋਂ ਵੀ ਸੁਖਪਾਲ ਸਿੰਘ ਖਹਿਰਾ ਅਤੇ ਭਗਵੰਤ ਮਾਨ ਵਿਚਕਾਰ ਇੱਕ ਬਿਆਨਬਾਜ਼ੀ ਹੁੰਦੀ ਰਹੀ ਹੈ।

ਇਸ ਤੋਂ ਇਲਾਵਾ ਪੰਜਾਬ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਦੋਹਾਂ ਪਾਰਟੀਆਂ ਵਿਚਕਾਰ ਸਮਝੌਤੇ ਦਾ ਜਨਤਕ ਰੂਪ ਵਿੱਚ ਵਿਰੋਧ ਕਰਦੇ ਰਹੇ ਹਨ। ਪੰਜਾਬ ਕਾਂਗਰਸ ਦੀ ਲੀਡਰਸ਼ਿੱਪ ਅਨੁਸਾਰ ਜੇ ਦੋਹਾਂ ਪਾਰਟੀਆਂ ਵਿਚਕਾਰ ਲੋਕ ਸਭਾ ਚੋਣਾਂ ਨੂੰ ਲੈ ਕੇ ਸਮਝੌਤਾ ਹੋ ਜਾਂਦਾ ਹੈ ਤਾਂ ਕਾਂਗਰਸ ਪਾਰਟੀ ਨੂੰ ਇਸ ਦਾ ਨੁਕਸਾਨ ਹੋਵੇਗਾ। ਸੱਤਾ ਵਿੱਚ ਹੋਣ ਕਾਰਨ ਆਮ ਆਦਮੀ ਪਾਰਟੀ ਇਸ ਦਾ ਫਾਇਦਾ ਚੁੱਕੇਗੀ। ਫਿਰ ਵੀ, ਕਾਂਗਰਸ ਹਾਈਕਮਾਂਡ ਅਤੇ ਪੰਜਾਬ ਕਾਂਗਰਸ ਨੇ ਲੋਕ ਸਭਾ ਚੋਣਾਂ ਵਿੱਚ ਆਪਸੀ ਗੱਠਜੋੜ ਕਰਨ ਜਾਂ ਨਾ ਕਰਨ ਬਾਰੇ ਹਾਲੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ। ਜੇ ਇਹ ਸਮਝੌਤਾ ਵੀ ਨਹੀਂ ਹੁੰਦਾ ਤਾਂ ਪੰਜਾਬ ਵਿੱਚ ਲੋਕ ਸਭਾ ਮੁਕਾਬਲਾ ਚਾਰ ਕੋਣਾ ਹੋਏਗਾ। ਜੇ ਸਹੀ ਕਹੀਏ ਤਾਂ ਇਹ ਪੰਜ ਕੋਣਾ ਵੀ ਹੋ ਸਕਦਾ ਹੈ, ਕਿਉਂਕਿ ਬਹੁਜਨ ਸਮਾਜ ਪਾਰਟੀ ਨਾਲ ਵੀ ਅਕਾਲੀ ਦਲ (ਬਾਦਲ) ਦਾ ਸਮਝੌਤਾ ਟੁੱਟ ਚੁੱਕਾ ਹੈ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਆਜ਼ਾਦ ਉਮੀਦਵਾਰ ਵੀ ਕਾਫੀ ਵੋਟਾਂ ਲੈ ਸਕਦੇ ਹਨ।

ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੋਹਾਂ ਪਾਰਟੀਆਂ ਨੇ ਸਮਝੌਤੇ ਅਧੀਨ ਲੜੀਆਂ ਸਨ, ਜਿਸ ਵਿੱਚ ਅਕਾਲੀ ਦਲ ਨੂੰ ਪੰਜਾਬ ਅਸੈਂਬਲੀ ਵਿੱਚ ਤਿੰਨ ਅਤੇ ਬੀ.ਐਸ.ਪੀ. ਨੂੰ ਇੱਕ ਸੀਟ ਮਿਲੀ ਸੀ। 92 ਸੀਟਾਂ ਆਮ ਆਦਮੀ ਪਾਰਟੀ ਹੂੰਝਾ ਫੇਰ ਕੇ ਲੈ ਗਈ ਸੀ। ਕਾਂਗਰਸ ਪਾਰਟੀ ਨੂੰ 16 ਸੀਟਾਂ ਮਿਲੀਆਂ ਸਨ ਤੇ ਦੋ ਆਜ਼ਾਦ ਜਿੱਤੇ ਸਨ। ਜਿੱਥੋਂ ਤੱਕ ਲੋਕ ਸਭਾ ਚੋਣਾਂ ਦਾ ਸਵਾਲ ਹੈ, 2019 ਦੀ ਲੋਕ ਸਭਾ ਚੋਣ ਵਿੱਚ ਕਾਂਗਰਸ ਪਾਰਟੀ ਨੇ ਅੱਠ ਸੀਟਾਂ ਜਿੱਤੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਲੁਧਿਆਣਾ ਲੋਕ ਸਭਾ ਸੀਟ ਤੋਂ ਕਾਂਗਰਸ ਪਾਰਟੀ ਲਈ ਜਿੱਤਣ ਵਾਲੇ ਰਵਨੀਤ ਸਿੰਘ ਬਿੱਟੂ ਵੀ ਸ਼ਾਮਲ ਸਨ, ਜਿਹੜੇ ਹੁਣ ਭਾਰਤੀ ਜਨਤਾ ਪਾਰਟੀ ਵਿੱਚ ਚਲੇ ਗਏ ਹਨ। ਇਸ ਲਈ ਹੁਣ ਕਾਂਗਰਸ ਦੇ ਪਾਰਲੀਮੈਂਟ ਵਿੱਚ 7 ਸਿਟਿੰਗ ਐਮ.ਪੀ. ਹਨ। ਭਾਰਤੀ ਜਨਤਾ ਪਾਰਟੀ ਦੇ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਤੋਂ ਦੋ ਮੈਂਬਰ ਪਾਰਲੀਮੈਂਟ ਹਨ। ਅਕਾਲੀ ਦਲ ਵੱਲੋਂ ਵੀ ਸੁਖਬੀਰ ਬਾਦਲ ਅਤੇ ਹਰਸਿਮਰਤ ਕੌਰ, ਦੋ ਲੋਕ ਸਭਾ ਮੈਂਬਰ ਹਨ। ਅਕਾਲੀ ਦਲ (ਅੰਮ੍ਰਿਤਸਰ) ਅਤੇ 'ਆਪ' ਵੱਲੋਂ ਇੱਕ-ਇੱਕ ਮੈਂਬਰ ਲੋਕ ਸਭਾ ਵਿੱਚ ਹੈ। ਇਸ ਹਿਸਾਬ ਨਾਲ ਕਾਂਗਰਸ ਪਾਰਟੀ ਦੀ ਪੰਜਾਬ ਅਸੈਂਬਲੀ ਦੇ ਨਾਲ-ਨਾਲ ਲੋਕ ਸਭਾ ਵਿੱਚ ਵੀ ਬਿਹਤਰ ਸਥਿਤੀ ਵਿੱਚ ਹੈ। ਕਾਂਗਰਸ ਆਪਣੀ ਪਿਛਲੀ ਲੋਕ ਸਭਾ ਵਾਲੀ ਕਾਰਗੁਜ਼ਾਰੀ ਨੂੰ ਦੁਹਰਾਉਣਾ ਚਾਹੇਗੀ। 'ਆਪ' ਨੇ ਪੰਜਾਬ ਦੀਆਂ ਅੱਠ ਸੀਟਾਂ 'ਤੇ ਆਪਣੇ ਉਮੀਦਵਾਰ ਐਲਾਨ ਕੇ ਆਪਣੇ ਮਨਸ਼ੇ ਜਾਹਰ ਕਰ ਦਿੱਤੇ ਹਨ। 'ਆਪ' ਪੰਜਾਬ ਵਿੱਚ ਕਾਂਗਰਸ ਨਾਲ ਗੱਠਜੋੜ ਵਿੱਚ ਭਾਰੂ ਹੈਸੀਅਤ ਵਿੱਚ ਰਹਿਣਾ ਚਾਹੁੰਦੀ ਹੈ, ਪਰ ਪਿਛਲੀ ਲੋਕ ਸਭਾ ਦੀ ਸਟਰੈਂਥ ਦੇ ਹਿਸਾਬ ਨਾਲ ਕਾਂਗਰਸ ਨੂੰ ਇਹ ਅਨੁਪਾਤ ਸ਼ਾਇਦ ਹੀ ਮਨਜ਼ੂਰ ਹੋਵੇ। ਇੰਝ ਪੰਜਾਬ ਦਾ ਚੋਣ ਦ੍ਰਿਸ਼ ਬਹੁਕੋਣੀ ਮੁਕਾਬਲਿਆਂ ਵੱਲ ਵਧਦਾ ਵਿਖਾਈ ਦੇ ਰਿਹਾ ਹੈ।

ਨਵੀਂ ਹਾਲਤ 'ਚ ਇਹ ਸਵਾਲ ਵੀ ਉਭਰ ਸਕਦਾ ਹੈ ਕਿ ਕੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਮੁੜ ਕਰੇਗਾ ਜਾਂ ਇਕੱਲਿਆਂ ਚੋਣ ਮੈਦਾਨ ਵਿੱਚ ਉਤਰੇਗਾ? ਪੰਜਾਬ ਦੀਆਂ ਚੋਣ ਤਰੀਕਾਂ ਦੂਰ ਹਨ। ਕੁਝ ਵੀ ਹੋ ਸਕਦਾ ਹੈ, ਪਰ ਹਾਲ ਦੀ ਘੜੀ ਅਕਾਲੀ ਦਲ ਨੇ ਇਕੱਲਿਆਂ ਚੋਣ ਮੈਦਾਨ ਵਿੱਚ ਜਾਣ ਦਾ ਫੈਸਲਾ ਕਰ ਲਿਆ ਹੈ। ਢੀਂਡਸਾ ਗਰੁੱਪ ਦੇ ਅਕਾਲੀ ਦਲ ਵਿੱਚ ਪਰਤ ਆਉਣ ਅਤੇ ਕੁਝ ਰੁੱਸੇ ਹੋਏ ਅਕਾਲੀ ਆਗੂਆਂ ਦੇ ਪਾਰਟੀ ਸਫਾਂ ਵੱਲ ਪਰਤ ਆਉਣ ਨਾਲ ਇਸ ਪਾਰਟੀ ਨੂੰ ਇੱਕ ਹੁਲਾਰਾ ਜ਼ਰੂਰ ਮਿਲਿਆ ਹੈ। ਆਪਣੇ ਆਪ ਨੂੰ ਮੁੜ ਸੰਗਠਿਤ ਕਰਦਿਆਂ ਹੁਣ ਅਕਾਲੀ ਦਲ ਆਪਣੇ ਕੋਰ ਵੋਟ ਆਧਾਰ ਵੱਲ ਵੀ ਮੁੜਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਨਵੀਂ ਅਕਾਲੀ ਲੀਡਰਸ਼ਿਪ ਵਿੱਚ ਕਿਸੇ ਪਾਰਟੀ, ਖਾਸ ਕਰਕੇ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦੇਣ ਦੀ ਰੁਚੀ ਉਪਰ ਵੀ ਨੱਕਾ ਲਗਦਾ ਵਿਖਾਈ ਦਿੰਦਾ ਹੈ। ਇਹ ਇੱਕ ਸਿਹਤਮੰਦ ਰੁਝਾਨ ਹੈ। ਸਿਆਸਤ ਵਿੱਚ ਕੁਝ ਵੀ ਬਿਨਾ ਸ਼ਰਤ ਨਹੀਂ ਹੁੰਦਾ। ਹਰ ਰਾਜਨੀਤਿਕ ਪਾਰਟੀ ਕਿਸੇ ਨਾ ਕਿਸੇ ਤਬਕੇ ਦੀ ਨੁਮਾਇੰਦਗੀ ਕਰ ਰਹੀ ਹੁੰਦੀ ਹੈ। ਇਸ ਲਈ ਆਪਣੇ ਜਨਤਕ ਆਧਾਰ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਕੋਈ ਵੀ ਪਾਰਟੀ ਚਿਰ ਸਥਾਈ ਹੋਂਦ ਕਾਇਮ ਨਹੀਂ ਰੱਖ ਸਕਦੀ ਅਤੇ ਨਾ ਹੀ ਦੇਰ ਤੱਕ ਸੱਤਾ ਵਿੱਚ ਰਹਿ ਸਕਦੀ ਹੈ।




Hiring Local & Midwest Drivers and Dedicated Lanes & Owner Operators

NT corp

4800 Vernon Ave, Ste. C, McCook, IL 60525

Ph: 847-562-5860 ext. 1003

Fax: 847-897-2660

Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES



ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com

www.hampshiretires.com

# ਆਰਥਕ ਪਾੜੇ, ਪ੍ਰਦੂਸ਼ਣ, ਨਾਖੁਸ਼ੀ ਅਤੇ ਕੁਦਰਤੀ ਆਫਤਾਂ ਦੀ ਮਾਰ

**ਜੇ. ਐਸ. ਮਾਂਗਟ**

ਹਾਲ ਹੀ ਮੀਡੀਆ ਵਿੱਚ ਪ੍ਰਕਾਸ਼ਿਤ ਹੋਈਆਂ ਦੋ ਰਿਪੋਰਟਾਂ ’ਚ ਇਹ ਤੱਥ ਸਾਹਮਣੇ ਆਏ ਹਨ ਕਿ ਹਿੰਦੁਸਤਾਨ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਮੁਲਕਾਂ ਵਿੱਚੋਂ ਇੱਕ ਹੈ। ਇਸ ਦੇ ਨਾਲ ਹੀ ਇੱਕ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਭਾਰਤ ਚੋਟੀ ਦੇ ਨਾਖੁਸ਼ ਮੁਲਕਾਂ ਵਿੱਚੋਂ ਇੱਕ ਹੈ; ਜਦਕਿ ਫਿਨਲੈਂਡ, ਨਾਰਵੇ ਅਤੇ ਸਵੀਡਨ ਜਿਹੇ ਮੁਲਕ ਚੋਟੀ ਦੇ ਖੁਸ਼ਤਬੀਅਤ ਮੁਲਕਾਂ ਵਿੱਚ ਸ਼ਾਮਲ ਹਨ।

ਪ੍ਰਦੂਸ਼ਣ ਦੇ ਮਾਮਲੇ ਵਿੱਚ ਹਿੰਦੋਸਤਾਨ ਦੇ ਝੰਡੇ ਝੂਲਣ ਲੱਗੇ ਹਨ। ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਮੁਲਕਾਂ ਵਿੱਚੋਂ ਭਾਰਤ ਦਾ ਨੰਬਰ ਤੀਜਾ ਹੈ। ਇਸ ਤੋਂ ਪਹਿਲਾਂ ਦੱਖਣੀ ਏਸ਼ੀਆ ਦੇ ਦੋ ਹੋਰ ਮੁਲਕ- ਬੰਗਲਾ ਦੇਸ਼ ਅਤੇ ਪਾਕਿਸਤਾਨ ਹੀ ਹਨ। ਕਿਸੇ ਵਕਤ ਇਹ ਦੋਵੇਂ ਮੁਲਕ ਵੀ ਹਿੰਦੁਸਤਾਨ ਦਾ ਹੀ ਹਿੱਸਾ ਰਹੇ ਹਨ। ਇਸ ਤੋਂ ਇਲਾਵਾ ਦੁਨੀਆਂ ਦੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਭਾਰਤ ਇੱਕ ਨੰਬਰ ‘ਤੇ ਹੈ। ਬਿਹਾਰ ਦਾ ਸ਼ਹਿਰ ਬੇਗੂਸਰਾਏ ਦੁਨੀਆਂ ਦਾ ਸਭ ਵੱਧ ਪ੍ਰਦੂਸ਼ਿਤ ਸ਼ਹਿਰ ਹੈ। ਇਸ ਤੋਂ ਇਲਾਵਾ ਇਸ ਦੇਸ਼ ਦੇ ਕੁੱਲ 42 ਸ਼ਹਿਰ ਦੁਨੀਆਂ ਦੇ ਸਭ ਤੋਂ ਵਧੇਰੇ ਪ੍ਰਦੂਸ਼ਿਤ 50 ਸ਼ਹਿਰਾਂ ਵਿੱਚ ਆਉਂਦੇ ਹਨ। ਸ਼ਹਿਰਾਂ ਦੀ ਹਵਾ ਦੇ ਪ੍ਰਦੂਸ਼ਣ ਦੀ ਘਣਤਾ ਦੇ ਮਾਮਲੇ ਵਿੱਚ ਸਵਿਟਜ਼ਰਲੈਂਡ ਦੀ ਇੱਕ ਸੰਸਥਾ ਆਈ.ਕਿਊ.ਏ.ਆਰ. ਵੱਲੋਂ ਇਸ ਸਬੰਧ ਵਿੱਚ ਸਰਵੇ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਮੁਤਾਬਕ ਭਾਰਤ ਦੇ ਹਵਾ ਪ੍ਰਦੂਸ਼ਣ ਦਾ ਪੱਧਰ 54.4 ਮਾਈਕਰੋਗਰਾਮ (2.5 ਪੀ.ਐਮ.) ਪ੍ਰਤੀ ਘਣ ਮੀਟਰ ਹੈ। ਇਹ ਹਵਾ ਪ੍ਰਦੂਸ਼ਣ ਵਿਸ਼ਵ ਸਿਹਤ ਸੰਸਥਾ ਵੱਲੋਂ ਤੈਅ 5 ਮਾਈਕਰੋਗਰਾਮ ਪ੍ਰਤੀ ਘਣ ਮੀਟਰ ਤੋਂ 10 ਗੁਣਾ ਜ਼ਿਆਦਾ ਹੈ। ਇਸ ਦੇ ਨਾਲ ਹੀ ਦੇਸ਼ ਦੀ ਰਾਜਧਾਨੀ ਦਿੱਲੀ ਦੀ ਤਸਵੀਰ ਵੀ ਬਹੁਤੀ ਚੰਗੀ ਨਹੀਂ ਹੈ। ਇਹ ਸ਼ਹਿਰ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਮੁਲਕਾਂ ਵਿੱਚ ਤੀਜੇ ਨੰਬਰ ‘ਤੇ ਹੈ। ਰਾਜਧਾਨੀ ਦਿੱਲੀ ਨੇ ਪਿਛਲੇ ਚਾਰ ਸਾਲਾਂ ਦੌਰਾਨ ਆਪਣਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੋਣ ਦਾ ਦਰਜਾ ਬਰਕਰਾਰ ਰੱਖਿਆ ਹੈ। ਹਿੰਦੁਸਤਾਨ ਦੇ 15 ਸ਼ਹਿਰ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਲਿਸਟ ਵਿੱਚ ਚੋਟੀ ‘ਤੇ ਹਨ। ਇਸ ਦਾ ਸਿੱਟਾ ਇਹ ਹੈ ਕਿ ਭਾਰਤ ਦੀਆਂ ਕੁੱਲ ਮੌਤਾਂ ਵਿੱਚੋਂ ਹਰ ਨੌਵੇਂ ਵਿਅਕਤੀ ਦੀ ਮੌਤ ਹਵਾ ਪ੍ਰਦੂਸ਼ਣ ਨਾਲ ਹੁੰਦੀ ਹੈ।

ਇੱਕ ਪਾਸੇ ਤਾਂ ਇਸ ਕਿਸਮ ਦਾ ਹਵਾ ਪ੍ਰਦੂਸ਼ਣ ਨਵੀਂ ਕਿਸਮ ਦੀਆਂ ਖਤਰਨਾਕ ਬਿਮਾਰੀਆਂ ਨੂੰ ਪੈਦਾ ਕਰ ਸਕਦਾ ਹੈ, ਦੂਜੇ ਪਾਸੇ ਪਹਿਲਾਂ ਹੀ ਮੌਜੂਦ ਫੇਫੜਿਆਂ, ਸਾਹ, ਦਿਲ ਅਤੇ ਦਿਮਾਗ ਦੀਆਂ ਬਿਮਾਰੀਆਂ ਨੂੰ ਵਧਾ ਦਿੰਦਾ ਹੈ। ਕਈ ਨਿਆਇਕ ਹਦਾਇਤਾਂ ਵਿੱਚ ਸਾਫ ਸੁਥਰੀ ਹਵਾ ਨੂੰ ਮਨੁੱਖ ਦੇ ਬੁਨਿਆਦੀ ਅਧਿਕਾਰ ਦਾ ਦਰਜਾ ਦਿੱਤਾ ਗਿਆ ਹੈ ਅਤੇ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ; ਪਰ ਜਿਵੇਂ ਕਿ ਹੋਰ ਮਾਮਲਿਆਂ ਵਿੱਚ ਵੀ ਸਾਡੇ ਇੱਥੇ ਹੁੰਦਾ ਹੈ, ਸਥਿਤੀ ਹਰ ਆਏ ਸਾਲ ਵਿਗੜ ਰਹੀ ਹੈ। ਇਸ ਤੋਂ ਪਹਿਲਾਂ ਰਾਜਧਾਨੀ ਦਿੱਲੀ ਵੀ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੋਣ ਦਾ ਨਾਮਣ ਖੱਟ ਚੁੱਕਾ ਹੈ।

**ਹਿੰਦੁਸਤਾਨ ਦੀ ਜਵਾਨੀ ਸਭ ਤੋਂ ਵੱਧ ਨਿਰਾਸ਼**

ਵਰਲਡ ਮੈਟਿਰੋਲੋਜਿਕਲ ਸੰਸਥਾ (ਮੌਸਮੀ ਤਾਪਮਾਨ ਬਾਰੇ ਸੰਸਾਰ ਸੰਸਥਾ) ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ 2023 ਵਿੱਚ ਤਾਪਮਾਨ ਪੱਧਰ 1.5 ਡਿਗਰੀ ਸੈਲਸੀਅਸ ਤੋਂ 1.45 ਡਿਗਰੀ ਸੈਲਸੀਅਸ ਵਧ ਗਿਆ ਹੈ। ਯਾਦ ਰਹੇ, ਪੈਰਿਸ ਐਗਰੀਮੈਂਟ ਵਿੱਚ ਸੰਸਾਰ ਭਰ ਦੇ ਮੁਲਕਾਂ ਵੱਲੋਂ ਧਰਤੀ ਦੇ ਤਾਮਮਾਨ ਦਾ ਵਾਧਾ ਪੂਰਬ ਸਨਅਤੀ ਯੁਗ ਦੇ ਮੁਕਾਬਲੇ 1.5 ਡਿਗਰੀ ਸੈਲਸੀਅਸ ਤੱਕ ਰੋਕਣ ਦਾ ਅਹਿਦ ਕੀਤਾ ਗਿਆ ਸੀ। ਤਾਪਮਾਨ ਦੇ ਇਸ ਪੱਧਰ ਤੱਕ ਵਧਣ ਦੇ ਅੰਦਾਜ਼ੇ ਸਾਲ 2047 ਤੱਕ ਲਗਾਏ ਜਾ ਰਹੇ ਸਨ, ਪਰ 2023 ਵਿੱਚ ਹੀ ਤਾਪਮਾਨ ਇਸ ਪੱਧਰ ਨੂੰ ਛੋਹ ਗਿਆ ਹੈ। ਗਲੋਬਲ ਤਾਪਮਾਨ ਬਾਰੇ ਸੰਸਾਰ ਸੰਸਥਾ ਅਨੁਸਾਰ ਧਰਤੀ ਦੇ ਤਾਪਮਾਨ ਦੇ ਵਧਣ ਦੀ ਗਤੀ ਬਹੁਤ ਤੇਜ਼ ਹੋ ਗਈ ਹੈ। ਹਵਾ ਪ੍ਰਦੂਸ਼ਣ ਹੀ ਧਰਤੀ ਦਾ ਤਾਪਮਾਨ ਵਧਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਹਵਾ ਪ੍ਰਦੂਸ਼ਣ ਵਿੱਚ ਫੈਕਟਰੀਆਂ, ਵਾਹਨਾਂ, ਪਸ਼ੂ ਪਾਲਣ ਅਤੇ ਖੇਤੀ ਰਹਿੰਦ ਖੂੰਹਦ ਨੂੰ ਸਾੜਨ ਵਿੱਚੋਂ ਪੈਦਾ ਹੁੰਦੀਆਂ ਗੈਸਾਂ ਧਰਤੀ ਦੇ ਤਾਪਮਾਨ ਨੂੰ ਤੇਜ਼ੀ ਨਾਲ ਵਧਾ ਰਹੀਆਂ ਹਨ। ਇਨ੍ਹਾਂ ਵਿੱਚ ਕਾਰਬਨਡਾਈਆਕਸਾਈਡ, ਮੀਥੇਨ ਅਤੇ ਨਾਈਟ੍ਰਸ ਆਕਸਾਈਡ ਜਿਹੀਆਂ ਗੈਸਾਂ ਸ਼ਾਮਲ ਹਨ। ਕਾਰਬਨਡਾਈਆਕਸਾਈਡ ਅਤੇ ਟਾਈਟ੍ਰਸ ਆਕਸਾਈਡ ਦਾ ਪ੍ਰਮੁੱਖ ਸਰੋਤ ਫੈਕਟਰੀਆਂ, ਥਰਮਲ ਪਲਾਂਟ ਅਤੇ ਵਾਹਨ ਹਨ, ਜਦਕਿ ਮੀਥੇਨ ਗੈਸ ਪਸ਼ੂ-ਪਾਲਣ ਦੇ ਧੰਦੇ ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ।

ਉਪਰੋਕਤ ਸੰਸਥਾ ਦੀ ਰਿਪੋਰਟ ਅਨੁਸਾਰ 2022 ਵਿੱਚ ਨਾਈਟ੍ਰਸ ਆਕਸਾਈਡ ਗੈਸ ਦੇ ਖਾਰਜ ਹੋਣ ਵਿੱਚ ਰਿਕਾਰਡ ਵਾਧਾ ਹੋਇਆ ਹੈ, ਜਦਕਿ ਪੂਰਬ ਸਨਅਤੀ ਯੁੱਗ ਦੇ ਮੁਕਾਬਲੇ ਕਾਰਬਨਡਾਈਆਕਸਾਈਡ 50 ਫੀਸਦੀ ਵਧ ਗਈ ਹੈ। ਡਬਲਿਊ.ਐਮ.ਐਸ. ਅਨੁਸਾਰ ਇਸ ਦਾ ਸਿੱਟਾ ਇਹ ਨਿਕਲੇਗਾ ਕਿ ਆਉਣ ਵਾਲੇ ਸਮੇਂ ਵਿੱਚ ਤਾਪਮਾਨ ਲਗਾਤਾਰ ਵਧੇਗਾ। ਇਸ ਸਾਲ ਇਸੇ ਮਹੀਨੇ (ਮਾਰਚ) ਦੇ ਦੂਜੇ ਅੱਧ ਵਿੱਚ ਤਾਪਮਾਨ ਦੇ ਤੇਜ਼ੀ ਨਾਲ ਵਧਣ ਦੀਆਂ ਭਵਿੱਖਵਾਣੀਆਂ ਵੀ ਮੌਸਮ ਵਿਭਾਗ ਵੱਲੋਂ ਕੀਤੀਆਂ ਗਈਆਂ ਹਨ।

ਗਲੋਬਲ ਤਾਪਮਾਨ ਬਾਰੇ ਸੰਸਾਰ ਸੰਸਥਾ (ਡਬਲਿਊ.ਐਮ.ਐਸ.) ਅਨੁਸਾਰ ਤਾਪਮਾਨ ਦਾ ਵਾਧਾ ਇਕੱਲਾ ਨਹੀਂ ਆਏਗਾ, ਸਗੋਂ ਇਹ ਆਪਣੇ ਨਾਲ ਬਹੁਤ ਸਾਰੀਆਂ ਮੌਸਮੀ ਮਾਰਾਂ (ਐਕਸਟਰੀਮ ਵੈਦਰ ਕੰਡੀਸ਼ਨਜ਼) ਨੂੰ ਨਾਲ ਲੈ ਕੇ ਆਏਗਾ। ਇਸ ਕਾਰਨ ਦੁਨੀਆਂ ਦੇ ਗਲੇਸ਼ੀਅਰ ਪਿਘਲਣ ਦੀ ਸਪੀਡ ਤੇਜ਼ ਹੋ ਗਈ ਹੈ। ਸਮੁੰਦਰ ਦੀ ਸਤਾ ਤੇਜ਼ੀ ਨਾਲ ਉਪਰ ਉਠ ਰਹੀ ਹੈ। 90% ਸਮੁੰਦਰੀ ਤਲ ਦਾ ਤਾਮਮਾਨ ਵਧ ਗਿਆ ਹੈ। ਦੁਨੀਆਂ ਦੇ ਕਿਸੇ ਹਿੱਸੇ ਵਿੱਚ ਅਣਕਿਆਸੀ ਅਤੇ ਬਹੁਤ ਜ਼ਿਆਦਾ ਬਰਫ ਪਏਗੀ, ਕਿਧਰੇ ਹੱਦੋਂ ਵੱਧ ਮੀਂਹ ਪਏਗਾ। ਮਾਰੂਥਲਾਂ ‘ਚ ਹੜ੍ਹ ਆ ਸਕਦੇ ਹਨ ਅਤੇ ਜਿਥੇ ਕੁਦਰਤੀ ਹੜ੍ਹ ਆਉਂਦੇ ਹਨ, ਉਥੇ ਭਿਆਨਕ ਸੋਕੇ ਪੈ ਸਕਦੇ ਹਨ। ਸਮੁੰਦਰੀ ਤੁਫਾਨ, ਝੱਖੜ ਝੋਲੇ ਤੇ ਅਚਨਚੇਤ ਕੁਦਰਤੀ ਆਫਤਾਂ ਦੀ ਗਤੀ ਅਤੇ ਤਬਾਹੀ ਦਾ ਪੱਧਰ ਵਧ ਜਾਣਗੇ। ਇਸ ਤੋਂ ਬਿਨਾ ਵਧਣ ਵਾਲੀ ਗਰਮੀ ਨਾਲ ਮਨੁੱਖੀ ਸੁਭਾਅ ਤੇ ਵਰਤਾਅ ’ਚ ਵੀ ਮਾੜੀਆਂ ਤਬਦੀਲੀਆਂ ਆ ਸਕਦੀਆਂ ਹਨ। ਚਿੜਚੜਾਪਣ ਅਤੇ ਹੀਟ ਸਟੋਕ ਦੇ ਮੌਕੇ ਵਧਣਗੇ। ਇਸ ਤੋਂ ਇਲਾਵਾ ਵਧੀਆਂ ਕੁਦਰਤੀ ਆਫਤਾਂ ਦੇ ਸਿੱਟੇ ਵਜੋਂ ਹੋਣ ਵਾਲੀ ਆਰਥਕ ਹਾਨੀ ਵੀ ਮਨੁੱਖੀ ਤਨ-ਮਨ ਨੂੰ ਪ੍ਰਭਾਵਿਤ ਕਰੇਗੀ।

ਬਿਲਕੁਲ ਇਸੇ ਸੰਦਰਭ ਵਿੱਚ ਸਾਨੂੰ ਮਨੁੱਖੀ ਖੁਸ਼ੀਆਂ (ਹੈਪੀਨੈਸ) ਦੇ ਗੁਆਚਣ ਵਾਲੀ ਰਿਪੋਰਟ ਨੂੰ ਵਿਚਾਰਨਾ ਪਏਗਾ। ਇਸ ਮਾਮਲੇ ਵਿੱਚ ਸਾਡੇ ਮੁਲਕ ਦੀ ਹਾਲਤ ਤਾਂ ਪਹਿਲਾਂ ਹੀ ਬਹੁਤ ਮਾੜੀ ਹੈ। ਦੁਨੀਆਂ ਦੇ ਕੁੱਲ 143 ਮੁਲਕਾਂ ‘ਤੇ ਆਧਾਰਤ ਆਲਮੀ ਹੈਪੀਨੈਸ ਇੰਡੈਕਸ ਵਿੱਚ ਹਿੰਦੁਸਤਾਨ ਦਾ ਸਥਾਨ 126ਵਾਂ ਹੈ। ਔਕਸਫੋਰਡ ਵੈੱਲਬੀਂਗ ਸੈਂਟਰ ਅਤੇ ਸੰਯੁਕਤ ਰਾਸ਼ਟਰ ਸਸਟੇਅਨੇਬਲ ਸੌਲਿਊਸ਼ਨ ਨੈਟਵਰਕ ਅਨੁਸਾਰ ਫਿਨਲੈਂਡ ਖੁਸ਼ੀਆਂ ਖੇੜਿਆਂ ਦੇ ਪੱਖ ਤੋਂ ਲਗਾਤਾਰ ਸੱਤਵੇਂ ਸਾਲ ਪਹਿਲੇ ਨੰਬਰ ‘ਤੇ ਰਿਹਾ। ਡੈਨਮਾਰਕ, ਸਵੀਡਨ, ਇਜ਼ਰਾਇਲ, ਨੀਦਰਲੈਂਡ, ਨੌਰਵੇ, ਲਗਜ਼ਮਬਰਗ, ਸਵਿਟਜ਼ਰਲੈਂਡ ਅਤੇ ਅਸਟਰੇਲੀਆ ਉਪਰਲੇ ਦਸ ਮੁਲਕਾਂ ਵਿੱਚ ਸ਼ਾਮਲ ਹਨ। ਅਫਗਾਨਿਸਤਾਨ ਦਾ ਸਥਾਨ ਸਭ ਤੋਂ ਨੀਚੇ ਹੈ।

ਰਿਪੋਰਟ ਅਨੁਸਾਰ 30 ਸਾਲ ਤੱਕ ਦੀ ਭਾਰਤ ਦੀ ਨੌਜਵਾਨ ਆਬਾਦੀ ਸਭ ਤੋਂ ਵੱਧ ਨਾਖੁਸ਼ ਹੈ। ਸਵਾਲ ਹੈ ਕਿ ਇਸ ਵਿਆਪਕ ਪੱਧਰ ‘ਤੇ ਜਵਾਨਾਂ ਵਿੱਚ ਪਸਰੀ ਨਾਖੁਸ਼ੀ ਦੇ ਕੀ ਕਾਰਨ ਹੋ ਸਕਦੇ ਹਨ? ਇਹਦੇ ਬਾਰੇ ਬਹੁਤਾ ਦਿਮਾਗ ‘ਤੇ ਭਾਰ ਨਾ ਪਾਇਆਂ ਵੀ ਇਹ ਗੱਲ ਸਮਝ ਆ ਜਾਏਗੀ। ਜਿਸ ‘ਵਿਕਾਸ’ ਦੀਆਂ ਸਾਡੇ ਸਿਆਸਤਦਾਨ ਅਤੇ ਸਰਕਾਰਾਂ ਦੁਹਾਈਆਂ ਦੇ ਰਹੇ ਹਨ, ਉਹ ਇੱਕ ਨਿਰਾਸ਼-ਉਦਾਸ ਅਬਾਦੀ ਦਾ ਬਾਇਸ ਬਣ ਰਿਹਾ। ਨੌਜਵਾਨ ਬੇਰੁਜ਼ਗਾਰਾਂ ਦੀ ਫੌਜ ਵਧ ਰਹੀ ਹੈ। ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ।

ਵਰਲਡ ਇਨਇਕੁਐਲਿਟੀ ਲੈਬ ਦੀ ਰਿਪੋਰਟ ਵੀ ਹਾਲ ਹੀ ਵਿੱਚ ਛਪ ਕੇ ਸਾਹਮਣੇ ਆਈ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਹਿੰਦੁਸਤਾਨ ਵਿੱਚ ਆਰਥਕ ਨਾਬਰਾਬਰੀ 1947 ਤੋਂ ਪਹਿਲਾਂ ਅੰਗਰੇਜ਼ ਰਾਜ ਨਾਲੋਂ ਵੀ ਵਧ ਗਈ ਹੈ ਅਤੇ ਸਮਾਜਕ ਸੁਰੱਖਿਆ ਦੇ ਮੌਕੇ ਵੀ ਬੇਹੱਦ ਘੱਟ ਹਨ। ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਆਜ਼ਾਦੀ ਤੋਂ ਬਾਅਦ ਮੁਢਲੇ ਦੌਰ ਵਿੱਚ ਸਮਾਜਕ-ਆਰਥਕ ਨਾਬਰਾਬਰੀ ਘਟੀ ਸੀ, ਪਰ 1980ਵਿਆਂ ਵਿੱਚ ਆਣ ਕੇ ਇਹ ਫਿਰ ਵਧਣ ਲੱਗ ਪਈ। ਸਾਲ 2000 ਵਿੱਚ ਇਹ ਬਹੁਤ ਜ਼ਿਆਦਾ ਵਧ ਗਈ ਅਤੇ ਹੁਣ ਤਾਂ ਇਸ ਦੀ ਅੱਤ ਹੀ ਹੋ ਗਈ ਹੈ। ਇਸ ਸਾਰੇ ਕੁਝ ਦੇ ਨਾਲ ਵਿਆਪਕ ਪੱਧਰ ‘ਤੇ ਫੈਲਿਆ ਪ੍ਰਸ਼ਾਸਨਿਕ ਅਤੇ ਸਿਆਸੀ ਭ੍ਰਿਸ਼ਟਾਚਾਰ, ਸਾਧਾਰਨ ਲੋਕਾਂ ਨਾਲ ਅਧਿਕਾਰੀਆਂ ਦੀ ਬਦਸਲੂਕੀ, ਅਨਿਆ, ਮਨੁੱਖੀ ਅਧਿਕਾਰਾਂ ਦਾ ਹਨਨ, ਨਸ਼ਿਆਂ ਦਾ ਪਸਾਰਾ ਅਤੇ ਹਨੇਰੇ ਭਵਿੱਖ ਦਾ ਡਰਾਉਣਾ ਪ੍ਰਛਾਵਾਂ ਆਦਿ ਸਾਰਾ ਕੁਝ ਰਲ ਕੇ ਜਵਾਨੀ ਨੂੰ ਨਿਰਾਸ਼ ਕਰ ਰਿਹਾ ਹੈ। ਉਪਰੋਂ ਜਮਹੂਰੀ ਅਮਲ ਨੂੰ ਤਾਨਾਸ਼ਾਹੀ ਪ੍ਰਵਿਰਤੀਆਂ ਦਾ ਗ੍ਰਹਿਣ ਲੱਗ ਗਿਆ ਹੈ। ਇਸ ਸਾਰੀ ਹਾਲਤ ਨੂੰ ਲਾਈਨ ‘ਤੇ ਲਿਆਉਣ ਲਈ ਬੜੇ ਵੱਡੇ ਰਾਜਨੀਤਿਕ, ਸਮਾਜਕ ਅਤੇ ਆਰਥਕ ਫੇਰਬਦਲ ਦੀ ਲੋੜ ਹੈ। ਜਿਹਦੇ ਲਈ ਹਾਲੇ ਸਾਡੀ ਕੋਈ ਵੀ ਸਿਆਸੀ ਧਿਰ ਤਿਆਰ ਨਹੀਂ ਜਾਪਦੀ। ਆਮ ਆਦਮੀ ਪਾਰਟੀ ਅਜਿਹੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ, ਪਰ ਹੁਣ ਉਹ ਵੀ ਲੂਣ ਦੀ ਖਾਣ ਵਿੱਚ ਲੂਣ ਹੁੰਦੀ ਵਿਖਾਈ ਦੇ ਰਹੀ ਹੈ।



# ਸ਼ਿਕਾਗੋਲੈਂਡ ਵਿੱਚ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦਾ ਮੰਚਨ

**ਪੰਜਾਬੀ ਪਰਵਾਜ਼ ਬਿਊਰੋ**

**ਸ਼ਿਕਾਗੋ:** ਪਿਛਲੇ ਤਿੰਨ ਸਾਲਾਂ ਵਾਂਗ ਸ਼ਿਕਾਗੋਲੈਂਡ ਵਿੱਚ ਪੰਜਾਬੀ ਭਾਈਚਾਰੇ ਦੀਆਂ ਕੁਝ ਸੰਸਥਾਵਾਂ ਰਲ-ਮਿਲ ਕੇ 'ਪੰਜਾਬੀ ਮਾਂ-ਬੋਲੀ ਦਿਹਾੜਾ' ਮਨਾ ਰਹੀਆਂ ਹਨ। ਇਸ ਸਾਲ ਵੀ ਇਸ ਪ੍ਰੋਗਰਾਮ ਅਧੀਨ ਸ਼ਨਿਚਰਵਾਰ, 6 ਅਪ੍ਰੈਲ 2024 ਨੂੰ ਕਟਿੰਗ ਹਾਲ ਪੈਲਾਟਾਈਨ ਵਿੱਚ ਪੰਜਾਬੀ ਮੁਸ਼ਾਇਰੇ ਦੇ ਨਾਲ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਪੇਸ਼ਕਾਰੀ ਕੀਤੀ ਜਾਏਗੀ। ਇਹ ਨਾਟਕ ਡਾ. ਆਤਮਜੀਤ ਦਾ ਲਿਖਿਆ ਅਜਿਹਾ ਨਾਟਕ ਹੈ, ਜਿਸਨੂੰ ਪੰਜਾਬੀ ਸਾਹਿਤ ਅਤੇ ਰੰਗਮੰਚ ਵਿੱਚ ਇੱਕ ਕਲਾਸਿਕ ਦਾ ਦਰਜਾ ਹਾਸਲ ਹੈ। ਸਆਦਤ ਹਸਨ ਮੰਟੋ ਦੀ ਸੰਸਾਰ ਪ੍ਰਸਿਧ ਕਹਾਣੀ 'ਟੋਭਾ ਟੇਕ ਸਿੰਘ' ਉੱਤੇ ਆਧਾਰਿਤ ਇਹ ਨਾਟਕ 1980 ਵਿੱਚ ਲਿਖਿਆ ਗਿਆ ਸੀ ਅਤੇ ਇਸ ਦਾ ਪਹਿਲਾ ਮੰਚਨ ਡਾ. ਆਤਮਜੀਤ ਦੀ ਨਿਰਦੇਸ਼ਨਾ ਹੇਠ ਟੈਗੋਰ ਥੀਏਟਰ ਚੰਡੀਗੜ੍ਹ ਵਿੱਚ ਕੀਤਾ ਗਿਆ ਸੀ। ਪਿਛਲੇ 42-43 ਸਾਲਾਂ ਵਿੱਚ ਇਸ ਨਾਟਕ ਨੂੰ ਦੁਨੀਆਂ ਭਰ ਵਿੱਚ ਵੱਖੋ-ਵੱਖ 55 ਨਾਟ-ਮੰਡਲੀਆਂ ਅਨੇਕਾਂ ਵਾਰ ਖੇਡ ਚੁੱਕੀਆਂ ਹਨ। ਇਸ ਨਾਟਕ ਦੇ ਹਿੰਦੀ, ਉਰਦੂ ਤੇ ਅੰਗਰੇਜ਼ੀ ਬੋਲੀ ਵਿੱਚ ਅਨੁਵਾਦ ਵੀ ਛਪ ਚੁੱਕੇ ਹਨ ਅਤੇ ਇਹ ਦੂਜੀਆਂ ਜ਼ੁਬਾਨਾਂ ਵਿੱਚ ਵੀ ਖੇਡਿਆ ਗਿਆ ਹੈ। ਇਹ ਨਾਟਕ ਦੁਨੀਆਂ ਦੀ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਵੀ ਜਾਂਦਾ ਹੈ।

ਡਾ. ਆਤਮਜੀਤ ਦੇ ਸ਼ਬਦਾਂ ਵਿੱਚ, 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਇਸ ਲਈ ਵੀ ਬਹੁਤ ਮਕਬੂਲ ਹੈ, ਕਿਉਂਕਿ ਇਹ ਸਮੁੱਚੇ ਪੰਜਾਬੀਆਂ ਦੇ ਦਰਦ ਦੀ ਦਾਸਤਾਨ ਹੈ। ਜਦੋਂ 1947 ਵਿੱਚ ਦੇਸ਼ ਦੀ ਵੰਡ ਹੋ ਗਈ ਤਾਂ ਪਾਕਿਸਤਾਨ ਅਤੇ ਹਿੰਦੁਸਤਾਨ- ਦੋਹਾਂ ਮੁਲਕਾਂ ਨੇ, ਜੋ ਕੁਝ ਵੀ ਦਿਸਿਆ, ਉਹ ਵੰਡ ਲਿਆ। ਗੋਰਿਆਂ ਨੇ ਲਕੀਰ ਖਿੱਚ ਦਿੱਤੀ ਅਤੇ ਡਿੱਗਦੇ-ਢਹਿੰਦੇ ਤੇ ਮਰਦੇ ਹੋਏ ਲੋਕਾਂ ਨੇ ਆਪਣੀ ਵੰਡੀ ਆਪ ਹੀ ਪਾ ਲਈ। ਸਰਕਾਰਾਂ ਨੇ ਜਹਾਜ਼, ਗੱਡੀਆਂ, ਬੱਸਾਂ ਅਤੇ ਇੱਥੋਂ ਤੱਕ ਕਿ ਦਫਤਰਾਂ ਵਾਸਤੇ ਖਰੀਦੀ ਹੋਈ ਸਟੇਸ਼ਨਰੀ ਤੱਕ ਦੀ ਵੰਡ ਵੀ ਕਰ ਲਈ; ਪਰ ਸਭ ਤੋਂ ਵਿਅੰਗਾਤਮਕ ਸਥਿਤੀ ਉਦੋਂ ਬਣਦੀ ਹੈ, ਜਦੋਂ ਸਾਲ ਦੋ ਸਾਲ ਬਾਅਦ ਇਨ੍ਹਾਂ ਸਰਕਾਰਾਂ ਨੂੰ ਇਹ ਖਿਆਲ ਆਉਂਦਾ ਹੈ ਕਿ ਉਨ੍ਹਾਂ ਨੇ ਦੋਹਾਂ ਪਾਸਿਆਂ ਦੇ ਕੁਝ ਪਾਗਲਖਾਨਿਆਂ ਵਿੱਚ ਤਾੜੇ ਹੋਏ ਪਾਗਲਾਂ ਦੀ ਵੰਡ ਨਹੀਂ ਕੀਤੀ।

ਮੰਟੋ ਦੀ ਕਹਾਣੀ ਅਤੇ ਡਾ. ਆਤਮਜੀਤ ਦਾ ਨਾਟਕ ਲਾਹੌਰ ਦੇ ਨੇੜਲੀ ਇਸ ਪਾਗਲ-ਵੰਡ ਨਾਲ ਜੁੜੀਆਂ ਘਟਨਾਵਾਂ ਉੱਤੇ ਆਧਾਰਿਤ ਹੈ। ਕਹਾਣੀ ਅਤੇ ਨਾਟਕ- ਦੋਵੇਂ ਸਾਬਤ ਕਰਦੇ ਹਨ ਕਿ ਜਿਨ੍ਹਾਂ ਨੂੰ ਅਸੀਂ ਪਾਗਲ ਕਹਿੰਦੇ ਸੀ, ਉਹ ਦਰਅਸਲ ਬਹੁਤ ਸਮਝਦਾਰ ਲੋਕ ਸਨ ਅਤੇ ਜਿਹੜੇ ਆਪਣੇ ਆਪ ਨੂੰ ਸਹੀ-ਸਲਾਮਤ ਸਮਝਦੇ ਸਨ, ਉਹ ਅਸਲੀ ਪਾਗਲ ਸਨ। ਇਹ ਨਾਟਕ ਦੋਹਾਂ ਪੰਜਾਬਾਂ ਦੇ ਲੋਕਾਂ ਦੀਆਂ ਕਮੀਨਗੀਆਂ ਦਾ ਕੱਚਾ ਚਿੱਠਾ ਪੇਸ਼ ਕਰਦਿਆਂ ਉਨ੍ਹਾਂ ਦੀਆਂ ਅੰਦਰੂਨੀ ਸਾਂਝਾਂ ਦੀ ਬਾਤ ਵੀ ਪਾਉਂਦਾ ਹੈ ਅਤੇ ਇੱਕ ਭਾਈਚਾਰੇ ਦੇ ਰੂਪ ਵਿੱਚ ਸਾਡੇ ਸਾਂਝੇ ਦਰਦ ਦੀ ਤਸਵੀਰ ਖਿੱਚਦਾ ਹੈ। ਭਾਵੇਂ ਇਸ ਰਚਨਾ ਨੂੰ ਬੜੇ ਸੁਚੱਜੇ ਹਾਸੇ-ਠੱਠੇ ਅਤੇ ਵਿਅੰਗ ਵਿੱਚ ਲਪੇਟਿਆ ਗਿਆ ਹੈ, ਪਰ ਸਮੁੱਚਾ ਨਾਟਕ ਅਤੇ ਡਾ. ਆਤਮਜੀਤ ਦੁਆਰਾ ਲਿਖੇ ਗੀਤ ਉਸ ਸੋਗ ਦਾ ਨਾਟਕੀ ਮਰਸੀਆ ਹਨ, ਜਿਹੜਾ ਸੋਗ ਅਸੀਂ ਸਦੀਆਂ ਹੋਰ ਹੰਢਾਉਣਾ ਹੈ; ਪਰ ਫਿਰ ਵੀ ਵੱਖਰੀ ਗੱਲ ਇਹ ਹੈ ਕਿ ਡਾ. ਆਤਮਜੀਤ ਆਪਣੇ ਨਾਟਕ ਵਿੱਚ ਆਸ-ਉਮੀਦ ਦਾ ਪੱਲਾ ਨਹੀਂ ਛੱਡਦੇ। ਭਾਵੇਂ ਰਾਜਸੀ ਅਤੇ ਭੂਗੋਲਿਕ ਤੌਰ 'ਤੇ ਅਸੀਂ ਸਦਾ ਲਈ ਵੰਡੇ ਜਾ ਚੁੱਕੇ ਹਾਂ, ਪਰ ਸਭਿਆਚਾਰਕ ਜਾਂ ਸਕਾਫ਼ਤੀ ਤੌਰ 'ਤੇ ਅਤੇ ਬੋਲੀ ਦੇ ਲਿਹਾਜ਼ ਨਾਲ ਸਾਡੀ ਜਜ਼ਬਾਤੀ ਸਾਂਝ ਹਮੇਸ਼ਾ ਬਣੀ ਰਹੇਗੀ। ਇਸੇ ਲਈ ਹਿੰਦੁਸਤਾਨ ਪਰਤ ਰਿਹਾ ਪ੍ਰੋਫੈਸਰ ਇਹ ਆਖਦਾ ਹੈ ਕਿ "ਭਾਵੇਂ ਤੁਸੀਂ ਲੋਕ ਵੀ ਵੰਡ ਲਏ ਨੇ ਤੇ ਜ਼ਮੀਨ ਵੀ ਵੰਡ ਲਈ ਏ, ਪਰ ਅਸੀਂ ਕਲਾਸਾਂ ਦੇ ਸਿਲੇਬਸ ਨਹੀਂ ਵੰਡਣੇ; ਫਰੀਦ ਵੀ ਪੜ੍ਹਾਵਾਂਗੇ, ਬੁਲ੍ਹਾ ਵੀ ਪੜ੍ਹਾਵਾਂਗੇ; ਵਾਰਿਸ ਵੀ ਸਾਡਾ ਏ, ਮੁਕਬਲ ਵੀ ਸਾਡਾ ਏ।"




ਇਵੇਂ ਇਹ ਨਾਟਕ ਪੰਜਾਬ ਦੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਮੁੱਢ-ਕਦੀਮੀ ਸਾਂਝ ਦਾ ਵੀ ਪੂਰੀ ਤਨਦੇਹੀ ਨਾਲ ਚਰਚਾ ਕਰਦਾ ਹੈ। ਇਹ ਨਾਟਕ ਲੋਕਾਂ ਨੂੰ ਵੰਡੇ ਜਾਣ ਦਾ ਵਿਰੋਧ ਕਰਦਾ ਹੈ। ਕਰਤਾਰਪੁਰ ਸਾਹਿਬ ਵਿੱਚ ਹੁੰਦੇ ਮੇਲ-ਮਿਲਾਪ ਨੂੰ ਇਸੇ ਉਮੀਦ ਦੇ ਇੱਕ ਪੁਖਤਾ ਸਬੂਤ ਵਜੋਂ ਦੇਖਿਆ ਜਾ ਸਕਦਾ ਹੈ। ਪਿਛਲੇ ਵਰ੍ਹੇ ਇਸ ਨਾਟਕ ਦਾ ਲਾਹੌਰ ਦੇ ਪ੍ਰਸਿੱਧ ਅਲ-ਹਮਰਾ ਥੀਏਟਰ ਵਿੱਚ ਦੋ ਦਿਨ ਲਗਾਤਾਰ ਖੇਡਿਆ ਅਤੇ ਭਰਪੂਰ ਰੂਪ ਵਿੱਚ ਸਲਾਹਿਆ ਜਾਣਾ ਵੀ ਇਸੇ ਉਮੀਦ ਨੂੰ ਪੱਕਾ ਕਰਦਾ ਹੈ।

ਡਾ. ਆਤਮਜੀਤ ਦੱਸਦੇ ਹਨ ਕਿ ਜਦੋਂ ਉਨ੍ਹਾਂ ਨੇ ਤੀਹ ਸਾਲ ਪਹਿਲਾਂ ਇਸ ਨੂੰ ਟੋਰਾਂਟੋ ਵਿੱਚ ਤਿਆਰ ਕਰਵਾਇਆ ਸੀ ਤਾਂ ਪਾਕਿਸਤਾਨ ਦੇ ਪ੍ਰਸਿੱਧ ਸੰਗੀਤਕਾਰ ਸੁਹੇਲ ਰਾਣਾ ਨੇ ਇਸ ਦੀਆਂ ਧੁਨਾਂ ਤਿਆਰ ਕੀਤੀਆਂ ਸਨ। 2018 ਵਿੱਚ ਦਿੱਲੀ ਵਿਖੇ ਥੀਏਟਰ ਓਲੰਪਿਕਸ ਦੌਰਾਨ ਜਦੋਂ ਇਹ ਨਾਟਕ ਖੇਡਿਆ ਗਿਆ ਤਾਂ ਪ੍ਰਸਿੱਧ ਇਤਿਹਾਸਕਾਰ ਰਾਜਮੋਹਨ ਗਾਂਧੀ ਨਾਟਕਕਾਰ ਦੇ ਗਲੇ ਲੱਗ ਕੇ ਰੋ ਪਏ ਸਨ। ਅੰਗਰੇਜ਼ੀ ਅਖਬਾਰ 'ਦ ਹਿੰਦੂ' ਦੇ ਥੀਏਟਰ ਐਕਸਪਰਟ ਦੀਵਾਨ ਸਿੰਘ ਬਜੇਲੀ ਨੇ ਲਿਖਿਆ ਸੀ: "ਆਤਮਜੀਤ ਨੇ ਮੰਟੋ ਦੀ ਕਹਾਣੀ ਦੇ ਥੀਮ ਵਿੱਚੋਂ ਆਪਣੇ ਨਾਟਕ ਦੀ ਪੁਨਰ ਸਿਰਜਣਾ ਕੀਤੀ ਹੈ, ਨਵੇਂ ਪਾਤਰ ਸਿਰਜ ਕੇ ਅਤੇ ਪੁਰਾਣਿਆਂ ਨੂੰ ਵਿਸਤਾਰ ਦੇ ਕੇ ਉਸਨੇ ਸਮਾਜਿਕ-ਆਰਥਿਕ ਅਤੇ ਅਜਿਹੀਆਂ ਰਾਜਸੀ ਪਰਤਾਂ ਸਿਰਜੀਆਂ ਹਨ, ਜੋ ਪਾਤਰਾਂ ਦੇ ਅੰਦਰੂਨੀ ਸੰਘਰਸ਼ ਦਾ ਮਰਮ ਪੇਸ਼ ਕਰਦੀਆਂ ਹਨ।" ਪਾਕਿਸਤਾਨ ਦਾ ਪ੍ਰਸਿੱਧ ਚਿੰਤਕ ਫ਼ਖ਼ਰ ਜ਼ਮਾਂ ਲਿਖਦਾ ਹੈ: "ਇਹ ਸਿਰਫ ਅਡੈਪਟੇਸ਼ਨ ਨਹੀਂ ਹੈ, ਇਹ ਇੱਕ ਨਵਾਂ ਨਾਟਕ ਹੈ। ਇਸ ਤਰ੍ਹਾਂ ਲਗਦਾ ਹੈ, ਜਿਵੇਂ ਆਤਮਜੀਤ ਨੂੰ ਵੀ ਬਚਨ ਸਿੰਘ ਵਾਲਾ ਰੋਗ ਲੱਗਾ ਹੋਇਆ ਹੈ; ਪਰ ਉਹ ਇੱਕ ਲੇਖਕ ਹੈ ਅਤੇ ਉਸਦੀ ਕਲਮ ਵਿੱਚ ਏਨੀ ਜਾਨ ਹੈ ਕਿ ਉਹ ਰਿਸ਼ਤਿਆਂ ਨੂੰ ਤੋੜਨ ਤੇ ਸਾਨੂੰ ਪੰਜਾਬੀਆਂ ਨੂੰ ਬੇਚਿਹਰੇ ਬਣਾਉਣ ਦੇ ਅਮਲ ਨੂੰ ਠੱਲ੍ਹ ਪਾ ਸਕਦਾ ਹੈ।"

ਮਾਂ-ਬੋਲੀ ਨੂੰ ਸਮਰਪਿਤ ਦਿਹਾੜਾ ਮਨਾਉਂਦਿਆਂ ਫਾਈਵ ਰਿਵਰਜ਼ ਥੀਏਟਰ ਸ਼ਿਕਾਗੋਲੈਂਡ ਇਸ ਨਾਟਕ ਨੂੰ ਪੇਸ਼ ਕਰ ਰਿਹਾ ਹੈ। ਇਸ ਨਾਟਕ ਦੇ ਕੁੱਲ 16 ਕਲਾਕਾਰਾਂ ਵਿੱਚ ਸ਼ਿਕਾਗੋ ਤੋਂ ਗੁਰਮੁਖ ਸਿੰਘ ਭੁੱਲਰ, ਰਾਜੇਸ਼ ਪਵਾਰ, ਜਸਬੀਰ ਕੌਰ ਮਾਨ, ਮਧੁਰਾ, ਚਰਨਦੀਪ, ਰਿਚਾ ਚਾਂਦ ਆਦਿ ਨਾਮੀ ਚਿਹਰੇ ਸ਼ਾਮਲ ਹਨ। ਸਿਨਸਿਨੈਟੀ ਤੋਂ ਕੁਮਾਰ ਪਵਨਦੀਪ ਨਾਟਕ ਦੀ ਵਿਸ਼ੇਸ਼ ਖਿੱਚ ਰਹੇਗਾ। ਨਾਟਕ ਦਾ ਸੰਗੀਤ ਸੁਪ੍ਰਸਿੱਧ ਪੰਜਾਬੀ ਸੰਗੀਤਕਾਰ ਅਤੁਲ ਸ਼ਰਮਾ ਦਾ ਹੈ।

## ਕੌਮਾਂਤਰੀ ਮਾਂ-ਬੋਲੀ ਦਿਹਾੜਾ-2024

**ਸ਼ਿਕਾਗੋ:** ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਤੋਂ ਬਾਅਦ 'ਪੰਜਾਬੀ ਸਾਹਿਤ ਦਾ ਸਤਿਕਾਰ' ਨਾਂ ਹੇਠ ਪੰਜਾਬੀ ਸਾਹਿਤਕਾਰਾਂ ਵੱਲੋਂ ਕਵਿਤਾ ਤੇ ਸ਼ਾਇਰੀ ਦਾ ਦੌਰ ਚੱਲੇਗਾ, ਜਿਸ ਵਿੱਚ ਨਾਮੀ ਲੇਖਕ ਤੇ ਕਵੀ ਡਾ. ਗੁਰਬਖਸ਼ ਸਿੰਘ ਭੰਡਾਲ, ਰਵਿੰਦਰ ਸਿੰਘ ਸਹਿਰਾਅ, ਭੁਪਿੰਦਰ ਦੁਲੇ, ਕੁਲਵਿੰਦਰ ਖਹਿਰਾ, ਕਸ਼ਿਸ਼ ਹੁਸ਼ਿਆਰਪੁਰੀ, ਰਾਜ ਲਾਲੀ ਬਟਾਲਾ, ਸਾਜਿਦ ਚੌਧਰੀ, ਆਬਿਦ ਰਸ਼ੀਦ, ਰਾਕਿੰਦ ਕੌਰ, ਗੁਰਲੀਨ ਕੌਰ ਅਤੇ ਗੁਲਾਮ ਮੁਸਤਫਾ ਅੰਜੁਮ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਨਗੇ।

ਖੁਸ਼ੀ ਦੀ ਗੱਲ ਹੈ ਕਿ ਸ਼ਿਕਾਗੋ ਵਿਖੇ ਇਹ ਦਿਹਾੜਾ ਮਿਡਵੈਸਟ ਪੰਜਾਬੀ ਭਾਈਚਾਰੇ ਨਾਲ ਸੰਬੰਧਤ ਕੁਝ ਸੱਭਿਆਚਾਰਕ ਸੰਸਥਾਵਾਂ ਰਲ ਕੇ ਮਨਾਉਂਦੀਆਂ ਹਨ। ਇਹ ਪ੍ਰੋਗਰਾਮ ਬਿਲਕੁਲ ਗੈਰ-ਮਜ਼ਬੀ ਅਤੇ ਗੈਰ-ਮੁਲਕਈ ਹੈ, ਜਿਸ ਵਿੱਚ ਹਰ ਪੰਜਾਬੀ ਜਾਤ, ਮਜ਼ਹਬ ਅਤੇ ਮੁਲਕ ਦੇ ਵਿਤਕਰੇ ਤੋਂ ਉੱਪਰ ਉਠ ਕੇ ਸ਼ਿਰਕਤ ਕਰਦਾ ਹੈ। ਇਸ ਸਮਾਗਮ ਦੇ ਚੀਫ ਪੈਟਰਨ ਸਿੱਖ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਹਨ ਅਤੇ ਚੀਫ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਕੋਆਰਡੀਨੇਟਰ ਸ਼ਾਇਰ ਰਾਜ ਲਾਲੀ ਬਟਾਲਾ ਹਨ, ਜਦਕਿ ਸਲਾਹਕਾਰ ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਹਨ।

ਸ਼ਿਕਾਗੋ ਵਿਖੇ ਕੌਮਾਂਤਰੀ ਮਾਂ-ਬੋਲੀ ਦਿਹਾੜਾ ਮਨਾਉਣ ਦਾ ਸਫ਼ਰ 2021 ਵਿੱਚ ਸ਼ਿਕਾਗੋ ਸਥਿੱਤ ਭਾਰਤੀ ਕੌਂਸਲਖਾਨੇ ਵਿੱਚ ਕੌਂਸਲ ਰਹੇ ਰਣਜੀਤ ਸਿੰਘ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਤੇ ਰਾਜ ਲਾਲੀ ਬਟਾਲਾ ਵੱਲੋਂ ਹੋਰ ਸਾਹਿਤਕ ਤੇ ਮੀਡੀਆ ਸ਼ਖਸੀਅਤਾਂ ਦੇ ਸਹਿਯੋਗ ਨਾਲ ਹੋਟਲ ਮੈਰੀਅਟ ਹਾਫਮੈਨ ਐਸਟੇਟ ਵਿਖੇ ਸ਼ੁਰੂ ਹੋਇਆ ਸੀ। ਫਿਰ ਇਸ ਨੂੰ ਉਘੇ ਸਿੱਖ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਵੱਲੋਂ ਪ੍ਰਾਪਤ ਮਦਦ ਨਾਲ ਜਾਰੀ ਰੱਖਿਆ ਗਿਆ। 2022 ਵਿੱਚ ਇਸ ਪ੍ਰੋਗਰਾਮ ਲਈ ਘੁਮਾਣ ਭਰਾਵਾਂ- ਹਰਸ਼ਰਨ ਸਿੰਘ (ਹੈਰੀ) ਘੁਮਾਣ ਅਤੇ ਅਮਰਬੀਰ ਸਿੰਘ ਘੁਮਾਣ ਵੱਲੋਂ ਭਰਪੂਰ ਸਹਿਯੋਗ ਮਿਲਿਆ। ਇਹ ਸਫ਼ਰ ਮਾਂ-ਬੋਲੀ ਪੰਜਾਬੀ ਲਈ ਅੱਜ ਵੀ ਜਾਰੀ ਹੈ।

ਸਾਲ 2023 ਦੇ ਕੌਮਾਂਤਰੀ ਦਿਹਾੜੇ ਦੇ ਪ੍ਰੋਗਰਾਮ ਲਈ ਸਾਹਿਤ ਅਕਾਦਮੀ ਇਨਾਮ ਜੇਤੂ ਡਾ. ਆਤਮਜੀਤ ਸਿੰਘ ਦਾ ਸਹਿਯੋਗ ਅਤੇ ਮਾਰਗਦਰਸ਼ਨ ਮਿਲਿਆ, ਜੋ ਇਸ ਸਾਲਾਨਾ ਸਮਾਗਮ ਲਈ ਇੱਕ ਵੱਡੀ ਪ੍ਰਾਪਤੀ ਸੀ। ਡਾ. ਆਤਮਜੀਤ ਨੇ ਸਾਲ 2023 ਦੇ ਕੌਮਾਂਤਰੀ ਦਿਹਾੜੇ ਲਈ 'ਸਾਹਨੀ ਸੱਚ ਕਹਿੰਦਾ ਸੀ' ਨਾਟਕ ਲਿਖਿਆ ਅਤੇ ਉਨ੍ਹਾਂ ਦੇ ਨਿਰਦੇਸ਼ਨ ਹੇਠ ਫਾਈਵ ਰੀਵਰਜ਼ ਥੀਏਟਰ ਦੇ ਗੁਰਮੁਖ ਸਿੰਘ ਭੁੱਲਰ ਅਤੇ ਕੁਝ ਹੋਰ ਸਥਾਨਕ ਕਲਾਕਾਰਾਂ ਨੂੰ ਲੈ ਕੇ ਇਸ ਨਾਟਕ ਦਾ ਮੰਚਨ ਕੀਤਾ ਗਿਆ, ਜਿਸ ਨੂੰ ਨਾ ਸਿਰਫ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ, ਸਗੋਂ ਹਰ ਉਸ ਵਿਅਕਤੀ ਵੱਲੋਂ ਸਰਾਹਿਆ ਗਿਆ, ਜੋ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦਾ ਹੈ। ਠੇਠ ਸੰਵਾਦਾਂ ਨਾਲ ਗੜੁੱਚ ਨਾਟਕ ਦਾ ਸੁਨੇਹਾ ਵਿਸ਼ਵਵਿਆਪੀ ਸੀ।

## ਬਾਲਟੀਮੋਰ ਵਿੱਚ ਕੰਟੇਨਰ ਜਹਾਜ਼ ਪੁਲ ਨਾਲ ਟਕਰਾਇਆ

*⇒ ਸਫਾ ਇੱਕ ਦੀ ਬਾਕੀ ...*

'ਤੇ ਆਉਣ ਤੋਂ ਰੋਕਣ ਦੇ ਯੋਗ ਬਣਾਇਆ। ਮੂਰ ਨੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਚਾਲਕ ਦਲ ਨੇ ਅਧਿਕਾਰੀਆਂ ਨੂੰ ਬਿਜਲੀ ਦੀ ਸਮੱਸਿਆ ਬਾਰੇ ਸੂਚਿਤ ਕੀਤਾ ਸੀ।...ਸਾਨੂੰ ਪਤਾ ਹੈ ਕਿ ਫਿਲਹਾਲ ਜਾਂਚ ਚੱਲ ਰਹੀ ਹੈ, ਪਰ ਮੈਨੂੰ ਕਹਿਣਾ ਪਏਗਾ ਕਿ ਮੈਂ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇੱਕ ਵਾਰ ਚੇਤਾਵਨੀ ਦਿੱਤੀ। ਇੱਕ ਵਾਰ ਸ਼ਾਬਦਿਕ ਤੌਰ 'ਤੇ ਨੋਟੀਫਿਕੇਸ਼ਨ ਆਇਆ, ਜਿਸ ਕਾਰਨ ਕਾਰਾਂ ਨੂੰ ਪੁਲ ਦੇ ਉਪਰ ਆਉਣ ਤੋਂ ਰੋਕਣ ਦਿੱਤਾ ਗਿਆ ਸੀ।"

ਇਸ ਹਾਦਸੇ ਵਿੱਚ ਦੋ ਲੋਕਾਂ ਨੂੰ ਬਚਾਅ ਲਿਆ ਗਿਆ ਹੈ ਅਤੇ ਛੇ ਹੋਰ ਵਿਅਕਤੀਆਂ ਦੀ ਭਾਲ ਜਾਰੀ ਹੈ। ਯੂ.ਐਸ. ਕੋਸਟ ਗਾਰਡ ਅਤੇ ਸਥਾਨਕ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ। ਕਾਰਗੋ ਜਹਾਜ਼ ਦੇ ਮਾਲਕ ਅਤੇ ਪ੍ਰਬੰਧਕ ਇੱਕ ਪ੍ਰਵਾਨਿਤ ਯੋਜਨਾ ਤਹਿਤ ਸੰਘੀ ਅਤੇ ਰਾਜ ਸਰਕਾਰ ਦੀਆਂ ਏਜੰਸੀਆਂ ਦੇ ਸੰਪਰਕ ਵਿੱਚ ਹਨ। 'ਸਰਗਰਮ ਖੋਜ ਅਤੇ ਬਚਾਅ ਮਿਸ਼ਨ' ਤਹਿਤ ਲਾਪਤਾ ਛੇ ਵਿਅਕਤੀਆਂ ਦੀ ਭਾਲ ਜਾਰੀ ਹੈ। ਖੋਜ ਅਤੇ ਬਚਾਅ ਕਾਰਜਾਂ ਵਿੱਚ ਸਹਾਇਤਾ ਲਈ ਬਾਲਟੀਮੋਰ ਵਿੱਚ ਹਵਾਈ, ਜ਼ਮੀਨੀ ਤੇ ਸਮੁੰਦਰੀ ਸਰੋਤਾਂ ਨੂੰ ਤਾਇਨਾਤ ਕੀਤਾ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਹਾਦਸੇ ਸਬੰਧੀ ਦੁੱਖ ਜਾਹਰ ਕਰਦਿਆਂ ਆਪਣਾ ਪੂਰਨ ਸਮਰਥਨ ਦੇਣ ਦਾ ਭਰੋਸਾ ਪ੍ਰਗਟਾਇਆ ਹੈ। ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ ਦੀ ਚੇਅਰ ਜੈਨੀਫਰ ਹੋਮੇਂਡੀ ਨੇ ਕਿਹਾ ਕਿ ਜਾਂਚਕਰਤਾ ਇਹ ਪੁਸ਼ਟੀ ਕਰਨ ਲਈ ਵੀ ਕੰਮ ਕਰ ਰਹੇ ਹਨ ਕਿ 'ਡਾਲੀ' ਕੰਟੇਨਰ ਸਮੁੰਦਰੀ ਜਹਾਜ਼ 'ਤੇ ਚਾਲਕ ਦਲ ਦੇ ਕਿੰਨੇ ਮੈਂਬਰ ਸਵਾਰ ਸਨ ਅਤੇ ਉਨ੍ਹਾਂ ਦੀ ਸਥਿਤੀ ਕੀ ਹੈ!

ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਪੁਲ ਦੇ ਢਹਿਣ ਦੀ ਜਾਂਚ ਦੀ ਅਗਵਾਈ ਕਰ ਰਿਹਾ ਹੈ। ਉਸ ਅਨੁਸਾਰ ਮੁੱਖ ਤਰਜੀਹ ਜਹਾਜ਼ ਦੇ ਰਿਕਾਰਡਰਾਂ ਨੂੰ ਪ੍ਰਾਪਤ ਕਰਨਾ ਹੋਵੇਗਾ, ਜੋ ਕਿ ਵਿਨਾਸ਼ਕਾਰੀ ਟੱਕਰ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ। ਸਿੰਗਾਪੁਰ ਵਿੱਚ ਜਿੱਥੇ 'ਡਾਲੀ' ਨੂੰ ਫਲੈਗ ਕੀਤਾ ਗਿਆ ਹੈ, ਦੇ ਹਮਰੁਤਬਾ ਵੀ ਜਾਂਚ ਵਿੱਚ ਸਹਾਇਤਾ ਲਈ ਅਧਿਕਾਰੀਆਂ ਨੂੰ ਬਾਲਟੀਮੋਰ ਭੇਜ ਰਹੇ ਹਨ।

ਜ਼ਿਕਰਯੋਗ ਹੈ ਕਿ ਤਕਰੀਬਨ $80 ਬਿਲੀਅਨ ਦਾ ਮਾਲ ਹਰ ਸਾਲ ਬਾਲਟੀਮੋਰ ਦੀ ਬੰਦਰਗਾਹ ਤੋਂ ਲੰਘਦਾ ਹੈ। ਫਰਾਂਸਿਸ ਸਕਾਟ ਕੀ ਬ੍ਰਿਜ ਦੇ ਢਹਿ ਜਾਣ ਨਾਲ ਬੰਦਰਗਾਹ ਦੇ ਸ਼ਿਪਿੰਗ ਚੈਨਲ ਨੂੰ ਅਣਮਿੱਥੇ ਸਮੇਂ ਲਈ ਬੰਦ ਕਰਨ ਦੇ ਨਾਲ ਸ਼ਿਪਰ ਬਦਲਵਾਂ ਰਾਹ ਲੱਭਣ ਲਈ ਭਟਕ ਰਹੇ ਹਨ। ਕੁਝ ਜਹਾਜ਼ ਪਹਿਲਾਂ ਹੀ ਨਾਰਫੋਕ, ਵੀਏ ਵੱਲ ਮੋੜ ਦਿੱਤੇ ਗਏ ਹਨ। ਹੋਰ ਟ੍ਰੈਫਿਕ ਨੂੰ ਨਿਊ ਯਾਰਕ ਜਾਂ ਫਿਲਾਡੈਲਫੀਆ ਰਾਹੀਂ ਮੁੜ ਰੂਟ ਕੀਤਾ ਜਾ ਸਕਦਾ ਹੈ। ਬੰਦਰਗਾਹ 'ਤੇ ਪਹਿਲਾਂ ਤੋਂ ਹੀ ਮਾਲ ਨੂੰ ਓਵਰਲੈਂਡ ਸਫ਼ਰ ਕਰਨਾ ਪਏਗਾ, ਪਰ ਪੁਲ ਦੇ ਟੁੱਟਣ ਨਾਲ ਟਰੱਕਾਂ ਦੀ ਆਵਾਜਾਈ ਵੀ ਠੱਪ ਹੋ ਜਾਵੇਗੀ, ਕਿਉਂਕਿ ਇੱਕ ਮਹੱਤਵਪੂਰਨ ਅੰਤਰਰਾਜੀ ਹਾਈਵੇਅ ਟੁੱਟ ਗਿਆ ਹੈ।

ਇੱਕ ਅਣਅਧਿਕਾਰਤ ਅੰਦਾਜ਼ਾ ਹੈ ਕਿ ਸ਼ਿਪਿੰਗ ਚੈਨਲ ਨੂੰ ਸਾਫ਼ ਕਰਨ ਵਿੱਚ ਦੋ ਮਹੀਨੇ ਲੱਗ ਸਕਦੇ ਹਨ ਤਾਂ ਕਿ ਕਾਰਗੋ ਸਮੁੰਦਰੀ ਜਹਾਜ਼ ਮੁੜ ਤੋਂ ਸਫ਼ਰ ਸ਼ੁਰੂ ਕਰ ਸਕਣ। ਦੂਜੇ ਪਾਸੇ ਰਾਸ਼ਟਰਪਤੀ ਜੋਅ ਬਾਇਡਨ ਨੇ ਬੰਦਰਗਾਹ ਨੂੰ ਜਲਦੀ ਤੋਂ ਜਲਦੀ ਦੁਬਾਰਾ ਖੋਲ੍ਹਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਪੰਦਰਾਂ ਹਜ਼ਾਰ ਨੌਕਰੀਆਂ ਉਸ ਬੰਦਰਗਾਹ 'ਤੇ ਨਿਰਭਰ ਕਰਦੀਆਂ ਹਨ। ਅਸੀਂ ਉਨ੍ਹਾਂ ਨੌਕਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਕਰਮਚਾਰੀਆਂ ਦੀ ਮਦਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਜਾ ਰਹੇ ਹਾਂ।

# ਸਿੱਖ ਅਸੈਂਬਲੀ ਆਫ਼ ਅਮਰੀਕਾ ਵੱਲੋਂ 'ਸਿੱਖ ਲੌਬਿੰਗ' ਦੀ ਲੋੜ ਬਾਰੇ ਚਰਚਾ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸਿੱਖ ਕੌਮ ਦੇ ਮੁੱਦਿਆਂ ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਲੌਬਿੰਗ ਰਾਹੀਂ ਅਤੇ ਮਰਹੂਮ ਖਾਲਿਸਤਾਨੀ ਆਗੂ ਡਾ. ਗੁਰਮੀਤ ਸਿੰਘ ਔਲਖ ਦੇ ਅਧੂਰੇ ਕਾਰਜ ਨੂੰ ਅੱਗੇ ਤੋਰਨ ਲਈ ਹੋਂਦ ਵਿੱਚ ਆਈ ਸੰਸਥਾ ਸਿੱਖ ਅਸੈਂਬਲੀ ਆਫ ਅਮਰੀਕਾ ਵੱਲੋਂ ਪਿਛਲੇ ਦਿਨੀਂ ਐਟਲਾਂਟਿਸ ਬੈਂਕੁਇਟ






ਹਾਲ, ਅਰਲਿੰਗਟਨ ਹਾਈਟਸ ਵਿੱਚ ਪੰਥਕ ਇਕੱਤਰਤਾ ਕੀਤੀ ਗਈ। ਇਸ ਮੌਕੇ 'ਸਿੱਖ ਲੌਬਿੰਗ' ਦੀ ਲੋੜ ਬਾਰੇ ਚਰਚਾ ਕਰਦਿਆਂ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਕਿ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ, ਉਸ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਵਿੱਚ ਕਥਿਤ ਤੌਰ 'ਤੇ ਘੱਟ-ਗਿਣਤੀਆਂ ਦੀ ਆਵਾਜ਼ ਨੂੰ ਜਿਸ ਸਾਜ਼ਿਸ਼ ਤਹਿਤ ਦਬਾਇਆ ਜਾ ਰਿਹਾ ਹੈ ਅਤੇ ਮਨੁੱਖੀ ਹੱਕ-ਹਕੂਕਾਂ ਦੀ ਗੱਲ ਕਰਨ ਵਾਲਿਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਸ ਸਭ ਵਰਤਾਰੇ ਵਿਰੁੱਧ ਲਾਮਬੰਦੀ ਜ਼ਰੂਰੀ ਹੈ ਤੇ ਅਮਰੀਕੀ ਸਿਆਸਤ ਵਿੱਚ ਆਪਣੀ ਸ਼ਮੂਲੀਅਤ ਜ਼ਰੀਏ ਲੌਬਿੰਗ ਕਰਕੇ ਸੁਨੇਹਾ ਦੇਣ ਦੀ ਬੇਹੱਦ ਲੋੜ ਹੈ।

ਪ੍ਰਬੰਧਕਾਂ ਅਨੁਸਾਰ ਸਿੱਖ ਅਸੈਂਬਲੀ ਆਫ ਅਮਰੀਕਾ ਵੱਲੋਂ ਆਪਣੇ ਤੌਰ 'ਤੇ ਅਮਰੀਕਾ ਵਿੱਚ ਇਹ ਦੂਜੀ ਇਕੱਤਰਤਾ ਕੀਤੀ ਗਈ ਹੈ। ਪਹਿਲੀ ਇਕੱਤਰਤਾ ਨਿਊ ਜਰਸੀ ਵਿੱਚ ਦਸੰਬਰ 2023 ਵਿੱਚ ਕੀਤੀ ਗਈ ਸੀ। ਇਨ੍ਹਾਂ ਇਕੱਤਰਤਾਵਾਂ ਦਾ ਮੁੱਖ ਮਕਸਦ ਸਿੱਖ ਸੰਗਤਾਂ ਨੂੰ ਅਸੈਂਬਲੀ ਵੱਲੋਂ ਕੀਤੀ ਜਾ ਰਹੀ ਲੌਬਿੰਗ ਰਾਹੀਂ ਦਰਪੇਸ਼ ਮਸਲਿਆਂ ਦੇ ਹੱਲ ਲਈ ਯਤਨਾਂ ਅਤੇ ਆਪਣੀ ਕਾਰਗੁਜ਼ਾਰੀ ਤੋਂ ਜਾਣੂ ਕਰਵਾਉਣਾ ਹੈ। ਸਿੱਖ ਅਸੈਂਬਲੀ ਆਫ਼ ਅਮਰੀਕਾ 2023 ਹੋਂਦ ਵਿੱਚ ਆਈ ਸੀ। ਅਸੈਂਬਲੀ ਦੇ ਇਸ ਸਮੇਂ ਤਿੰਨ ਡਾਇਰੈਕਟਰ- ਪਵਨ ਸਿੰਘ ਖਾਲਸਾ, ਸਵਰਨਜੀਤ ਸਿੰਘ ਤੇ ਸਿਮਰਜੋਤ ਸਿੰਘ ਹਨ। ਇਹ ਸੰਸਥਾ ਡਾ. ਗੁਰਮੀਤ ਸਿੰਘ ਔਲਖ ਦੇ ਪੁਰਾਣੇ ਸਾਥੀ ਸਾਬਕਾ ਕਾਂਗਰਸਮੈਨ ਡਾਨ ਬਰਟਨ ਦੇ ਨਾਲ ਵਾਸ਼ਿੰਗਟਨ ਡੀ.ਸੀ. ਵਿੱਚ ਕੰਮ ਕਰਦੀ ਹੈ। ਸੰਸਥਾ ਵੱਲੋਂ ਸਿੱਖ ਯੂਥ ਨੂੰ ਆਪਣੇ ਨਾਲ ਜੋੜਨ ਦੇ ਵੀ ਉਪਰਾਲੇ ਕੀਤੇ ਜਾ ਰਹੇ ਹਨ।


ਇਸ ਮੌਕੇ ਪਵਨ ਸਿੰਘ ਤੇ ਸਿਮਰਜੋਤ ਸਿੰਘ ਨੇ ਵਾਰੋ ਵਾਰੀ ਸਿੱਖ ਅਸੈਂਬਲੀ ਆਫ਼ ਅਮਰੀਕਾ ਦੀ ਤਰਜੀਹੀ ਲੋੜ, ਇਸ ਦੇ ਮਿਸ਼ਨ ਅਤੇ ਮੌਜੂਦਾ ਤੇ ਭਵਿੱਖ ਵਿੱਚ ਹੋਣ ਵਾਲੀਆਂ ਸਰਗਰਮੀਆਂ ਬਾਰੇ ਦੱਸਿਆ। ਇਤਿਹਾਸਕ ਹਵਾਲਿਆਂ ਅਤੇ ਸਿੱਖ ਵਿਰੋਧੀ ਸੰਸਥਾਵਾਂ ਤੇ ਸੱਤਾਧਾਰੀ ਧਿਰਾਂ ਦੀ ਘੱਟ ਗਿਣਤੀ ਭਾਈਚਾਰਿਆਂ ਪ੍ਰਤੀ ਸੋਚ ਦਾ ਜ਼ਿਕਰ ਕਰਦਿਆਂ ਬੁਲਾਰਿਆਂ ਨੇ ਸਪੱਸ਼ਟ ਕਿਹਾ ਕਿ ਜੇ ਹੁਣ ਵੀ ਮਨੁੱਖਤਾਵਾਦੀ ਪਹੁੰਚ ਨਾ ਅਪਨਾਉਂਦਿਆਂ ਚੁੱਪ ਵੱਟੀ ਰੱਖੀ ਤਾਂ ਆਉਣ ਵਾਲਾ ਸਮਾਂ ਸਿੱਖ ਪੰਥ ਅਤੇ ਸਿੱਖ ਕੌਮ ਦੀਆਂ ਪੀੜ੍ਹੀਆਂ ਲਈ ਸਾਜ਼ਗਾਰ ਨਹੀਂ ਹੋਵੇਗਾ।

ਹੋਰ ਬੁਲਾਰਿਆਂ ਵਿੱਚ ਕਾਂਗਰਸਮੈਨ ਮਿਸਟਰ ਡਾਨ ਬਰਟਨ, ਸੰਗਤੀ ਤੌਰ 'ਤੇ ਬੁਲਾਰੇ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ, ਸਾਬਕਾ ਪ੍ਰਧਾਨ ਹਰਕੀਰਤ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਆਗਿਆਪਾਲ ਸਿੰਘ ਬਾਠ, ਪਰਮਿੰਦਰ ਸਿੰਘ ਵਾਲੀਆ, ਕਾਰਸੇਵਾ ਜਥੇ ਦੇ ਮੋਢੀ ਸਤਨਾਮ ਸਿੰਘ ਔਲਖ ਵੀ ਸ਼ਾਮਲ ਸਨ। ਇਸ ਮੌਕੇ ਸਟੇਜ ਦੀ ਸੇਵਾ ਸੰਤ ਬਲਬੀਰ ਸਿੰਘ ਨੇ ਨਿਭਾਈ। ਉਨ੍ਹਾਂ ਦੱਸਿਆ ਕਿ ਇਹ ਇਕੱਤਰਤਾ ਸਿੱਖ ਅਸੈਂਬਲੀ ਆਫ ਅਮਰੀਕਾ ਲਈ ਫੰਡ ਇਕੱਤਰ ਕਰਨ ਅਤੇ ਸਿੱਖ ਭਾਈਚਾਰੇ ਨੂੰ ਅਸੈਂਬਲੀ ਬਾਰੇ ਜਾਣਕਾਰੀ ਦੇਣ ਦੇ ਮਕਸਦ ਨਾਲ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਮੱਖਣ ਸਿੰਘ ਕਲੇਰ ਨੇ ਆਏ ਮਹਿਮਾਨਾਂ ਅਤੇ ਫੰਡ ਦੇਣ ਵਾਲੇ ਸੱਜਣਾਂ ਤੇ ਸੰਸਥਾਵਾਂ ਦਾ ਉਚੇਚਾ ਧੰਨਵਾਦ ਕੀਤਾ।

ਇਸ ਮੌਕੇ ਰੁਪਿੰਦਰ ਸਿੰਘ ਬਾਠ ਓਹਾਇਓ, ਬਿਕਰਮਜੀਤ ਸਿੰਘ ਵਰਜੀਨੀਆ ਅਤੇ ਦਲਬੀਰ ਸਿੰਘ ਚੀਮਾ ਤੇ ਪਰਿਵਾਰ ਗਿਲਸਬਰਗ ਇਲੀਨਾਏ ਅਤੇ ਪੰਥਕ ਸਲੇਟ ਦੀ ਟੀਮ ਤੇ ਸਪੋਟਰ ਤੋਂ ਇਲਾਵਾ ਹੋਰ ਸਥਾਨਕ ਸੰਸਥਾਵਾਂ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਇਸ ਇਕੱਤਰਤਾ ਤੋਂ ਅਗਲੇ ਦਿਨ ਸਿੱਖ ਅਸੈਂਬਲੀ ਆਫ਼ ਅਮਰੀਕਾ ਦੇ ਡਾਇਰੈਕਟਰਾਂ- ਪਵਨ ਸਿੰਘ ਖਾਲਸਾ ਤੇ ਸਿਮਰਜੋਤ ਸਿੰਘ ਦੀ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਸ਼ਿਕਾਗੋ ਵਿੱਖੇ ਸੰਗਤਾਂ ਨਾਲ ਸਾਂਝ ਪੁਆਈ ਗਈ ਅਤੇ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਨ੍ਹਾਂ ਬੁਲਾਰਿਆਂ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਬਾਹਰਲੇ ਦੇਸ਼ਾਂ ਵਿੱਚ ਸਿੱਖ ਕੌਮ ਦੇ ਨੌਜਵਾਨਾਂ ਨੂੰ ਮਾਰ ਮੁਕਾਉਣ ਤੇ ਸ਼ੋਸ਼ਲ ਮੀਡੀਆ 'ਤੇ ਗਲਤ ਢੰਗ ਨਾਲ ਸਿੱਖਾਂ ਨੂੰ ਬਦਨਾਮ ਕਰਨ ਸਬੰਧੀ ਸਾਂਝ ਸੰਗਤ ਨਾਲ ਪਾਈ ਤੇ ਸੰਗਤ ਨੂੰ ਸਾਵਧਾਨ ਰਹਿਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਜੇ ਤੁਹਾਡੇ ਕੋਲ ਅੱਜ ਕਿਸੇ 'ਤੇ ਹੋ ਰਹੇ ਅੱਤਿਆਚਾਰ ਦੇ ਸਬੂਤ ਹਨ ਤਾਂ ਸਾਨੂੰ ਦਿਓ, ਅਸੀਂ ਤੁਹਾਡੇ ਲਈ ਸਿੱਖ ਅਸੈਂਬਲੀ ਆਫ਼ ਅਮਰੀਕਾ ਰਾਹੀਂ ਵਾਸ਼ਿੰਗਟਨ ਡੀ.ਸੀ. ਵਿੱਚ ਆਵਾਜ਼ ਉਠਾਵਾਂਗੇ। ਉਨ੍ਹਾਂ ਯੂਥ ਨੂੰ ਵੀ ਸੁਚੇਤ ਅਤੇ ਤਿਆਰ ਰਹਿਣ ਦੀ ਬੇਨਤੀ ਕੀਤੀ।

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਐਕਸਾਈਜ਼ ਨੀਤੀ ਮਾਮਲੇ 'ਚ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਵਿਰੋਧ

## 31 ਨੂੰ ਰਾਮ ਲੀਲਾ ਗਰਾਊਂਡ 'ਚ ਮਹਾਂ ਰੈਲੀ ਸੱਦੀ

**ਪੰਜਾਬੀ ਪਰਵਾਜ਼ ਬਿਊਰੋ**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਲੰਘੀ 21 ਮਾਰਚ ਦੀ ਰਾਤ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ ਗਿਆ। ਅਗਲੇ ਦਿਨ ਸਥਾਨਕ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ 28 ਮਾਰਚ ਤੱਕ ਰਿਮਾਂਡ ਹਾਸਲ ਕਰ ਲਿਆ ਗਿਆ ਹੈ। ਰਾਊਜ਼ ਅਵੈਨੀਊ ਕੋਰਟ ਦੀ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਉਨ੍ਹਾਂ ਦਾ 6 ਦਿਨ ਦਾ ਰਿਮਾਂਡ ਦਿੰਦਿਆਂ ਕਿਹਾ ਕਿ ਕੇਜ਼ਰੀਵਾਲ ਨੂੰ 28 ਮਾਰਚ ਨੂੰ ਬਾਅਦ ਦੁਪਹਿਰ ਅਦਾਲਤ ਵਿਚ ਪੇਸ਼ ਕੀਤੇ ਜਾਵੇ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਦੇ ਵਕੀਲਾਂ ਦੀ ਅਦਾਲਤ ਵਿੱਚ ਫੌਰੀ (ਅਰਜੈਂਟ) ਸੁਣਵਾਈ ਲਈ ਦਿੱਤੀ ਗਈ ਅਰਜ਼ੀ ਅਦਾਲਤ ਵੱਲੋਂ ਰੱਦ ਕਰ ਦਿੱਤੀ ਗਈ ਅਤੇ ਕਿਹਾ ਗਿਆ ਕਿ ਇਸ ਕੇਸ ਦੀ ਸੁਣਵਾਈ ਹੋਲੀ ਦੀਆਂ ਛੁੱਟੀਆਂ ਤੋਂ ਬਾਅਦ ਹੀ ਹੋ ਸਕੇਗੀ। ਇਸ ਦਰਮਿਆਨ 'ਇੰਡੀਆ' ਗੱਠਜੋੜ ਨਾਲ ਜੁੜੀਆਂ ਸਾਰੀਆਂ ਪਾਰਟੀਆਂ ਨੇ ਦਿੱਲੀ ਦੇ ਰਮਾਲੀਲਾ ਮੈਦਾਨ ਵਿੱਚ ਗ੍ਰਿਫਤਾਰੀ ਦੇ ਵਿਰੋਧ ਅਤੇ 'ਜਮਹੂਰੀਅਤ ਦੀ ਰਾਖੀ' ਲਈ ਇੱਕ ਵੱਡੀ ਰੈਲੀ 31 ਮਾਰਚ ਨੂੰ ਸੱਦ ਲਈ ਹੈ।



ਇਸੇ ਦੌਰਾਨ ਹਿਰਾਸਤ ਵਿੱਚੋਂ ਹੀ ਮੁੱਖ ਮੰਤਰੀ ਵੱਲੋਂ ਦਿੱਲੀ ਦੀ ਇੱਕ ਮੰਤਰੀ ਆਤਿਸ਼ੀ ਰਾਹੀਂ ਆਪਣੀ ਸਰਕਾਰ ਨੂੰ ਆਦੇਸ਼ ਭੇਜ ਕੇ ਮਹਾਂਨਗਰ ਦੇ ਲੋੜਵੰਦ ਇਲਾਕਿਆਂ ਵਿੱਚ ਪਾਣੀ ਦੇ ਟੈਂਕਰ ਭੇਜਣ ਦਾ ਹੁਕਮ ਭੇਜਿਆ ਗਿਆ। ਇਸ ਨਿਰਦੇਸ਼ ਨੂੰ ਲੈ ਕੇ ਵੀ ਇੱਕ ਵਿਵਾਦ ਖੜ੍ਹਾ ਹੋ ਗਿਆ ਹੈ। ਪੁੱਛਿਆ ਜਾ ਰਿਹਾ ਹੈ ਕਿ ਕੀ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਹਿਰਾਸਤ ਵਿੱਚੋਂ ਕੇਜਰੀਵਾਲ ਸਰਕਾਰ ਚਲਾ ਸਕਦਾ ਹੈ? ਈ.ਡੀ. ਨੇ ਵੀ ਇਸ ਮਾਮਲੇ 'ਤੇ ਪ੍ਰਤੀਕਰਮ ਦਿੱਤਾ ਹੈ। ਦਿੱਲੀ ਹਾਈਕੋਰਟ ਦੇ ਇੱਕ ਵਕੀਲ ਵਨੀਤ ਜਿੰਦਲ ਨੇ ਦਿੱਲੀ ਦੇ ਉਪ-ਰਾਜਪਾਲ ਨੂੰ ਇੱਕ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਜਦੋਂ ਦੂਸਰੇ ਕਥਿਤ ਦੋਸ਼ੀ ਹਿਰਾਸਤ ਵਿੱਚੋਂ ਨਿਰਦੇਸ਼ ਜਾਰੀ ਨਹੀਂ ਕਰ ਸਕਦੇ ਤਾਂ ਕੇਜਰੀਵਾਲ ਅਜਿਹਾ ਕਿਵੇਂ ਕਰ ਰਿਹਾ ਹੈ? ਇੱਕ ਪਾਸੇ ਭਾਰਤੀ ਜਨਤਾ ਪਾਰਟੀ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਕੇਜਰੀਵਾਲ ਦੇ ਅਸਤੀਫੇ ਦੀ ਮੰਗ ਕਰ ਰਹੀ ਹੈ, ਉਥੇ ਆਮ ਆਦਮੀ ਪਾਰਟੀ ਜੇਲ੍ਹ ਵਿੱਚੋਂ ਹੀ ਉਨ੍ਹਾਂ ਵੱਲੋਂ ਸਰਕਾਰ ਚਲਾਉਣ 'ਤੇ ਅੜੀ ਹੋਈ ਹੈ। ਪਾਰਟੀ ਦੇ ਆਗੂਆਂ ਦਾ ਦਾਅਵਾ ਹੈ ਕਿ ਜਿੰਨਾ ਚਿਰ ਮੁੱਖ ਮੰਤਰੀ 'ਤੇ ਲਗਾਏ ਗਏ ਕਥਿਤ ਦੋਸ਼ ਸਾਬਤ ਨਹੀਂ ਹੋ ਜਾਂਦੇ, ਉਹ ਸਰਕਾਰ ਚਲਾ ਸਕਦੇ ਹਨ। ਇਹਦੇ ਵਿੱਚ ਕੋਈ ਕਾਨੂੰਨੀ ਅੜਚਣ ਨਹੀਂ ਹੈ।

ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸੂਤਰਾਂ ਅਨੁਸਾਰ ਦਿੱਲੀ ਐਕਸਾਈਜ਼ ਘੁਟਾਲੇ ਵਿੱਚ 36 ਵਿਅਕਤੀ ਹਿਰਾਸਤ ਵਿੱਚ ਲਏ ਗਏ ਹਨ, ਜਿਨ੍ਹਾਂ ਵੱਲੋਂ ਉਪਰੋਕਤ ਮਾਮਲੇ ਵਿੱਚ 171 ਫੋਨਾਂ ਦੀ ਵਰਤੋਂ ਕੀਤੀ ਗਈ ਹੈ। ਜਾਂਚ ਅਧਿਕਾਰੀਆਂ ਦੇ ਹੱਥ ਹੁਣ ਤੱਕ ਸਿਰਫ 17 ਫੋਨ ਹੀ ਲੱਗੇ ਹਨ। ਇਨ੍ਹਾਂ ਦੇ ਆਧਾਰ 'ਤੇ ਈ.ਡੀ. ਅਧਿਕਾਰੀਆਂ ਵੱਲੋਂ ਜਾਂਚ ਲਈ ਸਬੂਤ ਜੁਟਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਇਹ ਦੋਸ਼ ਵੀ ਲਾਏ ਹਨ ਕਿ ਕੇਜਰੀਵਾਲ ਜਾਂਚ ਵਿੱਚ ਸਹਿਯੋਗ ਨਹੀਂ ਦੇ ਰਹੇ। ਉਹ ਆਪਣਾ ਪੁਰਾਣਾ ਫੋਨ ਵੀ ਨਹੀਂ ਦੇ ਰਹੇ, ਜਿਸ ਦੀ ਕਥਿਤ ਐਕਸਾਈਜ਼ ਘੁਟਾਲੇ ਵਿੱਚ ਵਰਤੋਂ ਕੀਤੀ ਗਈ ਸੀ।

ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਰਾਹੀਂ ਕੇਂਦਰ ਸਰਕਾਰ ਨੇ ਆਮ ਆਦਮੀ ਪਾਰਟੀ ਨੂੰ ਇੱਕ ਤਰ੍ਹਾਂ ਨਾਲ ਲੀਡਰਹੀਣ ਕਰ ਦਿੱਤਾ ਹੈ। ਇੰਜ ਪਾਰਟੀ ਨੂੰ ਸਾਂਭਣ ਅਤੇ ਪੰਜਾਬ ਸਰਕਾਰ ਚਲਾਉਣ ਦੀ ਦੂਹਰੀ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੋਰਾਂ 'ਤੇ ਆ ਪਈ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਕੇਜਰੀਵਾਲ ਨੂੰ ਕੈਦ ਕਰ ਸਕਦੀ ਹੈ, ਉਨ੍ਹਾਂ ਦੀ ਸੋਚ ਨੂੰ ਨਹੀਂ। ਦਿੱਲੀ ਸਰਕਾਰ ਵਿੱਚ ਇੱਕ ਮੰਤਰੀ ਬੀਬੀ ਆਤਸ਼ੀ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਸਿਆਸੀ ਬਦਲਾਖੋਰੀ ਵਾਲੇ ਰਾਹ ਪਈ ਹੋਈ ਹੈ। ਉਨ੍ਹਾਂ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਕਾਰਨ ਮੋਦੀ ਸਰਕਾਰ ਆਮ ਆਦਮੀ ਪਾਰਟੀ ਨੂੰ ਲੀਡਰਹੀਣ ਕਰਨਾ ਚਾਹੁੰਦੀ ਹੈ।

ਦੂਜੇ ਪਾਸੇ ਕਾਂਗਰਸ ਪਾਰਟੀ, ਤ੍ਰਿਣਮੂਲ ਕਾਂਗਰਸ, ਮਾਰਕਸਵਾਦੀ ਕਮਿਊਨਿਸਟ ਪਾਰਟੀ, ਸ਼ਰਦ ਪਵਾਰ ਦੀ ਅਗਵਾਈ ਵਾਲੀ ਨੈਸ਼ਨਲ ਕਾਂਗਰਸ, ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜੱਸਵੀ ਯਾਦਵ ਅਤੇ ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਵਿਰੋਧੀ ਗੱਠਜੋੜ ਨੇ ਇਸ ਸਬੰਧ ਵਿੱਚ ਚੋਣ ਕਮਿਸ਼ਨ ਨੂੰ ਵੀ ਇੱਕ ਸ਼ਿਕਾਇਤ ਪੱਤਰ ਸੌਂਪਿਆ। ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਇੱਕ ਡਰਿਆ ਹੋਇਆ ਤਾਨਾਸ਼ਾਹ ਮਰੀ ਹੋਈ ਜਮਹੂਰੀਅਤ ਹੀ ਪੈਦਾ ਕਰ ਸਕਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਜਮਹੂਰੀਅਤ ਦੀ ਹੱਤਿਆ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਰੀ ਪਾਰਟੀ ਕੇਜਰੀਵਾਲ ਦੀ ਪਿੱਠ 'ਤੇ ਖੜ੍ਹੀ ਹੈ। ਉਨ੍ਹਾਂ ਇਸ ਦਰਮਿਆਨ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਤੋੜਨ ਦੇ ਸ਼ੰਕੇ ਵੀ ਜਾਹਰ ਕੀਤੇ ਹਨ। ਉਨ੍ਹਾਂ ਆਪਣੇ ਅਸੈਂਬਲੀ ਮੈਂਬਰਾਂ ਅਤੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਸੰਕਟ ਦੇ ਇਸ ਸਮੇਂ ਵਿੱਚ ਇਕਮੁੱਠ ਰਹਿਣ ਦਾ ਸੱਦਾ ਦਿੱਤਾ ਹੈ।

ਪਰ 'ਆਪ' ਸਰਕਾਰ ਦੀ ਬਦਕਿਸਮਤੀ ਇਹ ਹੈ ਕਿ ਜਦੋਂ ਉਸ ਦੇ ਸਰਬਉਚ ਲੀਡਰਾਂ 'ਤੇ ਸ਼ਰਾਬ ਨੀਤੀ ਵਿੱਚ ਘਪਲੇ ਦੇ ਦੋਸ਼ ਲੱਗ ਰਹੇ ਹਨ ਤਾਂ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਕੁੱਝ ਪਿੰਡਾਂ ਵਿੱਚ ਨਾਜਾਇਜ਼ ਸ਼ਰਾਬ ਨਾਲ ਵੀਹ ਤੋਂ ਵਧੇਰੇ ਮੌਤਾਂ ਹੋ ਗਈਆਂ ਹਨ। ਇਸ ਕਾਰਨ ਪੰਜਾਬ ਦੀ ਐਕਸਾਈਜ਼ ਨੀਤੀ ਜਿਹੜੀ ਦਿੱਲੀ ਐਕਸਾਈਜ਼ ਨੀਤੀ ਤੋਂ ਹੀ ਪ੍ਰਭਾਵਿਤ ਕਹੀ ਜਾ ਰਹੀ ਹੈ, ਦੀ ਵੀ ਆਲੋਚਨਾ ਹੋਣ ਲੱਗੀ ਹੈ। ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਅਤੇ ਕਈ ਹੋਰ ਆਗੂਆਂ ਨੇ ਪੰਜਾਬ ਐਕਸਾਈਜ਼ ਨੀਤੀ ਦੀ ਜਾਂਚ ਮੰਗ ਲਈ ਹੈ।

ਗ੍ਰਿਫਤਾਰੀ ਤੋਂ ਬਾਅਦ ਕੇਜਰੀਵਾਲ ਅਤੇ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਨੇ ਐਲਾਨ ਕੀਤਾ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਬਣੇ ਰਹਿਣਗੇ ਅਤੇ ਅਹੁਦੇ ਤੋਂ ਅਸਤੀਫਾ ਨਹੀਂ ਦੇਣਗੇ। ਦੂਜੇ ਪਾਸੇ ਈ.ਡੀ. ਨੇ ਅਦਾਲਤ ਵਿੱਚ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਦਿੱਲੀ ਦੀ ਐਕਸਾਈਜ਼ ਨੀਤੀ ਘੜਨ ਵਿੱਚ ਅਰਵਿੰਦ ਕੇਜਰੀਵਾਲ ਦੀ ਕੇਂਦਰੀ ਭੂਮਿਕਾ (ਕਿੰਗ ਪਿੰਨ) ਹੈ, ਜਿਸ ਵਿੱਚ 100 ਕਰੋੜ ਦਾ ਘੁਟਾਲਾ ਹੋਇਆ ਹੈ। ਇਸ ਲਈ ਇਸ ਕੇਸ ਦੀਆਂ ਗੁੰਝਲਾਂ ਖੋਲ੍ਹਣ ਲਈ ਉਨ੍ਹਾਂ ਦਾ ਰਿਮਾਂਡ ਲਿਆ ਜਾਣਾ ਜ਼ਰੂਰੀ ਹੈ। ਇਹ ਅਫਵਾਹ ਵੀ ਤੁਰ ਪਈ ਹੈ ਕਿ ਕੇਂਦਰੀ ਪੜਤਾਲੀਆ ਏਜੰਸੀ ਸੀ.ਬੀ.ਆਈ. ਵੀ ਉਨ੍ਹਾਂ ਦੇ ਰਿਮਾਂਡ ਦੀ ਮੰਗ ਕਰ ਸਕਦੀ ਹੈ।

ਇਸ ਦਰਮਿਆਨ ਆਪ ਵਰਕਰਾਂ ਵੱਲੋਂ ਗ੍ਰਿਫਤਾਰੀ ਵਿਰੁਧ ਦਿੱਲੀ ਵਿੱਚ ਕਈ ਥਾਂ ਪ੍ਰਦਰਸ਼ਨ ਕੀਤੇ ਗਏ ਹਨ। ਕੇਜਰੀਵਾਲ ਦੀ ਗ੍ਰਿਫਤਾਰੀ ਤੇ ਪੇਸ਼ੀ ਵੇਲੇ ਵੀ ਵੱਡੀ ਗਿਣਤੀ ਵਿੱਚ 'ਆਪ' ਆਗੂ ਤੇ ਵਰਕਰ ਅਦਾਲਤ ਨੇੜੇ ਇਕੱਠੇ ਹੋ ਗਏ ਸਨ। ਇਸ ਕਾਰਨ ਸਰਕਾਰ ਵੱਡੀ ਪੱਧਰ 'ਤੇ ਸੁਰੱਖਿਆ ਦਸਤਿਆਂ ਨੂੰ ਤਾਇਨਾਤ ਕੀਤਾ ਗਿਆ ਸੀ।

ਯਾਦ ਰਹੇ, ਕਥਿਤ ਐਕਸਾਈਜ਼ ਘੁਟਾਲੇ ਦੇ ਮਾਮਲੇ ਵਿੱਚ 'ਆਪ' ਦੇ ਦੋ ਹੋਰ ਸੀਨੀਅਰ ਆਗੂ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਪਹਿਲਾਂ ਹੀ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ ਦੀ ਜ਼ਮਾਨਤ ਸੁਪਰੀਮ ਕੋਰਟ ਵਿੱਚੋਂ ਰੱਦ ਹੋ ਚੁੱਕੀ ਹੈ। ਅਰਵਿੰਦ ਕੇਜਰੀਵਾਲ ਦੇ ਵਕੀਲਾਂ ਵੱਲੋਂ ਆਪਣੀ ਜ਼ਮਾਨਤ ਲਈ ਵੀ ਇੱਕ ਅਰਜ਼ੀ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਸਾਹਮਣੇ ਲਗਾਈ ਗਈ ਸੀ, ਪਰ ਸਰਬਉਚ ਅਦਾਲਤ ਵੱਲੋਂ ਇਸੇ ਮਾਮਲੇ ਵਿੱਚ ਗ੍ਰਿਫਤਾਰ ਕੀਤੀ ਗਈ ਆਂਧਰਾ ਦੀ ਪਾਰਟੀ ਬੀ.ਆਰ.ਐਸ. ਦੀ ਆਗੂ ਕੇ.ਕਵਿਤਾ ਦੀ ਜ਼ਮਾਨਤ ਅਰਜੀ ਰੱਦ ਹੋਣ ਤੋਂ ਬਾਅਦ ਕੇਜਰੀਵਾਲ ਦੀ ਜ਼ਮਾਨਤ ਦੀ ਅਰਜੀ ਵਾਪਸ ਲੈ ਲਈ ਗਈ। ਕੇਜਰੀਵਾਲ ਦੇ ਵਕੀਲ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਉਨ੍ਹਾਂ ਦਾ ਕੇਸ ਹੇਠਲੀ ਅਦਾਲਤ ਵਿੱਚ ਹੀ ਲੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਗ੍ਰਿਫਤਾਰੀ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਸਿਸੋਦੀਆ ਅਤੇ ਸੰਜੇ ਸਿੰਘ ਖਿਲਾਫ ਵੀ ਹਾਲੇ ਤੱਕ ਚੱਜ ਦੇ ਸਬੂਤ ਨਹੀਂ ਜੁਟਾ ਸਕਿਆ ਹੈ। ਹੁਣ ਬਿਨਾ ਕਿਸੇ ਠੋਸ ਸਬੂਤ ਦੇ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਉਂਝ ਇਸ ਦਰਮਿਆਨ ਸਿੱਖਸ ਫਾਰ ਜਸਟਿਸ ਦੇ ਅਮਰੀਕਾ ਵਿੱਚ ਵੱਸੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਵਿਆਹ ਵਿੱਚ ਇੱਕ ਹੋਰ ਬੀ ਦਾ ਲੇਖਾ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 2014 ਵਿੱਚ ਖਾਲਿਸਤਾਨੀ ਆਗੂਆਂ ਨੇ ਗੁਰਦੁਆਰਾ ਰਿਚਮੰਡ ਹਿੱਲ ਵਿੱਚ ਕੇਜਰੀਵਾਲ ਨਾਲ ਇੱਕ ਗੁਪਤ ਮੀਟਿੰਗ ਕੀਤੀ ਸੀ ਅਤੇ ਇਸ ਤਹਿਤ ਹੋਈ ਸਹਿਮਤੀ ਦੇ ਸਿੱਟੇ ਵਜੋਂ ਕੇਜਰੀਵਾਲ ਦੀ ਪਾਰਟੀ ਨੂੰ ਡੇੜ ਸੌ ਕਰੋੜ ਰੁਪਏ ਦੇ ਕਰੀਬ ਫੰਡ ਦਿੱਤਾ ਗਿਆ। ਇਸ ਬਦਲੇ ਉਨ੍ਹਾਂ ਮਾਨਸਿਕ ਤਵਾਜ਼ਨ ਖੋ ਚੁੱਕੇ ਸਿੱਖ ਬੰਦੀ ਦਵਿੰਦਰ ਸਿੰਘ ਭੁੱਲਰ ਨੂੰ ਰਿਹਾਅ ਕਰਨ ਦਾ ਵਾਅਦਾ ਕੀਤਾ ਸੀ, ਪਰ ਉਨ੍ਹਾਂ ਭੁੱਲਰ ਨੂੰ ਰਿਹਾਅ ਨਹੀਂ ਕੀਤਾ। ਇਹ ਜਾਂਚ ਵੀ ਹੋਣੀ ਚਾਹੀਦੀ ਹੈ।

ਜਰਮਨ ਸਰਕਾਰ ਵੱਲੋਂ ਕੇਜਰੀਵਾਲ ਮਾਮਲੇ ਵਿੱਚ ਇੱਕ ਟਿੱਪਣੀ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੇ ਜਰਮਨੀ ਦੇ ਰਾਜਦੂਤ ਨੂੰ ਤਲਬ ਕੀਤਾ ਅਤੇ ਇਸ ਨੂੰ ਹਿੰਦੁਸਤਾਨ ਦੇ ਅੰਦਰੂਨੀ ਮਾਮਲਿਆਂ ਤੇ ਨਿਆਇਕ ਅਮਲ ਵਿੱਚ ਦਖਲ ਕਰਾਰ ਦਿੱਤਾ। ਪੰਜਾਬ ਅਤੇ ਦਿੱਲੀ ਦੀ ਰਾਜਨੀਤੀ 'ਤੇ ਨੇੜਿਉਂ ਨਿਗਾਹ ਰੱਖ ਰਹੇ ਵਿਸ਼ਲੇਸ਼ਕਾਂ ਦਾ ਆਖਣਾ ਹੈ, ਇਹ ਆਮ ਆਦਮੀ ਪਾਰਟੀ ਅਤੇ ਖਾਸ ਕਰਕੇ ਭਗਵੰਤ ਮਾਨ ਲਈ ਵੱਡੀ ਪਰਖ ਦੀ ਘੜੀ ਹੈ ਕਿ ਉਹ ਇਸ ਸੰਕਟ ਵਿੱਚੋਂ ਆਪਣੀ ਸਰਕਾਰ ਅਤੇ ਪਾਰਟੀ ਸੰਗਠਨ ਨੂੰ ਉਭਾਰ ਸਕਦੇ ਹਨ ਜਾਂ ਨਹੀਂ! ਨੇੜੇ ਆ ਰਹੀਆਂ ਲੋਕ ਸਭਾ ਚੋਣਾਂ ਇਸ ਕਾਰਜ ਨੂੰ ਹੋਰ ਚੁਣੌਤੀ ਭਰਪੂਰ ਬਣਾ ਰਹੀਆਂ ਹਨ। ਇਹ ਸਮਾਂ ਉਨ੍ਹਾਂ ਲਈ ਮੌਕਾ ਵੀ ਬਣ ਸਕਦਾ ਹੈ, ਕਿਉਂਜੋ ਕੇਜਰੀਵਾਲ ਦੀ ਗ੍ਰਿਫਤਾਰੀ ਵਿਰੁਧ ਖੜਾ ਕੀਤਾ ਜਾਣ ਵਾਲਾ ਪ੍ਰਵਚਨ 'ਆਪ' ਨਾਲ ਹਮਦਰਦੀ ਦੀ ਲਹਿਰ ਪੈਦਾ ਕਰ ਸਕਦਾ ਹੈ। ਅਜਿਹਾ ਨੈਰੇਟਿਵ ਨਾ ਬਣਾ ਸਕਣ ਦੀ ਸੂਰਤ ਵਿੱਚ ਭਾਜਪਾ ਅਤੇ ਕੇਂਦਰ ਸਰਕਾਰ ਦਾ ਵਿਆਪਕ ਪ੍ਰਚਾਰ ਤੰਤਰ 'ਆਪ' ਦੇ ਅਕਸ ਨੂੰ ਢਾਹ ਲਾਉਣ ਦਾ ਸਬੱਬ ਵੀ ਬਣ ਸਕਦਾ ਹੈ।

ਇੱਥੇ ਦੱਸਣਾ ਯੋਗ ਹੋਵੇਗਾ ਕਿ ਇੱਕ ਹੋਰ ਮਾਮਲੇ ਵਿੱਚ ਲੋਕ ਸਭਾ ਵਿੱਚੋਂ ਬਰਖਾਸਤ ਤ੍ਰਿਣਮੂਲ ਕਾਂਗਰਸ ਦੀ ਆਗੂ ਮਹੂਆ ਮੋਇਤਰਾ ਨੂੰ ਗ੍ਰਿਫਤਾਰ ਕਰਨ ਲਈ ਵੀ ਸੀ.ਬੀ.ਆਈ. ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।





**Services:**

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning



**ਸੇਵਾਵਾਂ:**

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।


**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ



'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

# ਜਾਅਲੀ ਸ਼ਰਾਬ ਦੇ ਮੁੱਦੇ 'ਤੇ ਸਿਆਸਤ ਗਰਮਾਈ

## ਜਾਅਲੀ ਸ਼ਰਾਬ ਪੀਣ ਕਾਰਨ 40 ਵਿਅਕਤੀ ਪ੍ਰਭਾਵਿਤ, 20 ਮੌਤਾਂ ਮਰਨ ਵਾਲਿਆਂ ਵਿੱਚੋਂ ਬਹੁਤੇ ਪੇਂਡੂ ਮਜ਼ਦੂਰ ਵਰਗ ਨਾਲ ਸਬੰਧਤ

ਦਿੱਲੀ ਦੀ ਸ਼ਰਾਬ (ਐਕਸਾਈਜ਼) ਨੀਤੀ ਬਾਰੇ ਵੱਡਾ ਸਿਆਸੀ ਘਮਸਾਣ ਮੱਚਿਆ ਹੋਇਆ ਹੈ ਅਤੇ ਇਸ ਵਿੱਚ ਹੋਈ ਕਥਿਤ ਹੇਰਾਫੇਰੀ ਵਿੱਚ ਪਹਿਲਾਂ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਇੱਥੋਂ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਵੀ ਹੋ ਚੁੱਕੀ ਹੈ। ਇਸ ਮਾਮਲੇ ਨੂੰ ਲੈ ਕੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਆਗੂ ਅੰਦੋਲਿਤ ਹੋਏ ਵਿਖਾਈ ਦੇ ਰਹੇ ਹਨ। ਇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਹੋ ਗਏ ਹਨ। ਇਧਰ ਉਨ੍ਹਾਂ ਦੇ ਆਪਣੇ ਰਾਜ ਵਿੱਚ ਜਾਅਲੀ ਸ਼ਰਾਬ ਨਾਲ 20 ਮੌਤਾਂ ਹੋਣ ਦੀਆਂ ਖ਼ਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣ ਗਈਆਂ ਹਨ। ਤਿੰਨ ਐਕਸਾਈਜ਼ ਅਧਿਕਾਰੀਆਂ ਅਤੇ ਇੱਕ ਐਸ.ਐਚ.ਓ. ਨੂੰ ਮਾਮਲੇ ਵਿੱਚ ਸਸਪੈਂਡ ਕਰ ਦਿੱਤਾ ਗਿਆ ਹੈ। ਪੰਜਾਬ ਕਾਂਗਰਸ ਨੇ ਜ਼ਿੰਮੇਵਾਰ ਐਕਸਾਈਜ਼ ਅਧਿਕਾਰੀਆਂ ਖਿਲਾਫ ਕਤਲ ਦੇ ਮੁਕੱਦਮੇ ਦਰਜ ਕਰਨ ਦੀ ਮੰਗ ਕੀਤੀ ਹੈ।

ਪੰਜਾਬ ਵਿੱਚ ਵਿਰੋਧੀ ਪਾਰਟੀਆਂ ਆਮ ਆਦਮੀ ਪਾਰਟੀ ਨੂੰ ਘੇਰਦਿਆਂ ਆਖ ਰਹੀਆਂ ਹਨ ਕਿ 'ਆਪ ਦੀ ਸ਼ਰਾਬ ਨੀਤੀ ਅਤੇ ਸ਼ਰਾਬ ਪੀਤੀ' ਦੇ ਸਿੱਟੇ ਸਾਹਮਣੇ ਆਉਣ ਲੱਗੇ ਹਨ। ਇਸ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਜਾਂਚ ਲਈ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਹੈ। ਭਾਰਤੀ ਚੋਣ ਕਮਿਸ਼ਨ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਤੋਂ ਵਿਸਥਾਰਤ ਰਿਪੋਰਟ ਮੰਗ ਲਈ ਹੈ। ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਇਹ ਵੀ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ ਕਿ ਪਿੰਡਾਂ ਦੀ ਗਰੀਬ ਜਨਤਾ ਵਿੱਚ ਵੰਡੀ ਜਾ ਰਹੀ ਇਸ ਜਾਅਲੀ ਸ਼ਰਾਬ ਦਾ ਚੋਣ ਅਮਲ ਨਾਲ ਵੀ ਸਬੰਧ ਹੋ ਸਕਦਾ ਹੈ।

ਯਾਦ ਰਹੇ, ਬੀਤੇ ਕੁਝ ਦਿਨਾਂ ਵਿੱਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਅਤੇ ਸੁਨਾਮ ਬਲਾਕਾਂ ਦੇ ਪਿੰਡਾਂ ਵਿੱਚ ਐਥਨੋਲ ਤੋਂ ਬਣਾਈ ਜਾਅਲੀ ਸ਼ਰਾਬ ਪੀਣ ਨਾਲ 20 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਕਈ ਹੋਰ ਸਥਾਨਕ ਸਿਵਲ ਹਸਪਤਾਲਾਂ ਅਤੇ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਦਾਖਲ ਹਨ। ਮਰਨ ਵਾਲਿਆਂ ਵਿੱਚੋਂ ਬਹੁਤੇ ਪੇਂਡੂ ਮਜ਼ਦੂਰ ਪਰਿਵਾਰਾਂ ਨਾਲ ਸਬੰਧਤ ਹਨ।

ਇਸ ਕੇਸ ਨਾਲ ਸਬੰਧਤ ਪਹਿਲੀ ਘਟਨਾ ਬੀਤੀ 20 ਮਾਰਚ ਨੂੰ ਦਿੜ੍ਹਬਾ ਬਲਾਕ ਦੇ ਗੁਜਰਾਂ ਪਿੰਡ ਵਿੱਚ ਸਾਹਮਣੇ ਆਈ ਸੀ। ਸਥਾਨਕ ਪੁਲਿਸ ਅਧਿਕਾਰੀਆਂ ਅਨੁਸਾਰ ਦਿੜ੍ਹਬਾ ਬਲਾਕ ਦੇ ਪਿੰਡ ਗੁੱਜਰਾਂ ਦੇ 6 ਵਿਅਕਤੀਆਂ ਦੀ ਨਾਜਾਇਜ਼ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਪੰਜ ਜਣੇ ਇਸ ਸ਼ਰਾਬ ਨੂੰ ਪੀਣ ਤੋਂ ਬਾਅਦ ਬਿਮਾਰ ਪੈ ਗਏ ਸਨ। ਇਨ੍ਹਾਂ ਨੂੰ ਪਹਿਲਾਂ ਸੁਨਾਮ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਅਤੇ ਬਾਅਦ ਵਿੱਚ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਭੇਜ ਦਿੱਤਾ ਗਿਆ। ਇਹ ਸਾਰੇ ਦਿੜ੍ਹਬਾ ਬਲਾਕ ਦੇ ਪਿੰਡ ਗੁੱਜਰਾਂ ਨਾਲ ਹੀ ਸੰਬੰਧਤ ਸਨ। ਮਰਨ ਵਾਲਿਆਂ ਵਿੱਚ ਭੋਲਾ ਸਿੰਘ (50), ਨਿਰਮਲ ਸਿੰਘ (42), ਪ੍ਰਗਟ ਸਿੰਘ (42), ਜਗਜੀਤ ਸਿੰਘ (30) ਅਤੇ ਲਾਡੀ ਸਿੰਘ ਸ਼ਾਮਲ ਹਨ। ਲਾਡੀ ਸਿੰਘ ਦੀ ਮੌਤ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਇਲਾਜ ਦੌਰਾਨ ਹੋਈ। ਅਗਲੇ ਦਿਨ ਹਸਪਤਾਲ ਵਿੱਚ ਇਲਾਜ ਅਧੀਨ ਧੂੰਦਲੀ ਖੁਰਦ ਪਿੰਡ ਦੇ ਕੁਲਦੀਪ ਸਿੰਘ ਅਤੇ ਓਪਲੀ ਪਿੰਡ ਦੇ ਗੁਰਜੰਟ ਸਿੰਘ ਦੀ ਵੀ ਮੌਤ ਹੋ ਗਈ। ਸੁਨਾਮ ਬਲਾਕ ਦੇ ਪਿੰਡ ਟਿੱਬੀ ਰਵੀਦਾਸਪੁਰਾ ਨਾਲ ਸਬੰਧਤ ਬਿੱਟੂ ਸਿੰਘ, ਹੰਸਵੀਰ ਸਿੰਘ, ਰਵੀ, ਸੁਖਦੇਵ ਸਿੰਘ ਅਤੇ ਸੁਲੱਖਣ ਸਿੰਘ ਨੇ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਦੌਰਾਨ ਦਮ ਤੋੜਿਆ। ਇਸ ਤੋਂ ਇਲਾਵਾ 20 ਹੋਰ ਵਿਅਕਤੀ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ।

ਸੰਗਰੂਰ ਦੇ ਡਿਪਟੀ ਕਮਿਸ਼ਨਰ ਅਨੁਸਾਰ ਜਾਅਲੀ ਸ਼ਰਾਬ ਪੀਣ ਕਾਰਨ ਬੀਤੀ 20 ਮਾਰਚ ਨੂੰ 6 ਵਿਅਕਤੀਆਂ ਦੀ ਮੌਤ ਹੋਈ। ਅਗਲੇ ਦੋ ਦਿਨਾਂ ਵਿੱਚ 14 ਹੋਰ ਵਿਅਕਤੀ ਪ੍ਰਭਾਵਿਤ ਹੋ ਗਏ। ਪੁਲਿਸ ਵੱਲੋਂ ਜਾਅਲੀ ਸ਼ਰਾਬ ਵੇਚਣ ਦੇ ਇਲਜ਼ਾਮ ਵਿੱਚ ਗੁੱਜਰਾਂ ਪਿੰਡ ਦੇ ਮਨਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਸੁਖਵਿੰਦਰ ਸਿੰਘ ਤੇ ਗੁਰਲਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੰਗਰੂਰ ਜਿਲ੍ਹੇ ਦੇ ਐਸ.ਐਸ.ਪੀ. ਸਰਤਾਜ ਸਿੰਘ ਅਨੁਸਾਰ ਮਨਪ੍ਰੀਤ ਸਿੰਘ ਖਿਲਾਫ ਇਸ ਤੋਂ ਪਹਿਲਾਂ ਵੀ ਜਾਅਲੀ ਸ਼ਰਾਬ ਦਾ ਧੰਦਾ ਕਰਨ ਵਿਰੁਧ ਸ਼ਿਕਾਇਤ ਕੀਤੀ ਗਈ ਸੀ। ਇਸ ਮਾਮਲੇ ਵਿੱਚ ਉਸ ਦੇ ਖਿਲਾਫ ਇਸੇ ਸਾਲ ਜਨਵਰੀ ਮਹੀਨੇ ਵਿੱਚ ਕੇਸ ਵੀ ਦਰਜ ਹੋਇਆ ਸੀ। ਮਨਪ੍ਰੀਤ ਜ਼ਮਾਨਤ ਉੱਤੇ ਬਾਹਰ ਆਇਆ ਸੀ। ਹਾਲੇ ਪਿਛਲੇ ਹਫਤੇ ਹੀ ਪੁਲਿਸ ਵੱਲੋਂ ਉਸ ਖਿਲਾਫ ਚਲਾਨ ਪੇਸ਼ ਕੀਤਾ ਗਿਆ ਸੀ।

ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਜਾਅਲੀ ਸ਼ਰਾਬ ਦੇ ਧੰਦੇ ਵਿੱਚ ਸ਼ਾਮਲ ਮੁੱਖ ਦੋਸ਼ੀ ਹਰਮਨਪ੍ਰੀਤ ਸਿੰਘ ਨੂੰ ਵੀ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਅਨੁਸਾਰ ਹਰਮਨਪ੍ਰੀਤ ਸਿੰਘ ਆਪਣੇ ਘਰ ਵਿੱਚ ਜਾਅਲੀ ਸ਼ਰਾਬ ਬਣਾ ਕੇ ਬੋਤਲਾਂ ਵਿੱਚ ਪੈਕ ਕਰਦਾ ਸੀ। ਉਸ ਕੋਲੋਂ 200 ਲਿਟਰ ਐਥਨੋਲ, ਵੱਖ-ਵੱਖ ਲੇਬਲਾਂ ਵਾਲੀਆਂ 130 ਬੋਤਲਾਂ, ਬਿਨਾ ਲੇਬਲ ਸ਼ਰਾਬ ਦੀਆਂ 80 ਬੋਤਲਾਂ ਅਤੇ 4600 ਹੋਰ ਖਾਲੀ ਬੋਤਲਾਂ ਬਰਾਮਦ ਕੀਤੀਆਂ ਗਈਆਂ ਹਨ। ਹਰਮਨਪ੍ਰੀਤ ਸਿੰਘ ਪਟਿਆਲਾ ਜ਼ਿਲ੍ਹੇ ਦੇ ਤਾਈਪੁਰ ਪਿੰਡ ਨਾਲ ਸਬੰਧਤ ਹੈ ਅਤੇ ਸ਼ਰਾਬ ਬਣਾਉਣ ਲਈ ਐਥਨੋਲ ਹਰਿਆਣਾ ਦੇ ਨੋਇਡਾ ਤੋਂ ਹਾਸਲ ਕਰਦਾ ਸੀ। ਐਥਨੋਲ ਦੀ ਸਪਲਾਈ ਆਮ ਤੌਰ 'ਤੇ ਰਜਿਸਟਰਡ ਰਿਟੇਲਰਾਂ ਨੂੰ ਹੀ ਕੀਤੀ ਜਾਂਦੀ ਹੈ। ਪੰਜਾਬ ਪੁਲਿਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਹਰਮਨਪ੍ਰੀਤ ਜਾਅਲੀ ਸ਼ਰਾਬ ਬਣਾਉਣ ਤੋਂ ਬਾਅਦ ਗੁਰਲਾਲ ਨੂੰ ਦਿੰਦਾ ਸੀ ਅਤੇ ਅੱਗੇ ਉਹ ਗੁੱਜਰਾਂ ਪਿੰਡ ਦੇ ਮਨਪ੍ਰੀਤ ਸਿੰਘ ਨੂੰ ਸਪਲਾਈ ਕਰਦਾ ਸੀ। ਮਨਪ੍ਰੀਤ ਵੱਲੋਂ ਇਹ ਸ਼ਰਾਬ 150 ਰੁਪਏ ਬੋਤਲ ਦੇ ਹਿਸਾਬ ਨਾਲ ਵੇਚੀ ਜਾਂਦੀ ਸੀ।

ਇਸੇ ਦੌਰਾਨ ਪੰਜਾਬ ਪ੍ਰਸ਼ਾਸਨ ਖਿਲਾਫ ਪ੍ਰਦਰਸ਼ਨ ਕਰ ਰਹੇ ਸਥਾਨਕ ਲੋਕਾਂ ਦਾ ਆਖਣਾ ਹੈ ਕਿ ਜਿਸ ਸ਼ਰਾਬ ਨਾਲ ਲੋਕਾਂ ਦੀ ਮੌਤ ਹੋਈ ਹੈ, ਉਸ ਦੀਆਂ ਬੋਤਲਾਂ ਪੁਲਿਸ ਵੱਲੋਂ ਬਰਾਮਦ ਕੀਤੀਆਂ ਗਈਆਂ ਬੋਤਲਾਂ ਤੋਂ ਵੱਖਰੀਆਂ ਹਨ। ਮਾਮਲੇ ਦੀ ਉਚ ਪੱਧਰੀ ਪੜਤਾਲ ਲਈ ਸਰਕਾਰ ਵੱਲੋਂ ਐਡੀਸਨਲ ਡਾਇਰੈਕਟਰ ਜਨਰਲ ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ।

ਜਾਣਕਾਰਾਂ ਅਨੁਸਾਰ ਪਟਿਆਲਾ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ, ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਅਤੇ ਐਕਸਾਈਜ਼ ਦੇ ਐਡੀਸ਼ਨਲ ਕਮਿਸ਼ਨਰ ਨਰੇਸ਼ ਦੂਬੇ ਬਣਾਈ ਗਈ ਵਿਸ਼ੇਸ਼ ਟੀਮ ਦੇ ਹੋਰ ਮੈਂਬਰ ਹਨ।

ਇਸ ਮਾਮਲੇ ਵਿੱਚ ਸੁਨਾਮ, ਪਾਤੜਾਂ ਅਤੇ ਦਿੜ੍ਹਬਾ ਦੇ ਐਕਸਾਈਜ਼ ਇੰਸਪੈਕਟਰਾਂ- ਪ੍ਰਕਾਸ਼ ਸਿੰਘ, ਕਸ਼ਮੀਰਾ ਸਿੰਘ ਅਤੇ ਮੋਹਨ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਸੇ ਵਿਭਾਗ ਦੇ ਇੱਕ ਹੋਰ ਅਧਿਕਾਰੀ ਸਵਰੂਪਇੰਦਰ ਸਿੰਘ ਖਿਲਾਫ ਵੀ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੈ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਦੇ ਸ਼ੁਤਰਾਣਾ ਥਾਣੇ ਦੇ ਐਸ.ਐਚ.ਓ. ਯਸ਼ਪਾਲ ਸਿੰਘ ਖਿਲਾਫ ਵੀ ਡਿਊਟੀ ਵਿੱਚ ਕੁਤਾਹੀ ਵਰਤਣ ਦੇ ਦੋਸ਼ ਅਧੀਨ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਜਾਅਲੀ ਸ਼ਰਾਬ ਦੇ ਪ੍ਰਮੁੱਖ ਸਮਗਲਰ ਹਰਮਨਪ੍ਰੀਤ ਸਿੰਘ ਦਾ ਪਿੰਡ ਇਸੇ ਥਾਣੇ ਵਿੱਚ ਪੈਂਦਾ ਹੈ। ਜ਼ਿਲ੍ਹਾ ਸੰਗਰੂਰ ਦੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਅਨੁਸਾਰ ਬੀਤੇ ਕੁਝ ਦਿਨਾਂ ਵਿੱਚ ਜਾਅਲੀ ਸ਼ਰਾਬ ਪੀਣ ਕਾਰਨ ਤਕਰੀਬਨ 40 ਵਿਅਕਤੀ ਪ੍ਰਭਾਵਿਤ ਹੋਏ ਸਨ, ਜਿਨ੍ਹਾਂ ਵਿੱਚੋਂ 20 ਦੀ ਮੌਤ ਹੋ ਚੁੱਕੀ ਹੈ ਅਤੇ 11 ਹੋਰ ਸੁਨਾਮ, ਸੰਗਰੂਰ ਅਤੇ ਪਟਿਆਲਾ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ।

ਭਾਰਤ ਦੇ ਚੋਣ ਕਮਿਸ਼ਨ ਨੇ ਪੰਜਾਬ ਦੇ ਚੀਫ ਸੈਕਟਰੀ ਅਨੁਰਾਗ ਵਰਮਾ ਅਤੇ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੂੰ ਇੱਕ ਪੱਤਰ ਲਿਖ ਕੇ ਇਸ ਮਾਮਲੇ ਵਿੱਚ ਫੌਰੀ ਰਿਪੋਰਟ ਭੇਜਣ ਲਈ ਕਿਹਾ ਹੈ। ਪੰਜਾਬ ਦੇ ਮੁਖ ਚੋਣ ਅਫਸਰ ਨੇ ਦੋਹਾਂ ਅਧਿਕਾਰੀਆਂ ਨੂੰ ਲਿਖੇ ਇੱਕ ਪੱਤਰ ਵਿੱਚ ਉਪਰੋਕਤ ਮਾਮਲੇ ਸਬੰਧੀ ਵਿਸਥਾਰਤ ਰਿਪੋਰਟ ਭੇਜਣ ਲਈ ਕਿਹਾ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ ਵਿੱਚ ਨਿਆਇਕ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੁਖਾਂਤ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਦੀ ਅਸਲ ਦਸ਼ਾ ਨੂੰ ਪ੍ਰਗਟ ਕਰਦੀ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਇਸ ਕਰਕੇ ਵਾਪਰਿਅ, ਕਿਉਂਕਿ ਸੱਤਾਧਾਰੀ ਪਾਰਟੀ ਦੇ ਅਸੈਂਬਲੀ ਮੈਂਬਰ ਜਾਅਲੀ ਸ਼ਰਾਬ ਅਤੇ ਹੋਰ ਨਸ਼ੇ ਵੇਚਣ ਵਾਲੇ ਸਮਗਲਰਾਂ ਨੂੰ ਪਨਾਹ ਦੇ ਰਹੇ ਹਨ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮਾਮਲੇ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਪੰਜਾਬ ਦੇ ਵਿੱਤ, ਐਕਸਾਈਜ਼ ਤੇ ਟੈਕਸੇਸ਼ਨ ਮੰਤਰੀ ਹਰਪਾਲ ਚੀਮਾ ਦੇ ਅਸਤੀਫੇ ਦੀ ਵੀ ਮੰਗ ਕੀਤੀ।



# ਦਿਮਾਗ ਵਿੱਚ ਚਿੱਪ: ਫਾਇਦਿਆਂ ਦੇ ਨਾਲ-ਨਾਲ ਜੋਖਮ ਵੀ

**ਡਾ. ਸੰਜੇ ਵਰਮਾ**


ਬ੍ਰਹਿਮੰਡ ਵਿੱਚ ਧਰਤੀ ਸਦੀਆਂ ਤੋਂ ਮਨੁੱਖਾਂ ਦੇ ਰਾਜ ਅਧੀਨ ਰਹੀ ਹੈ। ਜੇ ਤਾਕਤ ਅਤੇ ਆਕਾਰ ਦੇ ਪੈਮਾਨੇ 'ਤੇ ਦੇਖਿਆ ਜਾਵੇ ਤਾਂ ਅਤੀਤ ਵਿੱਚ ਡਾਇਨਾਸੌਰ ਸਾਡੇ ਨਾਲੋਂ ਜ਼ਿਆਦਾ ਤਾਕਤਵਰ ਸਨ। ਅੱਜ ਵੀ ਹਾਥੀ, ਸ਼ੇਰ, ਚੀਤੇ ਤੋਂ ਲੈ ਕੇ ਵ੍ਹੇਲ ਤੱਕ ਸਾਰੇ ਜਾਨਵਰ ਸਾਡੇ ਮਨੁੱਖਾਂ ਤੋਂ ਕਈ ਪੱਖਾਂ ਤੋਂ ਅੱਗੇ ਹਨ; ਪਰ ਮਨੁੱਖ ਨੇ ਜਿਸ ਦੇ ਆਧਾਰ 'ਤੇ ਇਸ ਧਰਤੀ 'ਤੇ ਸਾਰੇ ਜੀਵਾਂ ਨੂੰ ਕਾਬੂ ਕੀਤਾ ਹੈ ਅਤੇ ਮਨ-ਇੱਛਤ ਤਰੱਕੀ ਹਾਸਲ ਕੀਤੀ ਹੈ, ਉਸ ਦੇ ਪਿੱਛੇ ਉਸ ਦਾ ਮਨ ਹੈ- ਜਿਸ ਨੇ ਉਸ ਨੂੰ ਹਰ ਸ਼ਕਤੀ ਦਾ ਹੱਲ ਲੱਭਣ ਅਤੇ ਉਸ ਨੂੰ ਆਪਣੇ ਅਧੀਨ ਲਿਆਉਣ ਦੀ ਸਹੂਲਤ ਦਿੱਤੀ ਹੈ। ਕੀ ਹੋਵੇਗਾ ਜੇ ਇਹ ਮਨ ਹੀ ਕਿਸੇ ਹੋਰ ਦੇ ਹੁਕਮਾਂ ਨੂੰ ਮੰਨਣ ਲੱਗ ਜਾਵੇ? ਖਾਸ ਤੌਰ 'ਤੇ ਉਦੋਂ ਕੀ ਹੋਵੇਗਾ, ਜੇ ਸਾਡਾ ਦਿਮਾਗ ਮਕੈਨੀਕਲ ਸਿਗਨਲਾਂ ਨਾਲ ਕੰਮ ਕਰਨਾ ਸ਼ੁਰੂ ਕਰ ਦੇਵੇ?

ਇਹ ਕਲਪਨਾ ਹੁਣ ਹਕੀਕਤ ਬਣ ਗਈ ਹੈ। ਟੈਸਲਾ ਅਤੇ ਸਪੇਸਐਕਸ ਵਰਗੀਆਂ ਕੰਪਨੀਆਂ ਦੇ ਮਾਲਕ ਐਲੋਨ ਮਸਕ ਦੀ ਇੱਕ ਹੋਰ ਕੰਪਨੀ, ਨਿਊਰਲਿੰਕ (ਟ੍ਰਾਂਸਹਿਊਮਨਵਾਦ ਦੇ ਕੱਟੜ ਸਮਰਥਕ), ਨੇ ਹਾਲ ਹੀ ਵਿੱਚ ਇੱਕ ਮਰੀਜ਼ ਦੇ ਦਿਮਾਗ ਵਿੱਚ ਸਫਲਤਾਪੂਰਵਕ ਮਾਈਕ੍ਰੋਚਿੱਪ ਲਾ ਦਿੱਤੀ ਹੈ। ਟਵਿੱਟਰ 'ਤੇ ਆਪਣੇ ਟਵੀਟ 'ਚ ਮਸਕ ਨੇ ਟਰਾਂਸਪਲਾਂਟ ਤੋਂ ਬਾਅਦ ਲਿਖਿਆ ਕਿ ਦੁਨੀਆ ਦੇ ਪਹਿਲੇ ਵਿਅਕਤੀ ਨੂੰ ਨਿਊਰਲਿੰਕ ਤੋਂ ਇੰਪਲਾਂਟ ਮਿਲਿਆ ਹੈ, ਜਿਸ ਤੋਂ ਬਾਅਦ ਮਰੀਜ਼ ਠੀਕ ਹੋ ਰਿਹਾ ਹੈ। ਮਸਕ ਨੇ ਲਿਖਿਆ, 'ਸ਼ੁਰੂਆਤੀ ਨਤੀਜੇ ਵਾਅਦਾ ਕਰਨ ਵਾਲੇ ਹਨ।'

ਨਿਊਰਲਿੰਕ ਦੀ ਮਾਈਕ੍ਰੋਚਿੱਪ ਨੂੰ ਟੈਲੀਪੈਥੀ ਦਾ ਨਾਂ ਦਿੱਤਾ ਗਿਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਦੀ ਮਦਦ ਨਾਲ ਕੋਈ ਵੀ ਵਿਅਕਤੀ ਸਿਰਫ਼ ਸੋਚ ਕੇ ਹੀ ਫ਼ੋਨ, ਕੰਪਿਊਟਰ ਆਦਿ ਸਾਰੇ ਯੰਤਰਾਂ ਨੂੰ ਕੰਟਰੋਲ ਕਰਨ ਦੀ ਤਾਕਤ ਹਾਸਲ ਕਰ ਲਵੇਗਾ। ਮਸਕ ਅਨੁਸਾਰ ਇਸ ਡਿਵਾਈਸ ਯਾਨਿ ਟੈਲੀਪੈਥੀ ਦੇ ਸ਼ੁਰੂਆਤੀ ਉਪਭੋਗਤਾ ਉਹ ਲੋਕ ਹੋਣਗੇ, ਜੋ ਆਪਣੇ ਅੰਗਾਂ ਦੀ ਵਰਤੋਂ ਕਰਨ ਦੇ ਯੋਗ ਨਹੀਂ ਹਨ। ਮਿਸਾਲ ਵਜੋਂ ਜੇ ਅੱਜ ਸਟੀਫਨ ਹਾਕਿੰਗ ਜ਼ਿੰਦਾ ਹੁੰਦੇ ਤਾਂ ਮੋਟਰ ਨਿਊਰੋਨ ਦੀ ਬੀਮਾਰੀ ਦੇ ਬਾਵਜੂਦ ਉਹ ਇਸ ਯੰਤਰ ਦੀ ਮਦਦ ਨਾਲ ਸਿਰਫ ਸੋਚ ਕੇ ਹੀ ਪੂਰੀ ਦੁਨੀਆ ਨਾਲ ਸੰਪਰਕ ਕਰ ਲੈਂਦੇ।

ਸਾਲ 2016 ਵਿੱਚ ਸਥਾਪਿਤ ਕੀਤੀ ਗਈ ਨਿਊਰਲਿੰਕ ਕੰਪਨੀ ਨੇ ਸਾਲ 2023 ਵਿੱਚ ਯੂ.ਐਸ. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ.ਡੀ.ਏ.) ਤੋਂ ਮਨੁੱਖੀ ਅਜ਼ਮਾਇਸ਼ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਸੀ। ਇਸ ਮਨਜ਼ੂਰੀ ਤੋਂ ਬਾਅਦ ਨਿਊਰਲਿੰਕ ਨੇ ਐਲਾਨ ਕੀਤਾ ਸੀ ਕਿ ਉਹ ਛੇ ਲੋਕਾਂ ਦੀ ਖੋਜ ਕਰ ਰਿਹਾ ਹੈ, ਜਿਨ੍ਹਾਂ ਦੇ ਦਿਮਾਗ ਵਿੱਚ ਚਿੱਪ ਨੂੰ ਛੇ ਸਾਲਾਂ ਤੱਕ ਜਾਰੀ ਰੱਖਣ ਲਈ ਮਨੁੱਖੀ ਅਜ਼ਮਾਇਸ਼ਾਂ ਲਈ ਫਿੱਟ ਕੀਤਾ ਜਾ ਸਕਦਾ ਹੈ। ਨਿਊਰਲਿੰਕ ਨੇ ਪਹਿਲਾਂ ਹੀ ਬਾਂਦਰਾਂ 'ਤੇ ਇਸ ਚਿੱਪ ਦਾ ਪ੍ਰੀਖਣ ਕੀਤਾ ਸੀ ਅਤੇ ਉਸ ਨੂੰ ਇਸ 'ਚ ਕਾਫੀ ਸਫਲਤਾ ਮਿਲੀ ਸੀ।

ਮਨੁੱਖੀ ਦਿਮਾਗ ਵਿੱਚ ਲਗਾਈ ਗਈ ਇਹ ਚਿਪ ਅਜਿਹੇ ਮਰੀਜ਼ਾਂ ਲਈ ਵਰਦਾਨ ਸਾਬਤ ਹੋ ਸਕਦੀ ਹੈ, ਜੋ ਮਾਨਸਿਕ ਰੋਗਾਂ ਤੋਂ ਪੀੜਤ ਹਨ ਜਾਂ ਜਿਨ੍ਹਾਂ ਦਾ ਆਪਣੇ ਸਰੀਰ ਦੇ ਅੰਗਾਂ ਨੂੰ ਚਲਾਉਣ ਲਈ ਦਿਮਾਗ ਨਾਲੋਂ ਸੰਪਰਕ ਟੁੱਟ ਗਿਆ ਹੈ। ਮਿਸਾਲ ਵਜੋਂ ALS (Amyotrophic Lateral Sclerosis) ਵਰਗੀ ਮੋਟਰ ਨਿਊਰੋਨ ਬਿਮਾਰੀ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਦੇ ਮਾਮਲੇ ਵਿੱਚ, ਇਹ ਇੰਪਲਾਂਟ ਅਚੰਭੇ ਕਰ ਸਕਦਾ ਹੈ। ਨਾਲ ਹੀ, ਜਿਹੜੇ ਲੋਕ ਦੁਰਘਟਨਾ ਵਿੱਚ ਆਪਣੀਆਂ ਬਾਹਾਂ ਜਾਂ ਲੱਤਾਂ ਗੁਆ ਚੁੱਕੇ ਹਨ, ਉਨ੍ਹਾਂ ਲਈ ਬ੍ਰੇਨ ਚਿੱਪ ਬਾਹਰੀ ਤੌਰ 'ਤੇ ਲਾਏ ਗਏ ਰੋਬੋਟਿਕ ਬਾਂਹ ਜਾਂ ਮਕੈਨੀਕਲ ਲੱਤ ਦੇ ਸੁਚਾਰੂ ਕੰਮ ਕਰਨ ਵਿੱਚ ਬਹੁਤ ਮਦਦਗਾਰ ਹੋਵੇਗੀ।



ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਤਕਨੀਕ ਪਾਰਕਿੰਸਨ'ਸ, ਦਿਮਾਗੀ ਸੱਟ, ਮਿਰਗੀ, ਡਿਪਰੈਸ਼ਨ, ਅੰਨ੍ਹਾਪਣ, ਅਧਰੰਗ ਅਤੇ ਬੋਲੇਪਣ ਆਦਿ ਵਰਗੀਆਂ ਬਿਮਾਰੀਆਂ 'ਚ ਮਦਦਗਾਰ ਸਾਬਤ ਹੋਵੇਗੀ। ਪਰ ਕੀ ਇਹ ਤਕਨੀਕ ਬ੍ਰੇਨ-ਕੰਪਿਊਟਰ ਇੰਟਰਫੇਸ (ਬੀ.ਸੀ.ਆਈ.) ਕੁਦਰਤ ਦੇ ਵਿਰੁੱਧ ਨਹੀਂ ਹੈ? ਕੀ ਇਹ ਤਕਨੀਕ ਵਰਦਾਨ ਦੀ ਬਜਾਏ ਸਰਾਪ ਹੈ?

ਕਈ ਖਦਸ਼ੇ ਹਨ, ਜੋ ਟੈਲੀਪੈਥੀ ਨਾਂ ਦੇ ਇਸ ਯੰਤਰ ਅਤੇ ਬੀ.ਸੀ.ਆਈ. ਨਾਮੀ ਇਸ ਤਕਨੀਕ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਂਦੇ ਹਨ। ਮਿਸਾਲ ਵਜੋਂ ਇਹ ਡਰ ਹੈ ਕਿ ਜੇ ਕੋਈ ਕਿਸੇ ਦੇ ਦਿਮਾਗ ਵਿੱਚ ਲਾਈ ਗਈ ਚਿਪ ਨੂੰ ਹੈਕ ਕਰ ਲਵੇ ਅਤੇ ਉਸ ਦੀ ਮਦਦ ਨਾਲ ਮਨਚਾਹੇ ਨਿਰਦੇਸ਼ ਦੇ ਕੇ ਉਸ ਵਿਅਕਤੀ ਨੂੰ ਕੋਈ ਕੰਮ ਕਰਵਾ ਲਵੇ ਤਾਂ ਕੀ ਹੋਵੇਗਾ। ਮੰਨ ਲਓ, ਦਿਮਾਗ਼ ਵਾਲੇ ਕਿਸੇ ਜੀਵਤ ਵਿਅਕਤੀ ਨੂੰ ਇਸ ਤਰ੍ਹਾਂ ਮਸ਼ੀਨ ਚਿਪ ਨਾਲ ਕਾਬੂ ਕਰਨ ਤੋਂ ਬਾਅਦ, ਉਸ ਵਿਅਕਤੀ ਨੂੰ ਕਿਸੇ ਨੂੰ ਮਾਰਨ ਲਈ ਬਣਾਇਆ ਗਿਆ, ਤਾਂ ਕੀ ਹੋਵੇਗਾ? ਇੰਨਾ ਹੀ ਨਹੀਂ, ਪ੍ਰਾਈਵੇਸੀ ਦਾ ਕੀ ਬਣੇਗਾ? ਕਿਉਂਕਿ ਫਿਰ ਇਹ ਸੰਭਵ ਹੈ ਕਿ ਹੈਕਿੰਗ ਦੇ ਜ਼ਰੀਏ, ਕੋਈ ਹੋਰ ਵਿਅਕਤੀ ਇੱਕ ਵਾਰ ਵਿੱਚ ਕਿਸੇ ਵਿਅਕਤੀ ਦੀ ਨਿੱਜੀ ਜ਼ਿੰਦਗੀ ਦੀ ਸਾਰੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਕੁਝ ਲੋਕ ਮਨੁੱਖੀ ਦਿਮਾਗ ਵਿੱਚ ਚਿੱਪ ਲਗਾਉਣ ਦੀ ਘਟਨਾ ਨੂੰ ਇਨਸਾਨਾਂ ਲਈ ਸਭ ਤੋਂ ਵੱਡੀ ਘਟਨਾ ਦੱਸ ਰਹੇ ਹਨ। ਇਹ ਵੀ ਖਤਰਾ ਹੈ ਕਿ ਅਜਿਹੀ ਸਥਿਤੀ ਵਿੱਚ ਮਨੁੱਖ ਅਤੇ ਮਸ਼ੀਨ ਵਿਚਲਾ ਅੰਤਰ ਖਤਮ ਹੋ ਸਕਦਾ ਹੈ। ਇੱਕ ਮਨੁੱਖ ਖੁਦ ਇੱਕ ਤੁਰਨ ਵਾਲਾ ਰੋਬੋਟ ਬਣ ਸਕਦਾ ਹੈ, ਜੋ ਦੂਜਿਆਂ ਦੇ ਕਹਿਣ 'ਤੇ ਕੁਝ ਕੰਮ ਕਰੇਗਾ।

ਵਿਗਿਆਨ ਦੀ ਦੁਨੀਆ ਵਿੱਚ ਇਹ ਤਜਰਬੇ ਲੰਬੇ ਸਮੇਂ ਤੋਂ ਚੱਲ ਰਹੇ ਸਨ ਕਿ ਕਿਸੇ ਤਰ੍ਹਾਂ ਇੱਕ ਮਨ ਵਿੱਚ ਪੈਦਾ ਹੋਏ ਵਿਚਾਰਾਂ ਨੂੰ ਟੈਲੀਪੈਥੀ ਰਾਹੀਂ ਦੂਜੇ ਦਿਮਾਗ ਤੱਕ ਪਹੁੰਚਾਇਆ ਜਾ ਸਕੇ ਜਾਂ ਕੋਈ ਅਜਿਹਾ ਤਰੀਕਾ ਖੋਜਿਆ ਜਾ ਸਕੇ, ਜੋ ਮਨ ਨੂੰ ਪੜ੍ਹਨ ਵਿੱਚ ਮਦਦਗਾਰ ਸਾਬਤ ਹੋ ਸਕੇ। ਕਰੀਬ ਇੱਕ ਦਹਾਕੇ ਦੇ ਅੰਦਰ ਜਦੋਂ ਅਜਿਹੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਤਾਂ ਇਹ ਦਾਅਵਾ ਕੀਤਾ ਗਿਆ ਕਿ ਜਲਦੀ ਹੀ ਸਾਡਾ ਆਪਣਾ ਮਨ ਵੀ ਸਾਡੇ ਵੱਸ ਵਿੱਚ ਹੋਵੇਗਾ।

ਸਾਲ 2014 ਵਿੱਚ ਹਾਰਵਰਡ ਮੈਡੀਕਲ ਕਾਲਜ ਦੇ ਪ੍ਰੋਫੈਸਰ ਅਲਵਾਰੋ ਦੀ ਨਿਗਰਾਨੀ ਵਿੱਚ ਇੱਕ ਪ੍ਰਯੋਗ ਕੀਤਾ ਗਿਆ ਸੀ, ਜਿਸ ਨੂੰ ਟੈਲੀਪੈਥੀ ਦਾ ਇੱਕ ਸਫਲ ਪ੍ਰਯੋਗ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਸ ਪ੍ਰਯੋਗ ਤਹਿਤ ਦੁਨੀਆ 'ਚ ਪਹਿਲੀ ਵਾਰ ਕੰਪਿਊਟਰ ਦੀ ਮਦਦ ਨਾਲ ਇੱਕ ਮਨੁੱਖੀ ਮਨ ਦੀ ਸੋਚ ਨੂੰ 5 ਹਜ਼ਾਰ ਕਿਲੋਮੀਟਰ ਦੂਰ ਬੈਠੇ ਦੂਜੇ ਵਿਅਕਤੀ ਦੇ ਦਿਮਾਗ 'ਚ ਸਿਰਫ ਸੋਚਣ ਨਾਲ ਹੀ ਸੰਚਾਰਿਤ ਕੀਤਾ ਗਿਆ। ਦਿਮਾਗ ਤੋਂ ਦਿਮਾਗੀ ਸੰਚਾਰ ਦਾ ਇਹ ਪ੍ਰਯੋਗ ਤਿਰੂਵਨੰਤਪੁਰਮ (ਭਾਰਤ ਵਿੱਚ ਇੱਕ ਸਿਰੇ 'ਤੇ) ਅਤੇ ਦੂਜੇ ਸਿਰੇ 'ਤੇ ਸਟ੍ਰਾਸਬਰਗ (ਫਰਾਂਸ) ਵਿੱਚ ਬੈਠੇ ਵਿਅਕਤੀਆਂ ਵਿਚਕਾਰ ਕੀਤਾ ਗਿਆ ਸੀ। ਤਿਰੂਵਨੰਤਪੁਰਮ ਵਿੱਚ ਬੈਠੇ ਇੱਕ ਵਿਅਕਤੀ ਨੇ ਜੋ ਵੀ ਸੋਚਿਆ, ਉਹ ਦੂਜੇ ਸਿਰੇ ਦੇ ਲੋਕਾਂ ਦੁਆਰਾ ਬਿਲਕੁਲ ਪੜ੍ਹਿਆ ਗਿਆ। ਟੈਲੀਪੈਥੀ ਦੇ ਇਸ ਕ੍ਰਾਂਤੀਕਾਰੀ ਪ੍ਰਯੋਗ ਤਹਿਤ ਖੋਜਕਰਤਾਵਾਂ ਨੇ ਇਲੈਕਟ੍ਰੋਏਂਸਫਾਲੋਗ੍ਰਾਫੀ (ਈ.ਈ.ਜੀ.) ਹੈੱਡਸੈੱਟ ਦੀ ਮਦਦ ਨਾਲ ਬ੍ਰੇਨ-ਕੰਪਿਊਟਰ ਇੰਟਰਫੇਸ (ਬੀ. ਸੀ. ਆਈ.) ਤਕਨਾਲੋਜੀ ਦੀ ਵਰਤੋਂ ਕੀਤੀ। ਤਿਰੂਵਨੰਤਪੁਰਮ ਵਿੱਚ ਬੈਠੇ ਵਿਅਕਤੀ ਨੇ ਆਪਣੇ ਦਿਮਾਗ ਵਿੱਚ ਦੋ ਫ੍ਰੈਂਚ ਸ਼ਬਦ- ਹੋਲਾ ਅਤੇ ਸਿਆਓ (ਅੰਗਰੇਜ਼ੀ ਸੰਬੋਧਨ ਦੇ ਪ੍ਰਤੀਕ- ਹੈਲੋ ਤੇ ਰਿਪਲਾਈ ਹੈਲੋ) ਸੋਚਿਆ ਸੀ, ਜਿਨ੍ਹਾਂ ਨੂੰ ਡੀਕੋਡ ਕੀਤਾ ਗਿਆ ਸੀ ਅਤੇ ਦੂਜੇ ਸਿਰੇ 'ਤੇ ਇਨ੍ਹਾਂ ਸ਼ਬਦਾਂ ਵਾਂਗ ਪੜ੍ਹਿਆ ਗਿਆ ਸੀ। ਪਰਪੱਕ ਟੈਲੀਪੈਥ ਦੀ ਨਜ਼ਰ ਵਿੱਚ ਇਹ ਪ੍ਰਯੋਗ ਬਹੁਤ ਸ਼ੁਰੂਆਤੀ ਸੀ, ਪਰ ਵਿਗਿਆਨੀਆਂ ਨੇ ਉਸ ਸਮੇਂ ਦਾਅਵਾ ਕੀਤਾ ਸੀ ਕਿ 2045 ਤੱਕ ਮਨੁੱਖੀ ਦਿਮਾਗ ਪੂਰੀ ਤਰ੍ਹਾਂ ਕੰਪਿਊਟਰ 'ਤੇ ਅਪਲੋਡ ਹੋ ਜਾਵੇਗਾ ਤੇ ਇਸਦੀ ਹਰ ਹਰਕਤ ਨੂੰ ਪੜ੍ਹਿਆ ਤੇ ਸਮਝਿਆ ਜਾਵੇਗਾ।

**ਜਦੋਂ ਬਾਂਦਰ 'ਤੇ ਮੁਕੱਦਮਾ ਚਲਾਇਆ ਗਿਆ:** ਮਸ਼ੀਨ ਯਾਨਿ ਕੰਪਿਊਟਰ ਅਤੇ ਦਿਮਾਗ ਨੂੰ ਜੋੜਨ ਵਾਲਾ ਚਮਤਕਾਰ ਸਾਲ 2017 ਵਿੱਚ ਹੋਇਆ। ਅਮਰੀਕਾ ਦੀ ਡਿਊਕ ਯੂਨੀਵਰਸਿਟੀ ਮੈਡੀਕਲ ਸੈਂਟਰ ਅਤੇ ਜਾਪਾਨ ਸਾਇੰਸ ਐਂਡ ਟੈਕਨਾਲੋਜੀ ਏਜੰਸੀ ਦੇ ਵਿਗਿਆਨੀਆਂ ਨੇ ਰੋਬੋਟ ਨੂੰ ਬਾਂਦਰ ਦੇ ਦਿਮਾਗ ਨਾਲ ਚਲਾਉਣ ਦਾ ਟੈਸਟ ਕੀਤਾ ਸੀ। ਇਸ ਤਹਿਤ ਇੱਕ ਬਾਂਦਰ ਨੂੰ ਇੱਕ ਖਾਸ ਕਿਸਮ ਦੀ ਟ੍ਰੈਡਮਿਲ 'ਤੇ ਚਲਾਇਆ ਗਿਆ ਅਤੇ ਉਸ ਦੇ ਦਿਮਾਗ ਨਾਲ ਜੁੜੇ ਇਲੈਕਟ੍ਰੋਡ ਤੋਂ ਪ੍ਰਾਪਤ ਸਿਗਨਲ ਹਿਊਮਨਾਈਡ ਰੋਬੋਟ ਨੂੰ ਭੇਜੇ ਗਏ। ਇਸ ਪ੍ਰਯੋਗ ਵਿੱਚ ਰੋਬੋਟ ਨੇ ਨਾ ਸਿਰਫ਼ ਬਾਂਦਰ ਦੀ ਤਰ੍ਹਾਂ ਹੌਲੀ-ਹੌਲੀ ਤੁਰਨ ਦੀ ਰਫ਼ਤਾਰ ਨੂੰ ਅਪਨਾਇਆ ਸਗੋਂ ਇਸ ਦੇ ਚੱਲਣ ਦਾ ਪੈਟਰਨ ਵੀ ਬਿਲਕੁਲ ਬਾਂਦਰ ਵਾਂਗ ਹੀ ਸੀ। ਜਿਵੇਂ ਕਿ ਰੋਬੋਟ ਉਦੋਂ ਵੀ ਦੌੜਦਾ ਰਿਹਾ ਜਦੋਂ ਬਾਂਦਰ ਨੇ ਟ੍ਰੈਡਮਿਲ 'ਤੇ ਚੱਲਣਾ ਬੰਦ ਕਰ ਦਿੱਤਾ ਸੀ। ਅਜਿਹਾ ਇਸ ਲਈ ਹੋਇਆ ਕਿਉਂਕਿ ਬਾਂਦਰ ਰੁਕਣ ਤੋਂ ਬਾਅਦ ਵੀ ਹਿੱਲਣ ਬਾਰੇ ਸੋਚਦਾ ਨਹੀਂ ਸੀ। ਭਾਵ ਰੋਬੋਟ ਨੇ ਬਾਂਦਰ ਦੇ ਦਿਮਾਗ ਦੇ ਨਿਊਰੋਨਸ ਦੀਆਂ ਗਤੀਵਿਧੀਆਂ ਨੂੰ ਪੜ੍ਹ ਲਿਆ ਸੀ। ਇਸ ਪ੍ਰਯੋਗ ਨੂੰ ਅੱਗੇ ਲੈ ਕੇ, ਐਲੋਨ ਮਸਕ ਨੇ ਦਿਮਾਗ ਵਿੱਚ ਚਿੱਪ ਫਿੱਟ ਕਰਨ ਲਈ ਆਪਣੀ ਨਵੀਂ ਕੰਪਨੀ- ਨਿਊਰਲਿੰਕ ਕਾਰਪੋਰੇਸ਼ਨ ਬਣਾਈ ਸੀ, ਜਿਸਦਾ ਸ਼ੁਰੂਆਤੀ ਉਦੇਸ਼ ਮਨੁੱਖਾਂ ਦੇ ਦਿਮਾਗ ਵਿੱਚ ਬਹੁਤ ਛੋਟੇ ਇਲੈਕਟ੍ਰੋਡ ਫਿੱਟ (ਇੰਪਲਾਂਟ) ਕਰਨਾ ਸੀ। ਉਸ ਸਮੇਂ ਮਸਕ ਨੇ ਆਪਣੀ ਤਕਨੀਕ ਦਾ ਨਾਂ 'ਨਿਊਰਲ ਲੇਸ' ਰੱਖਿਆ ਸੀ।

ਜੇ ਮਨੁੱਖੀ ਦਿਮਾਗ ਵਿੱਚ ਇੱਕ ਚਿੱਪ ਲਾ ਦਿੱਤੀ ਜਾਵੇ ਤਾਂ ਇਹ ਕਲਪਨਾ ਕੀਤੀ ਜਾ ਸਕਦੀ ਹੈ ਕਿ ਪੂਰੀ ਦੁਨੀਆ ਵਿੱਚ ਬਰਾਬਰੀ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਅਸਲ ਵਿੱਚ ਵਰਤਮਾਨ ਵਿੱਚ ਇਹ ਦੇਖਿਆ ਜਾ ਰਿਹਾ ਹੈ ਕਿ ਸੰਸਾਰ ਵਿੱਚ ਕੁਝ ਖਾਸ ਖੇਤਰਾਂ ਤੇ ਫਿਰਕਿਆਂ-ਜਾਤੀਆਂ ਦੇ ਲੋਕ ਮਾਨਸਿਕ ਕਾਰਜਾਂ ਵਿੱਚ ਅੱਗੇ ਹਨ ਅਤੇ ਦੂਜੇ ਭਾਗਾਂ ਜਾਂ ਹੋਰ ਜਾਤੀਆਂ-ਖੇਤਰਾਂ ਦੇ ਲੋਕ ਚੰਗੇ ਰੁਜ਼ਗਾਰ ਤੇ ਉੱਚ ਪ੍ਰਾਪਤੀਆਂ ਹਾਸਲ ਕਰਨ ਦੇ ਮਾਮਲੇ ਵਿੱਚ ਪੱਛੜ ਗਏ ਹਨ। ਮਿਸਾਲ ਵਜੋਂ ਨੋਬਲ ਪੁਰਸਕਾਰਾਂ ਨੂੰ ਹੀ ਲੈ ਲਓ। ਪੱਛਮੀ ਦੇਸ਼ਾਂ ਦੇ ਨੋਬਲ ਪੁਰਸਕਾਰਾਂ ਵਿੱਚ ਅੱਗੇ ਹੋਣ ਲਈ ਉਨ੍ਹਾਂ ਦੇਸ਼ਾਂ ਅਤੇ ਖੇਤਰਾਂ ਦੇ ਲੋਕਾਂ ਦੇ ਮਨਾਂ ਦੀ ਵਿਲੱਖਣ ਬਣਤਰ ਨੂੰ ਜ਼ਿੰਮੇਵਾਰ ਦੱਸਿਆ ਜਾਂਦਾ ਹੈ। ਇਸੇ ਤਰ੍ਹਾਂ ਚੀਨ ਅਤੇ ਭਾਰਤ ਦੇ ਲੋਕ ਆਪਣੀ ਮਾਨਸਿਕ ਯੋਗਤਾ ਕਾਰਨ ਨੌਕਰੀਆਂ ਵਿੱਚ ਅੱਗੇ ਮੰਨੇ ਜਾਂਦੇ ਹਨ, ਪਰ ਅਮਰੀਕਾ ਵਿੱਚ ਚਲਾਏ ਜਾ ਰਹੇ ਇੱਕ ਪ੍ਰੋਜੈਕਟ ਰਾਹੀਂ ਦਿਮਾਗੀ ਪੱਧਰ 'ਤੇ ਦੁਨੀਆ ਵਿੱਚ ਬਰਾਬਰੀ ਹਾਸਲ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ।

ਹਿਊਮਨ ਕਨੈਕਟੋਮ ਪ੍ਰੋਜੈਕਟ ਨਾਮਕ ਇਸ ਪ੍ਰੋਜੈਕਟ ਤਹਿਤ ਵਿਗਿਆਨੀ ਲਗਭਗ 1200 ਅਮਰੀਕੀ ਲੋਕਾਂ ਦੇ ਦਿਮਾਗ ਦੀ ਸਕੈਨਿੰਗ ਕਰਕੇ ਮਨੁੱਖੀ ਦਿਮਾਗ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਵਿਗਿਆਨੀ ਇਹ ਸਮਝਣ ਲਈ ਲੋਕਾਂ ਦੇ ਦਿਮਾਗ ਦੀਆਂ ਸਕੈਨ ਕੀਤੀਆਂ ਤਸਵੀਰਾਂ ਦੇਖ ਰਹੇ ਹਨ ਕਿ ਮਨੁੱਖੀ ਦਿਮਾਗ ਕਿਵੇਂ ਕੰਮ ਕਰਦਾ ਹੈ ਅਤੇ ਜਦੋਂ ਕੁਝ ਗਲਤ ਹੁੰਦਾ ਹੈ ਤਾਂ ਕੀ ਹੁੰਦਾ ਹੈ? ਇਸ ਪ੍ਰੋਜੈਕਟ ਦਾ ਉਦੇਸ਼ ਮੂਲ ਰੂਪ ਵਿੱਚ ਮਨੁੱਖੀ ਦਿਮਾਗ ਦੇ ਅੰਦਰੂਨੀ ਢਾਂਚੇ ਨੂੰ ਸਮਝਣਾ ਅਤੇ ਦਿਮਾਗ ਦੀਆਂ ਗੁੰਝਲਾਂ ਨੂੰ ਦੂਰ ਕਰਨ ਦੇ ਤਰੀਕੇ ਲੱਭਣਾ ਹੈ। ਨਵੀਨਤਾਕਾਰੀ ਨਿਊਰੋਟੈਕਨਾਲੋਜਿਜ਼ ਜ਼ਰੀਏ ਦਿਮਾਗ ਦੀ ਖੋਜ ਰਾਹੀਂ ਦਿਮਾਗ ਨੂੰ ਪੜ੍ਹਨ ਦੇ ਇਸ ਯਤਨ ਦਾ ਮਕਸਦ ਇੱਕ ਵਾਰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕੀ ਨੌਕਰੀਆਂ 'ਤੇ ਭਾਰਤੀਆਂ ਅਤੇ ਚੀਨੀਆਂ ਦੇ ਦਬਦਬੇ ਨੂੰ ਖਤਮ ਕਰਨਾ ਕਿਹਾ ਸੀ; ਪਰ ਇਹ ਸਪੱਸ਼ਟ ਹੈ ਕਿ ਅਜਿਹੇ ਤਕਨੀਕੀ ਉਪਾਵਾਂ ਰਾਹੀਂ ਮਨੁੱਖਤਾ ਨਵੀਆਂ ਸਰਹੱਦਾਂ ਪ੍ਰਾਪਤ ਕਰਦੀ ਹੈ।





## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

**ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ**

-ਮੌਕੇ 'ਤੇ ਸਸਕਾਰ — -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ — -Viewing Room Available
-ਵੱਡਾ ਤੇ ਸੁੰਦਰ ਚੈਪਲ — -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ — -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

**Serving Families As We Would Want Ours Served**

Lake Zurich 847-550-4221 | Crystal Lake 825-459-3411 | Barrington 847-381-3411

Davenport
FAMILY FUNERAL HOMES AND CREMATORY

Please call or visit our website at www.davenportfamily.com

# ਹੋਲਾ ਮਹਲਾ: ਸਿੱਖਾਂ ਦਾ ਮਨੋਰੰਜਕ ਤੇ ਮੋਹਕ ਤਿਉਹਾਰ

## ਵਿਰਸੇ ਦੀ ਬਾਤ

**ਡਾ. ਅੰਮ੍ਰਿਤ ਕੌਰ**
amritkaurchd40@gmail.com

ਹੋਲਾ ਮਹਲਾ ਸਿੱਖਾਂ ਦਾ ਇੱਕ ਮਨੋਰੰਜਕ ਅਤੇ ਮੋਹਕ ਤਿਉਹਾਰ ਹੈ, ਜਿਸ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ 1 (ਚੰਨ ਸਬੰਧੀ ਕਲੰਡਰ ਅਨੁਸਾਰ ਪੂਰਨਮਾਸ਼ੀ ਤੋਂ ਅਗਲਾ ਦਿਨ), 1757 ਬਿਕਰਮੀ ਅਰਥਾਤ 22 ਫਰਵਰੀ 1701 ਨੂੰ ਖਾਲਸੇ ਦੀ ਸਾਜਨਾ (1699) ਤੋਂ ਦੋ ਕੁ ਸਾਲ ਬਾਅਦ, ਕਿਲ੍ਹਾ ਹੋਲਗੜ੍ਹ, ਆਨੰਦਪੁਰ ਸਾਹਿਬ (ਰੋਪੜ) ਦੇ ਅਸਥਾਨ 'ਤੇ ਇੱਕ ਸੈਨਿਕ ਕੂਚ ਜਥੇਬੰਦ ਕਰਨ ਰਾਹੀਂ ਬੰਨ੍ਹਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹਲਾ ਨਿਰਮੋਹਗੜ੍ਹ ਦੀ ਜੰਗ, ਜੋ ਕਿ ਅਕਤੂਬਰ 1700 ਦੇ ਦੌਰਾਨ ਸਿੱਖ ਸੈਨਿਕਾਂ ਤੇ ਪਹਾੜੀ ਰਾਜਿਆਂ ਦੇ ਦਰਮਿਆਨ ਹੋਈ, ਤੋਂ ਜਲਦੀ ਬਾਅਦ ਸ਼ੁਰੂ ਕੀਤਾ। ਨਿਰਮੋਹਗੜ੍ਹ, ਕੀਰਤਪੁਰ ਸਾਹਿਬ ਤੋਂ 4 ਕਿਲੋਮੀਟਰ ਦੱਖਣ ਵੱਲ ਹੈ। ਗੁਰੂ ਸਾਹਿਬ ਦਾ ਹੋਲਾ ਮਹਲਾ ਸ਼ੁਰੂ ਕਰਨ ਦਾ ਮੰਤਵ ਸ਼ਾਇਦ ਸਿੱਖਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਭਿਆਨਕ ਯੁੱਧ ਲੜਨ ਦੇ ਕਾਬਲ ਬਣਾਉਣਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ ਮਹਲਾ' ਸਿੱਖਾਂ ਨੂੰ ਸੈਨਕ ਦਾਉ-ਪੇਚ ਸਿਖਾਉਣ ਲਈ ਸ਼ੁਰੂ ਕੀਤਾ। ਇਨ੍ਹਾਂ ਦਾਉ-ਪੇਚਾਂ ਵਿੱਚ ਸ਼ਾਮਲ ਸਨ- ਵਾਰ ਕਰਨ ਤੋਂ ਪਹਿਲਾਂ ਤਲਵਾਰ ਨੂੰ ਘੁਮਾਉਣਾ, ਗਤਕਾ ਚਲਾਉਣਾ, ਤੀਰ ਅੰਦਾਜ਼ੀ ਅਤੇ ਨੇਜਾ-ਬਾਜ਼ੀ ਜਿਸ ਵਿੱਚ ਘੋੜ ਸਵਾਰ ਆਪਣੇ ਘੋੜੇ ਨੂੰ ਤੇਜ਼ੀ ਨਾਲ ਦੁੜ੍ਹਾਉਂਦਾ ਹੋਇਆ ਧਰਤੀ 'ਤੇ ਗੱਡੀ ਹੋਈ ਕਿਸੇ ਚੀਜ਼ ਨੂੰ ਆਪਣੇ ਨੇਜੇ ਨਾਲ ਪੁੱਟ ਕੇ ਲੈ ਜਾਂਦਾ ਹੈ।

ਹੋਲੇ ਮਹਲੇ ਦਾ ਮੰਤਵ ਲੜਾਈ ਦੀ ਮਨਸੂਈ (ਬਣਾਵਟੀ) ਸਥਿਤੀ ਪੈਦਾ ਕਰ ਕੇ ਸਿੱਖਾਂ ਨੂੰ ਸੈਨਿਕ ਦਾਉ-ਪੇਚ ਸਿਖਾਉਣਾ ਸੀ। ਗੁਰੂ ਸਾਹਿਬ ਸਿੱਖਾਂ ਦੇ ਦੋ ਦਲ ਬਣਾ ਕੇ ਉਨ੍ਹਾਂ ਦੋਹਾਂ ਨੂੰ ਯੁੱਧ ਵਿਦਿਆ ਅਤੇ ਸ਼ਸਤਰ ਵਿਦਿਆ ਵਿੱਚ ਨਿਪੁੰਨ ਕਰਦੇ ਸਨ। ਉਸ ਤੋਂ ਬਾਅਦ ਦੋਹਾਂ ਦਲਾਂ ਨੂੰ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਮੁਕਾਬਲਾ ਕਰਵਾਉਂਦੇ ਸਨ। ਇਸ ਮਨਸੂਈ ਜੰਗ ਦੇ ਕਰਤੱਬ ਉਹ ਆਪ ਦੇਖਦੇ ਸਨ। ਉਹ ਦੋਹਾਂ ਦਲਾਂ ਨੂੰ ਆਪ ਸਿੱਖਿਆ ਦਿੰਦੇ ਸਨ ਅਤੇ ਜਿਹੜਾ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾਓ ਬਖਸ਼ਦੇ ਸਨ।



ਇਸ ਤਿਉਹਾਰ ਦੀ ਮਹਾਨਤਾ ਇਸ ਗੱਲ ਤੋਂ ਪਤਾ ਚੱਲਦੀ ਹੈ ਕਿ 1889 ਈ. ਵਿੱਚ ਜਦੋਂ ਖਾਲਸਾ ਦੀਵਾਨ, ਲਾਹੌਰ ਨੇ ਅੰਗਰੇਜ਼ੀ ਸਰਕਾਰ ਤੋਂ ਸਿੱਖ ਧਰਮ ਨਾਲ ਸਬੰਧਤ ਪੰਜ ਜਨਤਕ ਛੁੱਟੀਆਂ ਦੀ ਮੰਗ ਕੀਤੀ ਤਾਂ ਸਰਕਾਰ ਨੇ ਸਿਰਫ ਦੋ ਛੁੱਟੀਆਂ ਦੀ ਪਰਵਾਨਗੀ ਦਿੱਤੀ- (1) ਗੁਰੂ ਨਾਨਕ ਦੇਵ ਜੀ ਦਾ ਜਨਮ-ਪੁਰਬ ਅਤੇ (2) ਹੋਲਾ ਮਹਲਾ।

ਸਮਾਂ ਗੁਜ਼ਰਨ ਨਾਲ ਬਹੁਤ ਜਟਿਲ ਤੇ ਮਾਰੂ ਹਥਿਆਰ ਹੋਂਦ ਵਿੱਚ ਆਉਣ ਨਾਲ ਗੁਰੂ ਸਾਹਿਬ ਦੇ ਸਮੇਂ ਸਿਖਾਏ ਜਾਂਦੇ ਸੈਨਕ ਦਾਉ-ਪੇਚਾਂ ਦੀ ਮਹੱਤਤਾ ਘਟ ਗਈ ਹੈ; ਪਰ ਨਿਹੰਗ ਸਿੰਘਾਂ ਨੇ ਸਾਲਾਨਾ ਤੌਰ 'ਤੇ ਸੈਨਿਕ ਦਾਉ-ਪੇਚਾਂ ਦਾ ਪ੍ਰਗਟਾਵਾ ਕਰਨਾ ਜਾਰੀ ਰੱਖਿਆ ਹੈ। ਹੋਲੇ ਮਹਲੇ 'ਤੇ ਨਿਹੰਗ ਸਿੰਘ ਦੂਰੋਂ ਨੇੜਿਉਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਪਹੁੰਚ ਕੇ ਆਪਣੇ ਜੌਹਰ ਦਿਖਾਉਂਦੇ ਹਨ, ਜਿਨ੍ਹਾਂ ਵਿੱਚ ਗੁਰੂ ਸਾਹਿਬ ਦੇ ਸਮੇਂ ਸਿਖਾਏ ਜਾਂਦੇ ਸਾਰੇ ਸੈਨਿਕ ਦਾਉ-ਪੇਚ ਸ਼ਾਮਲ ਹੁੰਦੇ ਹਨ। ਨਿਹੰਗ ਸਿੰਘਾਂ ਵੱਲੋਂ ਕੀਤੇ ਜਾਂਦੇ ਸਾਰੇ ਹੀ ਜੌਹਰ ਯਾਤਰੀਆਂ ਨੂੰ ਬਹੁਤ ਅਚੰਭਤ ਕਰਦੇ ਹਨ। ਵਿਸ਼ੇਸ਼ ਤੌਰ 'ਤੇ ਜਦੋਂ ਦੋ ਨਿਹੰਗ ਸਿੰਘ ਇੱਕੋ ਸਮੇਂ ਚਾਰ ਘੋੜਿਆਂ ਦੀ ਸਵਾਰੀ ਕਰਦੇ ਹਨ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ।

ਹਰ ਸਾਲ ਹੋਲੇ ਮਹਲੇ 'ਤੇ ਲੱਖਾਂ ਯਾਤਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਪਹੁੰਚ ਕੇ ਮੱਥਾ ਟੇਕਦੇ ਹਨ ਤੇ ਨਿਹੰਗ ਸਿੰਘਾਂ ਵੱਲੋਂ ਦਰਸਾਏ ਜਾਂਦੇ ਜੌਹਰਾਂ ਨੂੰ ਦੇਖਦੇ ਹਨ। ਇਸ ਮੌਕੇ ਸਿੱਖ ਭਾਰੀ ਗਿਣਤੀ ਵਿੱਚ ਪਹੁੰਚ ਕੇ ਅੰਮ੍ਰਿਤ ਛਕਦੇ ਹਨ। 2004 ਈ. ਵਿੱਚ ਅੰਮ੍ਰਿਤ ਤਿਆਰ ਕਰਨ ਲਈ 10 ਕੁਇੰਟਲ ਪਤਾਸਿਆਂ ਦੀ ਵਰਤੋਂ ਕੀਤੀ ਗਈ ਸੀ। ਹਰ ਸਾਲ ਅੰਮ੍ਰਿਤ ਛਕਣ ਵਾਲੀ ਸੰਗਤ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਇਸ ਲਈ ਪਤਾਸਿਆਂ ਦੀ ਮਿਕਦਾਰ ਵੀ ਵਧਦੀ ਜਾ ਰਹੀ ਹੈ।

ਸਾਲ 2016 ਦੇ ਹੋਲੇ ਮਹਲੇ ਵਿੱਚ ਜੋ ਪ੍ਰੋਗਰਾਮ ਉਭਰ ਕੇ ਅੱਗੇ ਆਇਆ, ਉਹ ਇਹ ਸੀ ਕਿ ਇਸ ਦਿਨ ਨੂੰ ਦਸਤਾਰ ਦਿਵਸ ਐਲਾਨਿਆ ਗਿਆ। ਸਿੱਖ ਨੇਸ਼ਨ ਆਰਗਨਾਈਜੇਸ਼ਨ ਨੇ ਵਿਸ਼ਵ-ਵਿਆਪੀ ਇਹ ਸੰਦੇਸ਼ ਪ੍ਰਸਾਰਤ ਕੀਤਾ ਕਿ ਹੋਲੇ ਮਹਲੇ ਦੇ ਦਿਨ ਸਾਰੇ ਸਿੱਖ ਮਰਦ ਕੇਸਰੀ ਦਸਤਾਰ ਸਜਾ ਕੇ ਦਸਤਾਰ ਦਿਵਸ ਮਨਾਉਣ। ਇਹ ਅਪੀਲ ਫਰਾਂਸ ਵੱਲੋਂ ਆਪਣੇ ਸਰਕਾਰੀ ਸਕੂਲਾਂ ਵਿੱਚ ਧਾਰਮਕ ਨਿਸ਼ਾਨੀਆਂ 'ਤੇ ਪਾਬੰਦੀ ਲਗਾਉਣ ਦੇ ਪ੍ਰਤੀਕਰਮ ਵਜੋਂ ਕੀਤੀ ਗਈ ਸੀ।

ਗੁਰੂ ਸਾਹਿਬ ਨੇ ਵੈਸਾਖ 1, 1699 ਅਰਥਾਤ 14 ਅਪ੍ਰੈਲ 1699 ਜਿਸ ਦਿਨ ਨੂੰ ਹੁਣ ਵੈਸਾਖੀ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਨੂੰ ਖਾਲਸੇ ਦੀ ਸਾਜਨਾ ਵੀ ਆਨੰਦਪੁਰ ਸਾਹਿਬ ਦੇ ਅਸਥਾਨ 'ਤੇ ਹੀ ਕੀਤੀ ਸੀ। ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਅਰਥਾਤ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ, ਜਿਸ ਵਿੱਚ ਉਨ੍ਹਾਂ ਨੇ ਆਪਣੀ ਦਿਖ ਵਰਗਾ ਇੱਕ ਸਮੁਦਾਇ ਤਿਆਰ ਕੀਤਾ। ਉਨ੍ਹਾਂ ਨੇ ਪੰਜ ਸ਼ਰਧਾਵਾਨ ਸਿੱਖਾਂ- ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੁਹਕਮ ਚੰਦ, ਭਾਈ ਹਿੰਮਤ ਅਤੇ ਭਾਈ ਸਾਹਿਬ ਚੰਦ ਦਾ ਸੱਚ ਅਤੇ ਦ੍ਰਿੜ੍ਹਤਾ ਨਾਲ ਖੜ੍ਹੇ ਹੋ ਸਕਣ ਦਾ ਇਮਤਿਹਾਨ ਕਰਨ ਤੋਂ ਬਾਅਦ ਇਨ੍ਹਾਂ ਨੂੰ 'ਪੰਜ ਪਿਆਰੇ' ਐਲਾਨਿਆ ਤੇ ਆਪਣੇ ਵਰਗਾ ਪਹਿਰਾਵਾ ਅਰਥਾਤ ਨੀਲਾ ਬਾਣਾ ਪਹਿਨਾਇਆ। ਇਹ ਨੀਲਾ ਬਾਣਾ ਸੀ- ਇੱਕ ਲੰਬਾ ਗੋਡਿਆਂ ਤੋਂ ਹੇਠਾਂ ਤਕ ਆਉਂਦਾ ਹੋਇਆ ਨੀਲਾ ਚੋਲਾ ਤੇ ਨੀਲੀ ਦਸਤਾਰ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਜੋ ਕਿ ਜਲ ਅਤੇ ਪਤਾਸਿਆਂ ਦੇ ਮਿਸ਼ਰਨ ਤੋਂ ਤਿਆਰ ਕੀਤਾ ਗਿਆ ਸੀ। ਅੰਮ੍ਰਿਤ ਤਿਆਰ ਕਰਦੇ ਸਮੇਂ ਗੁਰੂ ਜੀ ਨੇ ਪੰਜ ਬਾਣੀਆਂ ਦਾ ਪਾਠ ਕੀਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੁਦਾਇ ਦੇ ਹਰੇਕ ਮੈਂਬਰ ਨੂੰ ਵੱਖਰੀ ਦਿਖ ਰੱਖਣ ਲਈ ਪੰਜ ਨਿਸ਼ਾਨੀਆਂ ਦੇ ਰੂਪ ਵਿੱਚ ਪੰਜ ਕਕਾਰਾਂ ਦੇ ਧਾਰਨੀ ਬਣਾਇਆ: (1) ਕੇਸ- ਸਾਧੂਆਂ ਦੀ ਤਰ੍ਹਾਂ, ਸ਼ਰਧਾ ਦੇ ਚਿੰਨ੍ਹ ਵਜੋਂ; (2) ਲੋਹੇ ਦਾ ਕੜਾ- ਪਰਮਾਤਮਾ ਦੀ ਸਰਬਵਿਆਪਕਤਾ ਦਾ ਸੂਚਕ; (3) ਕੰਘਾ- ਕੇਸਾਂ ਨੂੰ ਸਾਫ ਸੁਥਰਾ ਰੱਖਣ ਲਈ; (4) ਕਛਹਿਰਾ- ਪਵਿਤਰਤਾ ਦਾ ਸੂਚਕ ਅਤੇ (5) ਕਿਰਪਾਨ- ਸਮਾਜ ਦੇ ਦਰੜੇ ਹੋਏ ਵਿਅਕਤੀਆਂ ਦੀ ਸੁਰੱਖਿਆ ਲਈ।

ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਖਾਲਸਾ ਮੇਰਾ ਰੂਪ ਹੈ ਤੇ ਮੈਂ ਖਾਲਸੇ ਵਿੱਚ ਵਾਸ ਕਰਦਾ ਹਾਂ। ਖਾਲਸਾ ਪਰਮਾਤਮਾ ਦੀ ਫੌਜ ਹੈ, ਜਿਸ ਨੂੰ ਕਿ ਪਰਮਾਤਮਾ ਦੇ ਹੁਕਮ ਅਨੁਸਾਰ ਸਾਜਿਆ ਗਿਆ ਹੈ। ਆਪਣੀ ਬਾਣੀ ਵਿੱਚ ਦਸਮ ਪਾਤਸ਼ਾਹ ਨੇ ਕਿਹਾ ਹੈ ਕਿ ਮੈਨੂੰ ਰਹਿਤ ਅਰਥਾਤ ਪੰਜ ਕਕਾਰਾਂ ਦਾ ਧਾਰਨੀ ਪਿਆਰਾ ਹੈ, ਨਾ ਕਿ ਸਿੱਖ। ਪਰ ਜਿਉਂ ਜਿਉਂ ਸਮਾਂ ਬਦਲਦਾ ਗਿਆ ਸਿਰਫ਼ ਨਿਹੰਗ ਸਿੰਘਾਂ ਨੇ ਹੀ ਗੁਰੂ ਸਾਹਿਬ ਦੀ ਤਰ੍ਹਾਂ ਨੀਲਾ ਬਾਣਾ- ਨੀਲਾ ਚੋਲਾ ਤੇ ਨੀਲੀ ਦਸਤਾਰ ਦੀ ਹਿਦਾਇਤ 'ਤੇ ਅਮਲ ਕਰਨਾ ਜਾਰੀ ਰੱਖਿਆ।

ਇਸ ਸਾਲ ਹੋਲਾ ਮਹਲਾ ਮਾਰਚ 24, 25 ਅਤੇ 26 ਨੂੰ ਮਨਾਇਆ ਗਿਆ। ਲੱਖਾਂ ਸਿੱਖਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਿਆ। ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

# ਪੁੱਠੀ ਪਵੇਗੀ ਚੋਣ ਬਾਂਡਾਂ ਦੀ ਵਸੂਲੀ ਤੇ ਕੇਜਰੀਵਾਲ ਦੀ ਗ੍ਰਿਫਤਾਰੀ?

⇒ *ਸਫਾ ਇੱਕ ਦੀ ਬਾਕੀ ...*

ਸਿਆਸੀ ਪਾਰਟੀਆਂ ਕੋਲੋਂ ਫੈਡਰਲ, ਧਾਰਮਿਕ ਅਤੇ ਨਸਲੀ ਸਹਿਹੋਂਦ ਨਾਲ ਭਰਪੂਰ ਸਰਬ-ਸ਼ਮੂਲੀਅਤ ਵਾਲੀ (ਪਾਰਟੀਸਿਪੇਟਰੀ) ਜਮਹੂਰੀਅਤ ਵੱਲ ਵਧਣ ਦੀ ਮੰਗ ਕਰ ਰਿਹਾ ਹੈ। ਇਸ ਪਾਸੇ ਵੱਲ ਵਧਣ ਦੀ ਥਾਂ ਕਾਂਗਰਸ ਪਾਰਟੀ ਵਾਰ-ਵਾਰ ਸੌਫਟ ਹਿੰਦੂਤਵਾ ਵੱਲ ਮੁੜਨ ਜਾਂ ਨਾ ਮੁੜਨ ਦੀ ਦੁਬਿਧਾ ਵਿੱਚ ਪਈ ਹੋਈ ਹੈ। ਇਸ ਦੁਬਿਧਾ ਵਿੱਚ ਹੀ ਉਹ ਅਗਲੀਆਂ ਲੋਕ ਸਭਾ ਚੋਣਾਂ ਵੱਲ ਵਧ ਰਹੀ ਹੈ; ਜਦਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਆਪਣੀ ਦਿਸ਼ਾ ਸਪਸ਼ਟ ਹੈ। ਭਾਰਤੀ ਜਨਤਾ ਪਾਰਟੀ ਜੇ ਆਪਣੇ ਸਿਆਸੀ ਮਕਸਦ ਲਈ ਰਾਮ ਮੰਦਰ, ਭਗਵਾਨ ਰਾਮ ਦੀ ਵਰਤੋਂ ਕਰ ਰਹੀ ਹੈ ਤਾਂ 'ਆਪ' ਗੀਤਾ ਵਿੱਚੋਂ ਉਪਦੇਸ਼ ਦੇਣ ਲਗਦੀ ਹੈ, ਜਾਂ ਫਿਰ ਹਨੂੰਮਾਨ ਚਾਲੀਸਾ ਪੜ੍ਹਨ ਲਗਦੀ ਹੈ। ਲਗਦਾ ਇੰਝ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਵਾਲੀ ਬਹੁਗਿਣਤੀ ਧਰਮ ਆਧਾਰਤ ਰਾਜਨੀਤੀ ਦੇ ਮਾਮਲੇ ਵਿੱਚ ਸਮਾਂ ਆਉਣ 'ਤੇ ਭਾਜਪਾ ਤੋਂ ਵੀ ਅੱਗੇ ਜਾ ਸਕਦੀ ਹੈ।

ਮਸਲਨ ਭਗਵੰਤ ਮਾਨ ਨੇ ਰਾਮ ਮੰਦਰ ਦੇ ਉਦਘਾਟਨ ਵਾਲੇ ਦਿਨ ਪੰਜਾਬ ਵਿੱਚ ਸਰਕਾਰੀ ਛੁੱਟੀ ਕਰਨ ਤੋਂ ਇਨਕਾਰ ਕਰ ਕੇ 'ਫਿਰਕੂ ਸੰਤੁਲਨ' ਬਣਾਉਣ ਦਾ ਯਤਨ ਕੀਤਾ, ਪਰ ਕੇਜਰੀਵਾਲ ਇਸ ਪ੍ਰਸੈਪਸ਼ਨ ਨੂੰ ਭੰਗ ਕਰਨ ਲਈ ਇੰਨਾ ਕਾਹਲਾ ਦਿਸਿਆ ਕਿ ਇੱਕ ਦੋ ਦਿਨ ਬਾਅਦ ਹੀ ਭਗਵੰਤ ਮਾਨ ਦੀ ਉਂਗਲ ਫੜ ਕੇ ਅਯੁਧਿਆ ਵਾਲੇ ਰਾਮ ਮੰਦਰ ਵਿੱਚ ਮੱਥਾ ਟਿਕਾਉਣ ਲੈ ਗਿਆ। ਰਹੁਲ ਗਾਂਧੀ ਨੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਪਾਲ ਮਲਿਕ ਨਾਲ ਆਪਣੀ ਇੱਕ ਇੰਟਰਵਿਊ ਵਿੱਚ ਕਾਂਗਰਸ ਨੂੰ ਇੱਕ ਸੌਫਟ ਹਿੰਦੂਤਵਾ ਦੀ ਨੁਮਾਇੰਗੀ ਕਰਨ ਵਾਲੀ ਪਾਰਟੀ ਕਰਾਰ ਦਿੱਤਾ ਹੈ। ਸੋ ਲੱਲੇ-ਭਬੇ ਦੇ ਫਰਕ ਨਾਲ ਸਾਰਿਆਂ ਦਾ ਡੀ.ਐਨ.ਏ. ਇੱਕੋ ਜਿਹਾ ਵਿਖਾਈ ਦਿੰਦਾ ਹੈ। ਇਸ ਹਾਲਤ ਵਿੱਚ ਲਾਜ਼ਮੀ ਹੀ ਫੈਡਰਲਿਜ਼ਮ ਦੀ ਨੁਮਾਇੰਦਗੀ ਕਰਨ ਵਾਲੀਆਂ ਖੇਤਰੀ ਪਾਰਟੀਆਂ ਦੀ ਭੂਮਿਕਾ ਅਹਿਮ ਹੋ ਜਾਂਦੀ ਹੈ। ਇਸ ਮਾਮਲੇ ਵਿੱਚ ਕਾਂਗਰਸ ਪਾਰਟੀ ਨੂੰ ਆਪਣੇ ਨਿਕਟ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਬਕੌਲ ਪ੍ਰਸ਼ਾਂਤ ਕਿਸ਼ੋਰ ਕਾਂਗਰਸ ਪਾਰਟੀ ਦਾ ਪਤਨ 1985 ਤੋਂ ਬਾਅਦ ਸ਼ੁਰੂ ਹੋਇਆ। ਯਾਦ ਰਹੇ, ਬਲਿਊ ਸਟਾਰ ਉਪਰੇਸ਼ਨ ਤੇ ਸਿੱਖ ਵਿਰੋਧੀ ਦੰਗੇ 1984 ਵਿੱਚ ਹੋਏ ਸਨ ਅਤੇ ਇਸ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਕਾਂਗਰਸ ਨੇ ਬਹੁਗਿਣਤੀ ਭਾਈਚਾਰੇ ਦੇ ਧਾਰਮਿਕ ਜਨੂੰਨ ਨੂੰ ਆਪਣੀ ਚੋਣ ਮੁਹਿੰਮ ਲਈ ਵਰਤਿਆ ਸੀ।

ਇਸ ਵਾਰ ਦੀਆਂ ਲੋਕ ਸਭਾ ਚੋਣਾਂ ਇਸ ਕਰਕੇ ਦਿਲਚਸਪ ਹਨ ਕਿ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਨੂੰ ਆਪਣੀ ਅਸਲ ਧਰਮ ਨਿਰਪੱਖ ਵਿਚਾਰਧਾਰਾ ਅਤੇ ਨਫਰਤ ਤੇ ਧਰੁਵੀਕਰਨ ਦੀ ਨੀਤੀ ਦੇ ਖਿਲਾਫ 'ਪਿਆਰ ਦੀ ਦੁਕਾਨ ਖੋਲ੍ਹਣ' ਦੇ ਨਾਂ 'ਤੇ ਲੜ ਰਹੀ ਹੈ। ਪਿਆਰ ਦੀ ਇਹ ਦੁਕਾਨ ਕਰਨਾਟਕਾ ਅਸੈਂਬਲੀ ਵਿੱਚ ਖੁੱਲ੍ਹ ਵੀ ਗਈ ਸੀ, ਪਰ ਬਾਅਦ ਵਿੱਚ ਰਾਜਸਥਾਨ, ਮੱਧ ਪ੍ਰਦੇਸ਼ ਸਮੇਤ ਪੰਜ ਰਾਜਾਂ ਵਿੱਚ ਹੋਈਆਂ ਚੋਣਾਂ ਦੌਰਾਨ ਹਿੰਦੀ ਪੱਟੀ ਦੇ ਵੱਡੇ ਰਾਜਾਂ ਵਿੱਚ ਭਾਜਪਾ ਬਾਜੀ ਮਾਰ ਗਈ। ਇਨ੍ਹਾਂ ਚੋਣਾਂ ਨੂੰ ਲੋਕ ਸਭਾ ਲਈ ਸੈਮੀਫਾਈਨਲ ਮੰਨਿਆ ਜਾ ਰਿਹਾ ਸੀ। ਇਹ ਸੈਮੀਫਾਈਨਲ ਭਾਜਪਾ ਦੇ ਹਿੱਸੇ ਆਇਆ। ਕਾਰਪੋਰੇਟ ਜਗਤ ਅਤੇ ਹਿੰਦੋਸਤਾਨ ਦੇ ਲੋਕ ਫਿਰ ਭਾਜਪਾ ਵੱਲ ਵੇਖਣ ਲੱਗੇ। ਰਾਮ ਮੰਦਰ ਨੇ ਇਸ ਪ੍ਰਸੈਪਸ਼ਨ ਨੂੰ ਹੋਰ ਰੰਗ ਚਾੜ੍ਹਿਆ, ਤੇ ਲੱਗਣ ਲੱਗਾ ਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਕੋਈ ਤੋੜ ਨਹੀਂ ਹੈ; ਪਰ ਫਿਰ ਚੋਣ ਬਾਂਡ ਬਾਰੇ ਕਾਨੂੰਨ ਨੂੰ ਸੁਪਰੀਮ ਕੋਰਟ ਵੱਲੋਂ ਗੈਰ-ਸੰਵਿਧਾਨ ਕਰਾਰ ਦਿੱਤੇ ਜਾਣ ਤੋਂ ਬਾਅਦ ਅਤੇ ਇਸ ਰਾਹੀਂ ਵੱਖ-ਵੱਖ ਪਾਰਟੀਆਂ ਨੂੰ ਆਏ ਕਾਰਪੋਰੇਟ ਫੰਡ ਦਾ ਡੈਟਾ ਜਾਰੀ ਹੋਣ ਨਾਲ ਹਾਲਾਤ ਬਦਲੇ ਹਨ।

ਬਾਂਡ ਵਸੂਲੀ ਵਿੱਚ ਭਾਜਪਾ ਵੱਲੋਂ ਈ.ਡੀ., ਇਨਕਮ ਟੈਕਸ ਡਿਪਾਰਟਮੈਂਟ ਅਤੇ ਸੀ.ਬੀ.ਆਈ. ਦੀ ਵਰਤੋਂ ਰਾਹੀਂ ਕੀਤੀ ਗਈ ਵੱਡੀ ਵਸੂਲੀ ਦੇ ਨੰਗਾ ਹੋਣ ਦੇ ਅਮਲ ਨੇ 'ਇੰਡੀਆ ਗੱਠਜੋੜ' ਲਈ ਵੀ ਮੌਕੇ ਖੋਲ੍ਹ ਦਿੱਤੇ। ਕੇਂਦਰ ਸਰਕਾਰ ਦੇ ਚੋਣ ਬਾਂਡ ਵਾਲੇ ਸੈਲਫ ਗੋਲ ਨਾਲ ਹਾਲਤ ਬਰਾਬਰ ਸਰਾਬਰ ਵਿਖਾਈ ਦਿੰਦੀ ਹੈ। ਰਾਮ ਮੰਦਰ ਵਾਲਾ ਸਿਆਸੀ ਰੰਗ ਫਿੱਕਾ ਹੋਣ ਲੱਗਾ ਹੈ। ਜੇ ਇੰਡਿਆ ਗੱਠਜੋੜ ਨਾਲੋਂ ਕੁਝ ਭਾਈਵਾਲ ਵੱਖ ਹੋਏ ਹਨ ਤਾਂ ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਵੀ ਤਕਰੀਬਨ ਖਤਮ ਹੋ ਗਈ ਹੈ। ਉੜੀਸਾ ਵਿੱਚ ਸੱਤਾਧਾਰੀ ਬੀਜੂ ਜਨਤਾ ਦਲ ਨਾਲ ਭਾਜਪਾ ਦਾ ਜੋੜ-ਮੇਲ ਵੀ ਟੁੱਟ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਨੇ 'ਆਪ' ਅਤੇ ਭਾਜਪਾ- ਦੋਹਾਂ ਦੇ ਅਕਸ ਨੂੰ ਵੱਟਾ ਲਾਇਆ। ਜਾਂਚ ਏਜੰਸੀਆਂ ਦਾ ਡਰ ਵਿਖਾ ਕੇ ਭਾਜਪਾ ਵਿੱਚ ਸ਼ਾਮਲ ਕੀਤੇ ਅਨੇਕਾਂ ਆਗੂਆਂ ਅਤੇ ਚੋਣ ਬਾਂਡਾਂ ਦੀ ਕਥਾ ਲੋਕਾਂ ਨੇ ਸੁਣੀ ਹੋਏਗੀ, ਪਰ ਇਸ ਨੂੰ ਹੱਟੀਆਂ-ਭੱਠੀਆਂ 'ਤੇ ਲੈ ਕੇ ਜਾਣ ਲਈ ਇੱਕ ਵੱਡੀ ਤੇ ਤੇਜ਼ ਤਰਾਰ ਚੋਣ ਮੁਹਿੰਮ ਦੀ ਲੋੜ ਹੈ। ਵਿਰੋਧੀ ਪਾਰਟੀਆਂ ਦੀ ਅਜਿਹੀ ਸੰਭਾਵਤ ਸਮਰਥਾ ਨੂੰ ਅਪੰਗ ਕਰਨ ਲਈ ਭਾਜਪਾ ਜੰਗੀ ਯਤਨ ਕਰ ਰਹੀ ਹੈ। ਕਾਂਗਰਸ ਦੇ ਬੈਂਕ ਖਾਤੇ ਜਾਮ ਕਰਨਾ ਅਤੇ ਆਮ ਆਦਮੀ ਪਾਰਟੀ ਨੂੰ ਲੀਡਰਹੀਣ ਕਰਨਾ, ਤ੍ਰਿਣਮੂਲ ਕਾਂਗਰਸ ਦੀ ਆਗੂ ਖਿਲਾਫ ਛਾਪੇ, ਹਰ ਸੰਭਾਵਤ ਵਿਰੋਧੀ ਨੂੰ ਦਬਲਣ ਦੇ ਯਤਨ ਹਨ। ਦੋ ਵੱਡੀਆਂ ਕੌਮੀ ਵਿਰੋਧੀ ਪਾਰਟੀਆਂ ਅਤੇ ਫੈਡਰਲ ਭਾਰਤ ਦੀ ਚਾਹ ਰੱਖਣ ਵਾਲੀਆਂ ਪਾਰਟੀਆਂ ਦਾ ਪੀਡਾ ਗੱਠਜੋੜ ਅਤੇ ਹਮਲਾਵਰ ਪਹੁੰਚ ਹੀ ਭਾਜਪਾ ਦੇ ਇਸ ਹਮਲੇ ਨੂੰ ਖੁੰਡਾ ਕਰ ਸਕਦੀ ਹੈ।

FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543

BHANGRA CLASSES
Chicago & Milwaukee Area
ONLINE CLASSES AVAILABLE
For The Students of Canada & USA
Bhangra
Luddi
Malwai Giddha
Jhummer
Jindua
Weight Loss Bhangra
Learn From Professional Coach From Punjab
BHANGRA RHYMES
Call/Whtsapp us For More info
602-610-0001
WWW.BHANGRARHYMES.COM

## ਜੁਗ ਜੁਗ ਜੀਓ... (11)

# ਮੈਨੂੰ ਸੁਪਨੇ ਲੈਣ ਦੇ ਕੁਝ ਹੋਰ

**ਡਾ. ਹਰਬੰਸ ਕੌਰ ਦਿਓਲ**

"ਆ ਗਈ, ਆ ਗਈ, ਆ ਗਈ! ਕਮਾਲ ਹੋ ਗਈ ਦੀਦੀ।"

"ਸਾਹ ਤਾਂ ਲੈ ਲਾ।"

"ਆ ਗਏ ਜਿਨ ਕਾ ਇੰਤਜ਼ਾਰ ਥਾ।"

"ਅੱਛਾ!"

"ਬੁੱਝੋ ਤਾਂ...।"

"ਕਿਸੇ ਦਿਨ ਫੇਰ ਸਹੀ। ਅੱਜ ਬਹੁਤ ਵਿਅਸਥ ਹਾਂ।"

"ਮੈਂ ਐਡੀ ਦੂਰੋਂ ਖੁਸ਼ੀ ਖੁਸ਼ੀ ਤੁਹਾਨੂੰ ਦੱਸਣ ਆਈ ਆਂ, ਤੁਸੀਂ ਤਾਂ ਬੰਦੇ ਨੂੰ ਐਵੇਂ ਹੀ ਥੱਲੇ ਲਾਹ ਦਿੰਦੇ ਓ। ਮੈਨੂੰ ਹਰ ਵੇਲੇ ਕਹਿੰਦੇ ਰਹਿੰਦੇ ਹੋ, 24 ਘੰਟਿਆਂ ਵਿੱਚੋਂ ਕਿੰਨਾ ਸੌਖਾ ਏ 20-30 ਮਿੰਟ ਕੱਢਣੇ ਯੋਗਾ ਲਈ, ਸੈਰ ਲਈ, ਮੈਡੀਟੇਸ਼ਨ ਲਈ ਵਗੈਰਾ ਵਗੈਰਾ। ਤੁਸੀਂ ਮੇਰੇ ਲਈ 5-10 ਮਿੰਟ ਨਹੀਂ ਕੱਢ ਸਕਦੇ? ਹੋਰ ਨਹੀਂ ਤਾਂ ਪਿਛਲੀ ਮੁਲਾਕਾਤ ਵੇਲੇ ਦੇ ਵਿਸ਼ੇ ਬਾਰੇ ਕੁਝ ਬਚਦੀਆਂ ਗੱਲਾਂ ਕਰਕੇ ਖਾਤਮਾ ਕਰੀਏ!

ਦੇਖੋ ਜੀ, ਮੈਂ ਤਾਂ ਬੈਠੀ ਆਂ ਇੱਥੇ ਕੁਰਸੀ 'ਤੇ, ਨਾ ਕੋਈ ਹੋਰ ਕੰਮ ਕਰਨੈ ਮੈਂ ਅਤੇ ਨਾ ਹੀ ਤੁਹਾਨੂੰ ਕੁਝ ਕਰਨ ਦੇਣੈ। ਮਰਜੀ ਆ ਤੁਹਾਡੀ, ਫੈਸਲਾ ਤੁਹਾਡੇ ਹੱਥ ਵਿੱਚ ਹੈ।"

"ਤੂੰ ਨਹੀਂ ਮੇਰੇ ਪਿੱਛੋਂ ਲਹਿਣਾ, ਮੈਨੂੰ ਵੀ ਥੋੜ੍ਹੀ ਜਿਹੀ ਬਰੇਕ ਦੀ ਜ਼ਰੂਰਤ ਹੈ। ਚੱਲ ਕੀ ਪੁੱਛਣਾ ਏ?"

"ਆਹ ਤਾਂ ਹੋਈ ਨਾ ਗੱਲ! ਕਿਉਂ ਨਾ ਆਪਾਂ ਕੁਝ ਗੱਲਾਂ ਯਾਦ ਕਰਨ ਲਈ ਦੁਹਰਾ ਲਈਏ। ਆਪਾਂ ਉਨੀਂਦਰੇ ਬਾਰੇ ਗੱਲਾਂ ਕਰ ਰਹੇ ਸੀ। ਇਸ ਦਾ ਆਪਣੀ ਸਿਹਤ 'ਤੇ ਕੀ ਅਸਰ ਹੁੰਦਾ ਏ।"

"ਪ੍ਰੀਤ, ਇਸ ਦੇ ਦੋ ਕਿਸਮ ਦੇ ਅਸਰ ਹੁੰਦੇ ਨੇ, ਇੱਕ ਤਾਂ ਤੁਰੰਤ ਪ੍ਰਭਾਵ (Short Term) 2-3 ਰਾਤਾਂ ਦੇ ਉਨੀਂਦਰੇ ਬਾਅਦ। ਜੇ ਕੋਈ ਡਰਾਈਵ ਕਰਦਾ ਹੋਵੇ, ਇਸ ਹਾਲਤ ਵਿੱਚ ਉਸ ਦੀ ਤੁਲਨਾ ਕੀਤੀ ਜਾਂਦੀ ਆ ਸ਼ਰਾਬੀ ਨਾਲ (Same as trunk driver) ਕਿਉਂਕਿ ਉਸ ਦੀ ਯਾਦਦਾਸ਼ਤ, ਫੈਸਲਾ ਕਰਨ ਅਤੇ ਜੱਜਮੈਂਟ 'ਤੇ ਇੰਨਾ ਅਸਰ ਪੈਂਦਾ ਹੈ ਉਨੀਂਦਰੇ ਦਾ। ਉਸ ਦੀ ਸ਼ਕਤੀ, ਖੁਸ਼ੀ, ਰਚਨਾਤਮਕ (creativity) ਅਤੇ ਰਿਸ਼ਤੇਦਾਰਾਂ ਨਾਲ ਸਬੰਧ ਵੀ ਸਾਰੇ ਘਟ ਜਾਂਦੇ ਨੇ, ਪਰ ਥਕਾਵਟ, ਕਰੇਵਿੰਗਜ਼ ਅਤੇ ਤਣਾਅ (stress) ਵਧ ਜਾਂਦੈ। ਜੇ ਉਨੀਂਦਰਾ ਲੰਮੇ ਸਮੇਂ ਲਈ ਹੋਵੇ ਤਾਂ ਇਮਿਊਨ ਸਿਸਟਮ ਦੀ ਘਾਟ ਕਰਕੇ ਇਨਫੈਕਸ਼ਨ ਅਤੇ ਕੈਂਸਰ ਦਾ ਖਤਰਾ ਵਧ ਜਾਂਦੈ। ਮੋਟਾਪਾ, ਸ਼ੂਗਰ ਦੀ ਬਿਮਾਰੀ ਅਤੇ ਦਿਲ ਦੀ ਬਿਮਾਰੀ ਵਗੈਰਾ ਹੋਣ ਦਾ ਖਤਰਾ ਵੀ ਹੋ ਸਕਦਾ ਏ।"

"ਦੀਦੀ, ਉਨੀਂਦਰੇ ਦਾ ਇਲਾਜ ਕਰਨਾ ਤਾਂ ਬਹੁਤ ਅਹਿਮੀਅਤ ਰੱਖਦਾ ਹੈ। ਸ਼ਾਮ ਦੇ ਨਿੱਤਨੇਮ (ਜੋ ਨੀਂਦ ਲਈ ਬਹੁਤ ਜ਼ਰੂਰੀ ਹੈ) ਬਾਰੇ ਥੋੜ੍ਹਾ ਜਿਹਾ ਵਿਸਥਾਰ ਨਾਲ ਦੱਸੋਗੇ?"

"ਸੁਣ ਧਿਆਨ ਨਾਲ। ਆਪਣਾ ਸਰੀਰ ਅਤੇ ਦਿਮਾਗ- ਦੋਨੋਂ ਹੀ ਦਿਨ ਵੇਲੇ ਦੇ ਕੰਮਾਂ, ਰੁਝੇਵਿਆਂ ਅਤੇ ਸਮੱਸਿਆਵਾਂ ਵਗੈਰਾ ਨੂੰ ਹੱਲ ਕਰਨ ਵਿੱਚ ਕਾਫੀ ਰੁੱਝੇ ਰਹਿੰਦੇ ਨੇ। ਦੋਹਾਂ ਨੂੰ ਸੌਣ ਤੋਂ ਪਹਿਲਾਂ ਸ਼ਾਂਤ (relax) ਕਰਨ ਦੀ ਜ਼ਰੂਰਤ ਹੈ, ਅੱਛੀ ਨੀਂਦ ਦੀ ਖਾਤਰ। ਜਿਵੇਂ ਆਪਾਂ ਬੱਚਿਆਂ ਨੂੰ ਨੁਹਾ ਕੇ, ਕੱਪੜੇ ਬਦਲ ਕੇ, ਬੱਤੀ ਮੱਧਮ ਕਰਕੇ, ਕਹਾਣੀ ਸੁਣਾ ਕੇ ਸੁਲਾਉਂਦੇ ਹਾਂ, ਇਸ ਤਰ੍ਹਾਂ ਦੇ ਸ਼ਾਮ ਦੇ ਨਿੱਤਨੇਮ ਦੀ ਆਪਾਂ ਨੂੰ ਵੀ ਜ਼ਰੂਰਤ ਹੁੰਦੀ ਏ, ਇਸ ਨੂੰ evening wind down ਵੀ ਕਹਿੰਦੇ ਹਨ। ਇੱਕ 10-3-2-1 ਨਿਯਮ ਹੈ ਇਸ ਲਈ:

1. ਦਸ ਤੋਂ ਮਤਲਬ ਹੈ ਕਿ ਸੌਣ ਦੇ ਵੇਲੇ ਤੋਂ 10 ਘੰਟੇ ਪਹਿਲਾਂ ਕੈਫੀਨ ਲੈਣੀ ਬੰਦ ਕਰ ਦੇਵੋ, ਕਿਉਂਕਿ ਸਰੀਰ ਵਿੱਚ ਇਸ ਦਾ ਅਸਰ 10 ਘੰਟੇ ਤੱਕ ਰਹਿ ਸਕਦਾ ਹੈ ਅਤੇ ਇਹ ਸੌਣ ਵਿੱਚ ਦਖਲਅੰਦਾਜ਼ੀ ਕਰਦੀ ਹੈ ਨੀਂਦ ਦੀ ਮਿਕਦਾਰ ਅਤੇ ਕੁਆਲਿਟੀ ਵਿੱਚ।

2. ਤਿੰਨ ਘੰਟੇ ਸੌਣ ਤੋਂ ਪਹਿਲਾਂ ਸ਼ਾਮ ਦਾ ਖਾਣਾ ਖਾ ਲਵੋ ਤਾਂ ਕਿ ਆਪਣੇ ਸਰੀਰ ਨੂੰ ਸੌਣ ਵੇਲੇ ਖਾਣਾ ਹਜ਼ਮ ਕਰਨ ਲਈ ਸ਼ਕਤੀ ਨਾ ਇਸਤੇਮਾਲ ਕਰਨੀ ਪਵੇ। ਅਲਕੋਹਲ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਏ ਸ਼ਾਮ ਵੇਲੇ ਅੱਛੀ ਨੀਂਦ ਦੀ ਖਾਤਰ।

3. ਦੋ ਘੰਟੇ ਸੌਣ ਤੋਂ ਪਹਿਲਾਂ ਕੰਮ ਕਰਨਾ ਬੰਦ ਕਰ ਦੇਣਾ ਚਾਹੀਦਾ ਏ।

4. ਇੱਕ ਘੰਟਾ ਸੌਣ ਤੋਂ ਪਹਿਲਾਂ ਨੀਲੀ ਰੋਸ਼ਨੀ (blue light) ਜਿਹੜੀ ਕੰਪਿਊਟਰ, ਆਈਪੈਡ, ਟੀ.ਵੀ., ਸਮਾਰਟ ਫੋਨ ਅਤੇ ਫਲੋਰੈਸ ਰੋਸ਼ਨੀ ਤੋਂ ਆਉਂਦੀ ਹੈ, ਬੰਦ ਕਰ ਦੇਣੀ ਚਾਹੀਦੀ ਹੈ। ਸੌਣ ਤੋਂ ਪਹਿਲਾਂ ਫੋਨ ਦੀ ਸਕਰੀਨ 'ਤੇ ਦੇਖਣਾ ਸੂਰਜ ਵੱਲ ਦੇਖਣ ਬਰਾਬਰ ਹੀ ਹੈ। ਪੀਲੀ ਅਤੇ ਲਾਲ ਬੱਤੀ ਕਿਤੇ ਚੰਗੀ ਹੈ ਸ਼ਾਮ ਦੇ ਨਿੱਤਨੇਮ ਲਈ। ਸੀਲਿੰਗ ਜਾਂ ਉਚੀਆਂ ਬੱਤੀਆਂ ਹਟਾ ਕੇ ਨੀਵੀਆਂ ਰੋਸ਼ਨੀਆਂ ਦੀ ਵਰਤੋਂ ਸ਼ੁਰੂ ਕਰੋ ਸੌਣ ਤੋਂ 1-2 ਘੰਟੇ ਪਹਿਲਾਂ। ਜੇ ਬਹੁਤ ਹੀ ਜ਼ਰੂਰੀ ਹੈ ਸਕਰੀਨ ਵਾਲੀ ਰੋਸ਼ਨੀ ਦੇਖਣ ਦੀ, ਕੋਈ ਕਾਰਨ ਕਰਕੇ ਤਾਂ ਐਂਬਰ ਐਨਕ ਦਾ ਇਸਤੇਮਾਲ ਕਰੋ ਨੀਲੀ ਰੋਸ਼ਨੀ ਤੋਂ ਬਚਣ ਲਈ।

5. ਸ਼ਾਮ ਨੂੰ ਸੌਣ ਤੋਂ ਪਹਿਲਾਂ ਕੋਈ ਤਣਾਅ ਵਾਲੀਆਂ ਗੱਲਾਂ ਨਾ ਕਰੋ। ਕੰਮ ਦੀਆਂ ਈਮੇਲਾਂ, ਵਿੱਤ ਚਰਚਾ ਨਾ ਕਰੋ। ਚੰਗਾ ਹੈ ਸ਼ਾਮ ਦੀਆਂ ਖਬਰਾਂ ਵੀ ਨਾ ਦੇਖੋ/ਸੁਣੋ।

6. ਗਰਮ ਪਾਣੀ ਨਾਲ ਨਹਾ ਕੇ ਯੋਗਾ ਜਾਂ ਮੈਡੀਟੇਸ਼ਨ ਕਰ ਲਵੋ। ਕੋਈ ਸ਼ਾਂਤੀ ਦੇਣ ਵਾਲੀ ਜਾਂ ਹਾਸੇ ਵਾਲੀ ਕਿਤਾਬ ਪੜ੍ਹ ਲਵੋ। ਸ਼ਾਂਤੀ ਦੇਣ ਵਾਲਾ ਸੰਗੀਤ ਜਾਂ ਬਾਣੀ ਸੁਣੋ, ਪਾਠ ਕਰ ਲਵੋ। ਗਰਮ ਦੁੱਧ ਦਾ ਗਿਲਾਸ ਪੀਸੀ ਹੋਈ ਥੋੜ੍ਹੀ ਜਿਹੀ ਦਾਲਚੀਨੀ ਪਾ ਕੇ ਜਾਂ ਗੋਲਡਨ ਮਿਲਕ ਪੀਣ ਨਾਲ ਸੌਣ ਵਿੱਚ ਮਦਦ ਮਿਲੇਗੀ।

7. ਸੌਣ ਵਾਲੇ ਕਮਰੇ ਵਿੱਚ ਮੰਜੇ ਕੋਲ 'ਰੋਜ਼ਾਨਾ ਸ਼ੁਕਰਾਨਾ ਕਿਤਾਬ' ਰੱਖੋ। ਹਰ ਰੋਜ਼ ਸੌਣ ਤੋਂ ਪਹਿਲਾਂ ਤਿੰਨ ਗੱਲਾਂ ਰੱਬ ਦਾ ਸ਼ੁਕਰਾਨਾ ਕਰਨ ਵਾਲੀਆਂ, ਉਸ



ਵਿੱਚ ਦਰਜ ਕਰੋ। ਇਹ ਕੁਝ ਵੀ ਹੋ ਸਕਦੈ- ਤੁਸੀਂ ਕਿਸੇ ਦੀ ਮਦਦ ਕੀਤੀ, ਕਿਸੇ ਨੇ ਤੁਹਾਡੀ ਮਦਦ ਕੀਤੀ, ਤੁਹਾਨੂੰ ਰੋਟੀ ਮਿਲ ਗਈ ਖਾਣ ਲਈ ਤਿੰਨਾਂ ਵੇਲਿਆਂ ਦੀ, ਤੁਸੀਂ ਤੁਰ ਫਿਰ ਸਕਦੇ ਹੋ, ਦੇਖ ਸਕਦੇ ਹੋ ਵਗੈਰਾ ਵਗੈਰਾ। ਉਸ ਦੀਆਂ ਨਿਆਮਤਾਂ ਅਣਗਿਣਤ ਹਨ।

8. ਪੰਦਰਾਂ ਕੁ ਮਿੰਟ ਪਹਿਲਾਂ ਸੌਣ ਵਾਲੇ ਕਮਰੇ ਵਿੱਚ ਜਾ ਕੇ ਤਾਪਮਾਨ 65 ਡਿਗਰੀ ਫਾਰਨਹੀਟ 'ਤੇ ਕਰ ਲਵੋ। ਕਮਰਾ ਠੰਡਾ, ਸ਼ਾਂਤ ਅਤੇ ਹਨੇਰਾ ਹੋਣਾ ਚਾਹੀਦਾ ਹੈ, ਨੀਲੀ ਰੋਸ਼ਨੀ ਤੋਂ ਬਿਨਾ। ਉਪਰ ਲੈਣ ਲਈ ਅਰਾਮਦਾਇਕ ਕੰਬਲ, ਰਜਾਈ ਵਗੈਰਾ ਹੋਵੇ।

9. ਮੰਜੇ 'ਤੇ ਪੈ ਕੇ ਵਾਹਿਗੁਰੂ, ਵਾਹਿਗੁਰੂ ਦਾ ਸਿਮਰਨ ਜਾਂ ਕੀਰਤਨ ਸੋਹਲੇ ਦਾ ਪਾਠ ਕਰ ਲਵੋ। ਫਿਰ ਸਾਹ ਲੈਣ ਵਾਲੀ ਐਕਸਰਸਾਈਜ਼ ਕਰੋ, ਸਾਹ ਲੈਣ ਵੇਲੇ ਪੂਰਾ ਧਿਆਨ ਲਗਾ ਕੇ, ਜਿਸ ਨੂੰ mindful breathing ਕਹਿੰਦੇ ਆਂ। ਉਸ ਵੇਲੇ ਹੋਰ ਗੱਲਾਂ ਵੱਲ ਧਿਆਨ ਨਹੀਂ ਹੋਣਾ ਚਾਹੀਦਾ (ਕੱਲ੍ਹ ਪਾਰਟੀ 'ਤੇ ਕਿਹੜਾ ਸੂਟ ਪਾਉਣਾ ਏ, ਮੈਚ ਕਰਦਾ ਪਰਸ ਅਤੇ ਜੁੱਤੀ ਹੈ? ਘਰ ਵਾਲੇ ਦੀ ਮੈਚਿੰਗ ਪੱਗ ਹੈ ਕਿ ਨਹੀਂ? ਵਗੈਰਾ ਵਗੈਰਾ ਨਹੀਂ ਸੋਚਣਾ) ਸਾਹ ਲੈਂਦੇ ਵੇਲੇ ਹਵਾ ਦੀ ਅੰਦਰ ਅਤੇ ਬਾਹਰ ਨਿਕਲਣ ਦੀ motion ਵੱਲ ਹੀ ਧਿਆਨ ਕਰੋ।

ਜੇ ਤੁਸੀਂ ਇਸ ਤਰ੍ਹਾਂ ਕਰੋਗੇ, 90% ਤੋਂ ਜ਼ਿਆਦਾ ਯਕੀਨਨ ਤੁਸੀਂ ਵਧੀਆ ਨੀਂਦ ਲੈ ਸਕੋਗੇ।"

"ਦੀਦੀ, ਮੈਂ ਇਹੀ ਤਾਂ ਦੱਸਣ ਆਈ ਸੀ। ਮੈਨੂੰ ਪਿਛਲੀ ਰਾਤ ਨੂੰ ਨੀਂਦ ਨਾ ਆਵੇ, ਮੈਂ ਕਾਫੀ ਕੁਝ ਕਰਕ ਕੇ ਦੇਖਿਆ, ਫਿਰ ਮੈਨੂੰ ਯਾਦ ਆਇਆ ਤੁਹਾਡਾ ਦੱਸਿਆ ਹੋਇਆ ਸਾਹ ਲੈਣ ਦਾ ਤਰੀਕਾ। ਮੈਂ 4-5 ਮਿੰਟ ਵੀ ਨਹੀਂ ਕੀਤਾ ਹੋਣਾ, ਮੈਨੂੰ ਪਤਾ ਈ ਨਹੀਂ ਲੱਗਿਆ, ਕਦੋਂ ਨੀਂਦ ਆ ਗਈ। (ਇਟ ਵਰਕਸ) ਇਹ ਕੰਮ ਕਰਦੈ, ਇਹ ਮੁਫਤ ਅਤੇ ਕਿੰਨਾ ਸੌਖਾ ਇਲਾਜ ਹੈ। ਦੀਦੀ, ਇਹ ਸ਼ਾਮ ਦਾ ਨਿੱਤਨੇਮ ਤਾਂ ਬਹੁਤ ਵਧੀਆ ਏ। ਕੀ ਇਸ ਤਰ੍ਹਾਂ ਦਾ ਕੁਝ ਸਵੇਰ ਵੇਲੇ ਲਈ ਵੀ ਹੈ?"

"ਪ੍ਰੀਤ, ਜ਼ਰੂਰ ਹੈ। ਇਹ ਸ਼ੁਰੂ ਹੁੰਦੈ, ਜਦੋਂ ਤੁਸੀਂ ਸਵੇਰੇ ਉਠਦੇ ਹੋ। ਕੋਸ਼ਿਸ਼ ਕਰੋ ਤੁਸੀਂ 15 ਮਿੰਟ ਜਲਦੀ ਉਠ ਜਾਵੋ,

1. ਇਹ ਤੁਹਾਡਾ 'ਮੇਰਾ ਵਕਤ' (my time) ਹੈ, ਜਿਸ ਵਿੱਚ ਤੁਸੀਂ ਆਪਣੇ ਹਿਸਾਬ, ਤਰੀਕੇ ਨਾਲ ਆਪਣੇ ਆਪ ਨੂੰ ਖੁਸ਼ ਕਰਨੈ। ਇਹ ਵਕਤ ਸਿਰਫ ਤੁਹਾਡੇ ਲਈ ਹੀ ਹੈ, ਜੋ ਵੀ ਐਕਟਿਵਿਟੀ ਤੁਹਾਨੂੰ ਖੁਸ਼ ਕਰਦੀ ਏ, ਕਰੋ। ਜੇ ਹੋ ਸਕੇ ਤਾਂ ਬਾਹਰ ਕੁਦਰਤ ਨੂੰ ਵੀ ਮਿਲੋ ਉਸ ਵਕਤ, ਜਿਵੇਂ ਬਾਹਰ ਬੈਠ ਕੇ ਜਾਂ ਤਾਕੀ ਦੀ ਰੋਸ਼ਨੀ ਵਿੱਚ ਬੈਠ ਕੇ ਚਾਹ ਪੀਣੀ ਜਾਂ ਬਰਾਂਡੇ ਵਿੱਚ ਜਾਂ ਪੇਟੀਓ 'ਤੇ ਜਾ ਕੇ ਕਸਰਤ, ਯੋਗਾ, ਮੈਡੀਟੇਸ਼ਨ- ਜੋ ਵੀ ਤੁਹਾਨੂੰ ਖੁਸ਼ ਕਰਦੈ, ਕਰ ਲਵੋ।

2. ਐਂਡਰਿਓ ਹੂਬਰਮਨ ਦਾ ਕਹਿਣਾ ਏ, ਸਵੇਰੇ ਉਠਣ ਤੋਂ ਬਾਅਦ ਪਹਿਲੇ ਘੰਟੇ ਵਿੱਚ ਸਵੇਰੇ ਚੜ੍ਹਦੇ ਸੂਰਜ ਨੂੰ ਦੇਖੋ, 5 ਮਿੰਟ ਲਈ ਧੁੱਪ ਦੀਆਂ ਐਨਕਾਂ ਤੋਂ ਬਿਨਾ ਘਰ ਤੋਂ ਬਾਹਰ ਨਿਕਲ ਕੇ; ਬੱਦਲਵਾਈ ਹੋਵੇ ਤਾਂ 10 ਮਿੰਟ ਲਈ। ਜੇ ਸੂਰਜ ਦੀ ਰੋਸ਼ਨੀ ਤੇਜ਼ ਹੋਵੇ ਤਾਂ ਸੂਰਜ ਵੱਲ ਦੇਖਣ ਨਾਲ ਅੱਖਾਂ ਨੂੰ ਨੁਕਸਾਨ ਪਹੁੰਚ ਸਕਦੈ। ਇਸ ਲਈ ਸੂਰਜ ਦੀ ਦਿਸ਼ਾ ਵੱਲ ਦੇਖੋ, ਪਰ ਸੂਰਜ ਨੂੰ ਨਹੀਂ, ਇਸ ਦਾ ਧਿਆਨ ਕਰਨਾ ਬਹੁਤ ਜ਼ਰੂਰੀ ਹੈ।

ਚੜ੍ਹਦੇ ਸੂਰਜ ਦੀ ਰੋਸ਼ਨੀ ਨੂੰ ਦੇਖਣਾ, ਤੁਹਾਡੇ ਅੰਦਰਲੇ ਕਲੌਕ ਨੂੰ ਬਾਹਰ ਦੇ ਕਲੌਕ ਨਾਲ ਮੇਚਣ ਲਈ ਬਹੁਤ ਮਦਦਗਾਰ ਹੈ। 16 ਘੰਟੇ ਬਾਅਦ ਮੈਲਾਟੋਨੀਨ ਦੀ ਸਕਰੀਸ਼ਨ ਹੁੰਦੀ ਏ ਅਤੇ ਨੀਂਦ ਲਈ ਬਹੁਤ ਹੀ ਮਦਦਗਾਰ ਹੈ।

ਸਵੇਰ ਦੀ ਸੂਰਜ ਦੀ ਰੋਸ਼ਨੀ ਵਿੱਚ ਬਾਹਰ 30 ਕੁ ਮਿੰਟ ਲਈ ਸੈਰ ਕਰਨਾ ਬਹੁਤ ਹੀ ਲਾਭਦਾਇਕ ਹੈ। ਆਪਣੀਆਂ ਅੱਖਾਂ ਦੇ ਫੋਟੋਰਿਸੈਪਟਰਜ਼ (photoreceptors) ਸੰਵੇਦਨਸ਼ੀਲ ਹਨ ਨੀਲੀ, ਹਰੀ ਰੋਸ਼ਨੀ ਲਈ। ਸਵੇਰ ਦੀ ਰੋਸ਼ਨੀ ਆਪਣੇ ਸਰੀਰ ਦੇ ਤਾਲ ਸੈੱਟ ਕਰਦੀ ਏ। ਬਾਹਰ ਦੀ ਰੋਸ਼ਨੀ ਹੈ 30,000 lux (ਸੂਰਜ ਦੀ ਰੋਸ਼ਨੀ) ਜੇ ਬੱਦਲਵਾਈ ਹੋਵੇ ਤਾਂ 10,000 lux ਤੱਕ ਹੁੰਦੀ ਹੈ।

ਅੰਦਰਲੀਆਂ ਰੋਸ਼ਨੀਆਂ ਸਿਰਫ 500 lux ਤੱਕ ਹੀ ਹੁੰਦੀਆਂ ਹਨ ਅਤੇ ਸੂਰਜ ਦੀ ਰੋਸ਼ਨੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਇਸ ਕਰਕੇ ਉਨੀਆਂ ਲਾਭਦਾਇਕ ਨਹੀਂ ਹੋ ਸਕਦੀਆਂ ਆਪਣੀ ਸਿਹਤ ਲਈ। ਆਪਾਂ ਸਾਰੇ ਹੀ ਕੁਦਰਤ ਦੀ ਘਾਟ (nature deficit) ਦੇ ਸ਼ਿਕਾਰ ਹਾਂ, ਕਿਉਂਕਿ ਸਾਰਾ ਦਿਨ ਅੰਦਰ ਬੰਦ ਕਮਰਿਆਂ ਵਿੱਚ ਹੀ ਕੰਮ ਕਰਦੇ ਹਾਂ। ਰੋਸ਼ਨੀ ਨਾਲ ਆਪਾਂ ਨੂੰ ਖੁਸ਼ ਕਰਨ ਵਾਲੇ ਤੱਤ ਬਣਦੇ ਨੇ, ਥਕਾਵਟ ਘਟਦੀ ਏ, ਦਿਮਾਗ ਚੰਗਾ ਕੰਮ ਕਰਦੈ, ਨੀਂਦ ਚੰਗੀ ਆਉਂਦੀ ਏ। ਇਸ ਕਰਕੇ ਆਪਾਂ ਨੂੰ ਘੱਟੋ ਘੱਟ 1-2 ਘੰਟੇ ਬਾਹਰ ਦੀ ਰੋਸ਼ਨੀ ਵਿੱਚ ਗੁਜ਼ਾਰਨੇ ਚਾਹੀਦੇ ਨੇ, ਖਾਸ ਕਰਕੇ ਚੜ੍ਹਦੇ ਸੂਰਜ ਵੇਲੇ ਅਤੇ ਢਲਦੇ ਸੂਰਜ ਵੇਲੇ। ਹੋ ਸਕੇ ਤਾਂ ਸਵੇਰ ਦੀ ਕਸਰਤ ਜਾਂ ਸੈਰ ਬਾਹਰ ਹੀ ਕਰੋ। ਤੁਸੀਂ ਕੰਮ 'ਤੇ ਜਾਣ ਵੇਲੇ ਕੰਮ ਤੋਂ ਦੂਰ ਕਾਰ ਪਾਰਕ ਕਰੋ ਅਤੇ ਸੁਪਰਮਾਰਕਿਟ ਜਾਣ ਵੇਲੇ ਵੀ ਦਰਵਾਜ਼ੇ ਤੋਂ ਦੂਰ ਪਾਰਕ ਕਰੋ, ਇਸ ਨਾਲ ਤੁਹਾਨੂੰ ਤੁਰਨ ਦਾ ਬਹਾਨਾ ਮਿਲਦਾ ਹੈ।

-ਸਵੇਰੇ ਉਠ ਕੇ ਆਪਣੇ ਲਈ ਤਿੰਨ ਚੰਗੀਆਂ ਗੱਲਾਂ ਸੋਚੋ। ਆਪਣੀਆਂ ਖੁਸ਼ੀਆਂ ਵੱਲ ਤਵੱਜੋ ਦੇਵੋ। ਹੱਸਣ ਲਈ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੋ। ਘਰ ਵਿੱਚ ਜਿਹੜੇ ਹਿੱਸੇ ਵਿੱਚ ਜ਼ਿਆਦਾ ਵਕਤ ਰਹਿੰਦੇ ਹੋ, ਖੁਸ਼ ਕਰਨ ਵਾਲੀਆਂ ਤਸਵੀਰਾਂ ਲਗਾਓ। ਸੋਚੋ ਇਹ ਬਹੁਤ ਹੀ ਵਧੀਆ ਦਿਨ ਹੋਵੇਗਾ। ਤੁਸੀਂ ਖੁਸ਼ ਰਹਿਣਾ ਏ, ਰੱਬ ਤੁਹਾਡੇ ਨਾਲ ਹੈ, ਉਹ ਤੁਹਾਡੀ ਰੱਖਿਆ ਕਰਦਾ ਏ ਅਤੇ ਤੁਹਾਨੂੰ ਬਹੁਤ ਜ਼ਿਆਦਾ ਪਿਆਰ ਕਰਦੈ। ਤੁਹਾਡੀ ਦਿਲ ਦੀ ਮੁਰਾਦ ਪੂਰੀ ਹੋਵੇਗੀ, ਤੁਸੀਂ ਖੁਸ਼ਕਿਸਮਤ ਹੋ ਵਗੈਰਾ ਵਗੈਰਾ। ਰੋਜ਼ ਹੀ ਇਨ੍ਹਾਂ ਨੂੰ ਦੁਹਰਾਓ, ਦਿਨ ਵਿੱਚ ਕਈ ਵਾਰ।"

"ਦੀਦੀ ਤੁਸੀਂ ਕਿਹਾ ਸੀ ਕਿ ਮੈਗਨੀਸ਼ੀਅਮ ਸਰੀਰ ਅਤੇ ਦਿਮਾਗ- ਦੋਹਾਂ ਨੂੰ ਸ਼ਾਂਤ ਕਰਨ ਅਤੇ ਨੀਂਦ ਲਈ ਜ਼ਰੂਰੀ ਕੰਮ ਕਰਦੈ। ਤੁਸੀਂ ਸਪਲੀਮੈਂਟਸ ਤਾਂ ਦੱਸੇ ਸੀ। ਕੀ ਇਹ ਕਿਸੇ ਖੁਰਾਕ ਵਿੱਚ ਵੀ ਮਿਲ ਸਕਦਾ ਏ?"

3. "ਹਾਂ, ਕੁਝ ਖੁਰਾਕਾਂ ਵਿੱਚ ਇਸ ਦੀ ਮਿਕਦਾਰ ਅੱਛੀ ਹੈ। ਮੈਗਨੀਸ਼ੀਅਮ ਵਾਲੀਆਂ ਖੁਰਾਕਾਂ ਹਨ- ਪਾਲਕ, ਚਕੰਦਰ, ਪਾਰਸਲੇ, ਸੀਡਜ਼ (ਜਿਵੇਂ ਪੰਪਕਿਨ, ਚੀਆ ਅਤੇ ਸਨਫਲਾਵਰ), ਨਟਜ਼ (ਮੂੰਗਫਲੀ, ਬਦਾਮ), ਐਵਾਕਾਡੋ, ਐਡਾਮੇਮ ਅਤੇ ਡਾਰਕ ਚਾਕਲੇਟ। ਆਮ ਤੌਰ 'ਤੇ ਆਪਣੀ ਰੋਜ਼ ਦੀ ਜ਼ਰੂਰਤ ਖੁਰਾਕ ਤੋਂ ਪੂਰੀ ਨਹੀਂ ਹੁੰਦੀ ਅਤੇ ਇਹ ਬਾਹਰੋਂ ਵੀ ਲੈਣਾ ਪੈਂਦਾ।"

"ਦੀਦੀ, ਤੁਸੀਂ ਯੋਗਾ ਪੋਜ਼ਿਜ਼ ਦੀ ਵੀ ਗੱਲ ਕਰ ਰਹੇ ਸੀ, ਕੁਝ ਉਸ ਬਾਰੇ ਵੀ ਹੁਣ ਦੱਸ ਹੀ ਦੇਵੋ।"

4. "ਇੱਕ ਹੈ, ਜਿਸ ਨੂੰ ਬਟਰਫਲਾਈ ਪੋਜ਼ (butterfly pose) ਕਹਿੰਦੇ ਨੇ। ਤੁਸੀਂ ਮੰਜੇ 'ਤੇ ਪਿੱਠ ਭਾਰ ਪੈ ਜਾਵੋ। ਬਾਹਾਂ ਕੂਹਣੀਆਂ ਤੋਂ ਮੋੜ ਕੇ ਹੱਥ ਕਮਰ 'ਤੇ ਰੱਖ ਲਵੋ ਅਤੇ ਬਾਹਾਂ ਨੂੰ ਮੰਜੇ 'ਤੇ ਅਰਾਮ ਕਰਨ ਦੇਵੋ। ਲੱਤਾਂ ਨੂੰ ਗੋਡਿਆਂ ਤੋਂ ਮੋੜ ਕੇ ਮੰਜੇ 'ਤੇ ਅਰਾਮ ਕਰਨ ਦੇਵੋ ਅਤੇ ਪੈਰਾਂ ਦੇ ਥੱਲੇ ਇੱਕ ਦੂਜੇ ਨੂੰ ਟੱਚ ਕਰਨ ਤੇ ਹੌਲੀ ਹੌਲੀ ਨੱਕ ਰਾਹੀਂ ਸਾਹ ਲਵੋ। ਬਹੁਤ ਰੀਲੈਕਸਿੰਗ ਹੈ, ਨੀਂਦ ਲਿਆਉਣ ਲਈ।

5. ਇੱਕ ਹੋਰ ਐਕਸਰਸਾਈਜ਼ ਹੈ, ਜੋ ਮਿਲਟਰੀ ਵਾਲਿਆਂ ਨੂੰ ਵੀ ਦੱਸੀ ਜਾਂਦੀ ਏ। ਤੁਸੀਂ ਸਰੀਰ ਦੇ ਇੱਕ ਹਿੱਸੇ ਦੇ ਪੱਠਿਆਂ ਨੂੰ ਖਿਚਣਾ/ਤਣਾਅ ਕਰਨਾ 30 ਸਕਿੰਟ ਲਈ ਅਤੇ ਫਿਰ ਢਿੱਲਾ ਛੱਡਣੈ 20 ਸਕਿੰਟ ਲਈ। ਪੈਰਾਂ ਦੀਆਂ ਉਂਗਲਾਂ ਤੋਂ ਸ਼ੁਰੂ ਕਰੋ, ਫਿਰ ਲੱਤਾਂ ਦੇ, ਫਿਰ ਪੱਟਾਂ ਦੇ ਪੱਠੇ, ਫਿਰ ਪੇਟ ਦੇ, ਫਿਰ ਛਾਤੀ ਦੇ, ਫਿਰ ਮੋਢਿਆਂ, ਗਰਦਨ ਦੇ ਪੱਠਿਆਂ ਨੂੰ। ਅਖੀਰ ਵਿੱਚ ਦਿਮਾਗ ਦੀ ਕਸਰਤ। ਦਿਮਾਗ ਲਈ ਤੁਸੀਂ ਕੁਝ ਸ਼ਾਂਤ ਕਰਨ ਵਾਲੀ ਝਾਕੀ ਯਾਦ ਕਰੋ, ਸਵੇਰੇ ਜਾਂ ਸ਼ਾਮ ਦੇ ਸੂਰਜ ਦਾ ਦ੍ਰਿਸ਼, ਬੀਚ, ਸਮੁੰਦਰ, ਹਰੇ ਹਰੇ ਖੇਤ ਵਗੈਰਾ ਅੱਖਾਂ ਬੰਦ ਕਰਕੇ ਅਤੇ ਹੌਲੀ ਹੌਲੀ ਸਾਹ ਲੈਂਦੇ ਹੋਏ।

6. ਸਰੀਰ ਦੀ ਮਾਲਿਸ਼- ਲਵੈਂਡਰ (lavender) ਤੇਲ ਇਸਤੇਮਾਲ ਕਰਕੇ ਵੀ ਕਾਫੀ ਰੀਲੈਕਸਿੰਗ ਹੈ।

7. ਜੋ ਤੁਹਾਨੂੰ ਪਿਆਰ ਕਰਦਾ ਹੋਵੇ, ਉਸ ਤੋਂ ਗਲਵੱਕੜੀ ਵੀ ਦਿਮਾਗ ਅਤੇ ਸਰੀਰ ਨੂੰ ਸ਼ਾਂਤੀ ਦਿੰਦੀ ਏ।"

"ਦੀਦੀ, ਜਦੋਂ ਵੀ ਤੁਸੀਂ ਸਾਹ ਲੈਣ ਵਾਲੇ ਤਰੀਕਿਆਂ ਦੀ ਗੱਲ ਕਰਦੇ ਹੋ ਤਾਂ ਹਮੇਸ਼ਾ ਨੱਕ ਰਾਹੀਂ ਸਾਹ ਲੈਣ ਲਈ ਕਿਉਂ ਕਹਿੰਦੇ ਹੋ?"

8. ਨੱਕ ਰਾਹੀਂ ਸਾਹ ਲੈਣ ਦੇ ਕਾਫੀ ਫਾਇਦੇ ਹਨ- ਇਸ ਤਰ੍ਹਾਂ ਹਵਾ ਫਿਲਟਰ ਹੋ ਕੇ ਸਾਫ ਹੋ ਜਾਂਦੀ ਏ, ਨਮੀ ਆ ਜਾਂਦੀ ਏ ਅਤੇ ਹਵਾ ਦਾ ਤਾਪਮਾਨ ਠੀਕ ਹੋ ਜਾਂਦੈ, 20% ਆਕਸੀਜਨ ਵੀ ਜ਼ਿਆਦਾ ਮਿਲਦੀ ਹੈ ਅਤੇ ਰੀਲੈਕਸਿੰਗ ਵੀ ਕਾਫੀ ਹੈ। ਮੂੰਹ ਰਾਹੀਂ ਸਾਹ ਲੈਣ ਨਾਲ ਉਪਰ ਵਾਲੇ ਫਾਇਦੇ ਨਹੀਂ ਹੁੰਦੇ ਅਤੇ ਮੂੰਹ ਵੀ ਸੁੱਕਦਾ ਏ ਅਤੇ ਆਮ ਤੌਰ 'ਤੇ ਮੂੰਹ ਰਾਹੀਂ ਸਾਹ ਲੈਣ ਵਾਲਿਆਂ ਨੂੰ ਸਲੀਪ ਐਪਨੀਆ ਦੀ ਬਿਮਾਰੀ ਵੀ ਹੁੰਦੀ ਏ।"

"ਦੀਦੀ, ਤੁਸੀਂ ਕਹਿੰਦੇ ਸੀ ਪੀਣ ਵਾਲੇ ਨੁਸਖੇ ਹਨ, ਜਿਹੜੇ ਨੀਂਦ ਲਈ ਮਦਦਗਾਰ ਸਾਬਤ ਹੋ ਸਕਦੇ ਹਨ।"

9. "ਪ੍ਰੀਤ ਇੱਕ ਹੈ ਗੋਲਡਨ ਮਿਲਕ, ਜਿਹੜਾ ਐਂਟੀਔਕਸੀਡੈਂਟ, ਐਂਟੀ-ਇਨਫਲੇਮੇਟਰੀ ਅਤੇ ਬਹੁਤ ਰੀਲੈਕਸਿੰਗ ਹੈ, ਇਹ ਸੌਣ ਵਿੱਚ ਵੀ ਮਦਦ ਕਰਦੈ।"

"ਦੀਦੀ, ਇਸ ਨੂੰ ਬਣਾਉਣ ਦੀ ਵਿਧੀ ਦੱਸੋ।"

"ਬਹੁਤ ਸੌਖੀ ਹੈ:

*ਇੱਕ ਕੱਪ ਬਿਨਾ ਮਿੱਠੇ ਤੋਂ ਦੁੱਧ ਲਵੋ (ਇਨ੍ਹਾਂ ਵਿੱਚੋਂ ਆਪਣੀ ਮਰਜੀ ਮੁਤਾਬਿਕ ਕੋਈ ਵੀ ਲੈ ਸਕਦੇ ਹੋ- ਬਦਾਮਾਂ ਦਾ, ਡੇਰੀ ਦਾ ਜਾਂ ਕਾਜੂ ਦਾ।

*1-2 ਚਮਚ ਸ਼ਹਿਦ ਜਾਂ ਮੇਪਲ ਸਿਰਪ

*1-1/2 ਚਮਚ ਬਦਾਮ ਬਟਰ

*1/4 ਚਮਚ ਦਾਲਚੀਨੀ ਪੀਸੀ ਹੋਈ

*1/4-1/2 ਚਮਚ ਹਲਦੀ ਪੀਸੀ ਹੋਈ

*1/8 ਚਮਚ ਅਦਰਕ ਸੁੱਕਾ, ਪੀਸਿਆ ਹੋਇਆ

*ਇੱਕ ਚੁਟਕੀ ਕਾਲੀ ਮਿਰਚ ਅਤੇ ਉਨੀ ਹੀ ਕਾਇਨ ਪੈਪਰ (cayenne pepper) {optional}. ਦੁੱਧ ਗਰਮ ਕਰਕੇ (ਉਬਾਲਣਾ ਨਹੀਂ) ਉਸ ਵਿੱਚ ਬਦਾਮ ਬਟਰ ਨੂੰ ਘੋਲ ਲਵੋ, ਫਿਰ ਬਾਕੀ ਦੀਆਂ ਚੀਜ਼ਾਂ ਮਿਲਾ ਲਵੋ ਅਤੇ ਇਸਤੇਮਾਲ ਕਰੋ।

ਇਸ ਤੋਂ ਬਿਨਾ ਇੱਕ ਹੋਰ ਪੀਣ ਵਾਲੀ ਵਿਧੀ ਹੈ,

*1/2 ਚਮਚ ਸ਼ਹਿਦ

*1/8 ਚਮਚ ਸਮੁੰਦਰੀ ਨਮਕ

*ਇੱਕ ਚਮਚ ਖੋਪੇ ਦਾ ਤੇਲ

ਇਨ੍ਹਾਂ ਨੂੰ ਮਿਲਾ ਕੇ ਦੁੱਧ ਵਿੱਚ ਜਾਂ ਦੁੱਧ ਤੋਂ ਬਿਨਾ ਵੀ ਪੀ ਸਕਦੇ ਹੋ। ਇਸ ਨਾਲ ਕੋਰਟੀਸੋਲ ਦੀ ਮਾਤਰਾ ਖੂਨ ਵਿੱਚ ਘੱਟ ਹੋਣ ਕਰਕੇ ਸਕੂਨ ਮਿਲਦਾ ਹੈ ਅਤੇ ਨੀਂਦ ਆਉਣ ਵਿੱਚ ਮਦਦ ਹੁੰਦੀ ਏ।"

"ਦੀਦੀ, ਜੇ ਫੇਰ ਵੀ ਕਿਸੇ ਨੂੰ ਨੀਂਦ ਨਾ ਆਵੇ?"

"ਆਪਾਂ ਨੇ ਕਾਫੀ ਤਰੀਕਿਆਂ ਦੀ ਗੱਲ ਕੀਤੀ ਏ। ਆਮ ਤੌਰ 'ਤੇ ਇੱਕ ਤੋਂ ਵੱਧ ਤਰੀਕਿਆਂ ਨੂੰ ਮਿਲਾ ਕੇ ਇਸਤੇਮਾਲ ਕਰਨ ਦੀ ਜ਼ਰੂਰਤ ਪੈਂਦੀ ਏ ਅਤੇ 2-4 ਹਫਤੇ ਲੱਗ ਜਾਂਦੇ ਨੇ। ਇਨ੍ਹਾਂ ਨਾਲ 90% ਤੋਂ ਜ਼ਿਆਦਾ ਸਫਲਤਾ ਹੁੰਦੀ ਏ। ਜੇ ਫਿਰ ਵੀ ਗੱਲ ਨਾ ਬਣੇ ਤਾਂ ਸਲੀਪ ਸੈਂਟਰ ਨਾਲ ਸੰਪਰਕ ਕਰੋ, ਉਨ੍ਹਾਂ ਦੀ ਰਾਏ ਲੈਣ ਲਈ, ਕੋਈ ਹੋਰ ਬਿਮਾਰੀ ਨਾ ਹੋਵੇ। ਕਈ ਸੌਣ ਦੀਆਂ ਕਲਿਨਿਕ CBTI (cognitive behavioral therapy for insomnia) ਦੀ ਮਦਦ ਨਾਲ ਉਨੀਂਦਰੇ ਦਾ ਇਲਾਜ ਕਰਦੇ ਨੇ ਅਤੇ ਇਸ ਦੇ ਨਾਲ 97% ਸਫਲਤਾ ਹੁੰਦੀ ਏ। ਤੁਸੀਂ ਆਪਣੇ ਡਾਕਟਰ ਦੇ ਰਾਹੀਂ ਜਾਂ ਏਰੀਆ ਹਸਪਤਾਲ ਰਾਹੀਂ ਸਲੀਪ ਸੈਂਟਰ ਜਾਂ ਸਲੀਪ ਸਾਈਕੋਲੋਜਿਸਟ ਲੱਭ ਸਕਦੇ ਹੋ ਜਾਂ ਲਾਈਨ 'ਤੇ ਜਾ ਕੇ ਤੁਸੀਂ ਸਲੀਪ ਫਾਊਂਡੇਸ਼ਨ ਦੀ ਮਦਦ ਵੀ ਲੈ ਸਕਦੇ ਹੋ। ਸਲੀਪ ਦੀਆਂ ਦਵਾਈਆਂ ਸ਼ੁਰੂ ਕਰਨ ਤੋਂ ਪਹਿਲਾਂ ਪੂਰੀ ਕੋਸ਼ਿਸ਼ ਕਰੋ ਹੋਰ ਤਰੀਕੇ ਜਿਹੜੇ ਦੱਸੇ ਨੇ, ਇਸਤੇਮਾਲ ਕਰਕੇ ਇਲਾਜ ਕਰਨ ਦੀ।

ਪ੍ਰੀਤ, ਕੁਝ ਪੱਲੇ ਪਿਆ ਕਿ ਨਹੀਂ?"

"ਦੀਦੀ, ਤੁਹਾਨੂੰ ਤਾਂ ਪਤਾ ਏ ਮੈਂ ਕਿੰਨੇ ਧਿਆਨ ਅਤੇ ਦਿਲਚਸਪੀ ਨਾਲ ਸੁਣਦੀ ਆਂ ਸਭ ਕੁਝ ਅਤੇ ਅਪਨਾਉਣ ਦੀ ਕੋਸ਼ਿਸ਼ ਕਰਦੀ ਆਂ।"

"ਪ੍ਰੀਤ, ਇਹ ਗੱਲਾਂ ਆਪਣੀਆਂ ਸਹੇਲੀਆਂ ਅਤੇ ਰਿਸ਼ਤੇਦਾਰਾਂ ਨਾਲ ਵੀ ਸਾਂਝੀ ਕਰ ਲਿਆ ਕਰ। ਇੱਕ ਤਾਂ ਗੱਲ ਦੀ ਸਮਝ ਚੰਗੀ ਪੈ ਜਾਂਦੀ ਐ, ਦੂਜੀ ਗੱਲ ਇਹ ਯਾਦ ਰਹੇਗੀ, ਤੀਜਾ ਹੋ ਸਕਦੈ ਕਿਸੇ ਦਾ ਵੀ ਭਲਾ ਹੋ ਜਾਵੇ। ਯਾਦ ਰੱਖਣਾ- ਕਰ ਭਲਾ, ਹੋ ਭਲਾ। ਜਿੰਨੀ ਜਾਣਕਾਰੀ ਸਿਹਤ ਲਈ ਮਿਲਦੀ ਐ, ਅੱਗੇ ਤੋਂ ਅੱਗੇ ਉਨਾ ਹੀ ਆਪਣੇ ਭਾਈਚਾਰੇ ਲਈ ਲਾਹੇਵੰਦ ਹੈ।

ਚੱਲ ਅੱਜ ਲਈ ਇੰਨਾ ਹੀ, ਬਾਕੀ ਦੀਆਂ ਗੱਲਾਂ ਅਗਲੀ ਵਾਰੀ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਭਾਰਤੀ ਹਾਕੀ ਦਾ ਬਾਜ਼ ਖਿਡਾਰੀ ਬਲਜੀਤ ਸਿੰਘ ਢਿੱਲੋਂ

**ਖਿਡਾਰੀ ਪੰਜ-ਆਬ ਦੇ (14)**

**ਨਵਦੀਪ ਸਿੰਘ ਗਿੱਲ**
ਫੋਨ: +91-9780036216



*ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਲੇਖ ਵਿੱਚ ਏਸ਼ਿਆਈ ਖੇਡਾਂ ਤੇ ਏਸ਼ੀਆ ਕੱਪ ਵਿੱਚ ਭਾਰਤ ਨੂੰ ਚੈਂਪੀਅਨ ਬਣਾਉਣ ਵਾਲੇ ਅਤੇ ਭਾਰਤ ਲਈ 12 ਸਾਲ ਤੇ ਪੰਜਾਬ ਪੁਲਿਸ ਲਈ 26 ਸਾਲ ਹਾਕੀ ਖੇਡਣ ਵਾਲੇ ਬਾਜ਼ ਖਿਡਾਰੀ ਬਲਜੀਤ ਸਿੰਘ ਢਿੱਲੋਂ ਦਾ ਜ਼ਿਕਰ ਹੈ। ਕੌਮੀ ਪੱਧਰ 'ਤੇ ਬਲਜੀਤ ਸਭ ਤੋਂ ਲੰਬਾ ਸਮਾਂ ਖੇਡਣ ਵਾਲਾ ਖਿਡਾਰੀ ਹੈ।*

ਭਾਰਤੀ ਹਾਕੀ ਵਿੱਚ ਬਲਬੀਰ ਤੋਂ ਬਾਅਦ ਬਲਜੀਤ ਨਾਂ ਨੂੰ ਬਖਸ਼ਿਸ਼ ਰਹੀ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤੀ ਹਾਕੀ ਵਿੱਚ ਚਾਰ ਬਲਜੀਤ ਸਿੰਘ ਹੋਏ। ਚਾਰੇ ਚੋਟੀ ਦੇ ਖਿਡਾਰੀ। ਇੱਕ ਬਲਜੀਤ ਫਾਰਵਰਡ ਖੇਡਦਾ ਸੀ, ਇੱਕ ਗੋਲਚੀ ਤੇ ਦੋ ਮਿਡਫੀਲਡਰ ਸਨ। ਤਿੰਨ ਬਲਜੀਤ ਸਿੰਘ ਏਸ਼ੀਆ ਜੇਤੂ ਟੀਮਾਂ ਦਾ ਹਿੱਸਾ ਰਹੇ। ਅੱਜ ਦੇ ਕਾਲਮ ਦਾ ਪਾਤਰ ਫਾਰਵਰਡ ਬਲਜੀਤ ਹੈ, ਜਿਹੜਾ ਹਾਕੀ ਖੇਡ ਵਿੱਚ ਬਲਜੀਤ ਸਿੰਘ ਢਿੱਲੋਂ ਵਜੋਂ ਪ੍ਰਸਿੱਧ ਹੋਇਆ। ਬਲਜੀਤ ਨੇ ਭਾਰਤ ਲਈ 12 ਸਾਲ ਅਤੇ ਪੰਜਾਬ ਪੁਲਿਸ ਲਈ 26 ਸਾਲ ਹਾਕੀ ਖੇਡੀ ਹੈ। ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਬਲਜੀਤ ਨੇ 300 ਤੋਂ ਵੱਧ ਕੌਮਾਂਤਰੀ ਮੈਚ ਖੇਡਦਿਆਂ 100 ਤੋਂ ਵੱਧ ਗੋਲ ਕੀਤੇ ਅਤੇ ਸਾਥੀ ਫਾਰਵਰਡਾਂ ਲਈ ਸੈਂਕੜੇ ਮੌਕੇ ਗੋਲ ਦੇ ਬਣਾਏ। ਬਲਜੀਤ ਭਾਰਤੀ ਫਾਰਵਰਡ ਲਾਈਨ ਦਾ ਬਾਜ਼ ਖਿਡਾਰੀ ਸੀ, ਜਿਸ ਦੀ ਸਟਿੱਕ ਗੇਂਦ ਨੂੰ ਝਪਟ ਕੇ ਵਿਰੋਧੀ ਟੀਮ ਦੇ ਗੋਲਾਂ ਵਿੱਚ ਭੇਜਣ ਤੋਂ ਬਿਨਾ ਸਾਹ ਨਹੀਂ ਲੈਂਦੀ ਸੀ। ਆਪਣੇ ਦੌਰ ਦਾ ਉਹ ਸਭ ਤੋਂ ਵੱਡਾ ਫੀਡਰ ਸੀ, ਜਿਸ ਨੇ ਨਵੀਂ ਉਮਰ ਦੇ ਫਾਰਵਰਡਾਂ ਲਈ ਅਣਗਿਣਤ ਗੋਲਾਂ ਦੇ ਮੌਕੇ ਬਣਾਏ। ਉਹ ਸਾਥੀ ਸਟਰਾਈਕਰਾਂ ਨੂੰ ਬਾਲ ਪਰੋਸ ਕੇ ਦੇ ਦਿੰਦਾ ਸੀ, ਜਿਸ ਕਾਰਨ ਅੱਗੇ ਵਾਲੇ ਨੂੰ ਗੋਲ ਕਰਨ ਲਈ ਜ਼ਿਆਦਾ ਮਿਹਨਤ ਦੀ ਲੋੜ ਨਹੀਂ ਪੈਂਦੀ ਸੀ। ਉਹ ਹਾਕੀ ਦੀ ਵਿਸ਼ਵ ਇਲੈਵਨ ਦਾ ਵੀ ਹਿੱਸਾ ਰਿਹਾ।

ਸਿਰ ਉੱਪਰ ਦੁਧੀਆ ਰੰਗੇ ਰੁਮਾਲ ਨਾਲ ਫਾਰਵਰਡ ਪੰਕਤੀ ਵਿੱਚ ਖੇਡਦਾ ਬਲਜੀਤ ਆਪਣੀ ਨਿਵੇਕਲੀ ਦਿੱਖ ਨਾਲ ਵਧੀਆ ਤਕਨੀਕ ਨਾਲ ਵੀ ਪਛਾਣਿਆ ਜਾਂਦਾ ਸੀ। ਡਰਿਬਲਿੰਗ ਕਰਦਾ ਬਲਜੀਤ ਕਿਸੇ ਨੂੰ ਵੀ ਨੇੜੇ ਢੁੱਕਣ ਨਹੀਂ ਦਿੰਦਾ ਸੀ। ਗੇਂਦ ਉਪਰ ਜਬਰਦਸ਼ਤ ਕੰਟਰੋਲ ਰੱਖਣ ਵਾਲੇ ਬਲਜੀਤ ਦੀ ਅੱਖ ਹਮੇਸ਼ਾ ਗੇਂਦ ਉਪਰ ਹੀ ਕੇਂਦਰਿਤ ਹੁੰਦੀ ਸੀ। ਬਾਜ਼ ਦੀ ਅੱਖ ਵਾਂਗ ਉਸ ਦੀ ਅੱਖ ਬਹੁਤ ਤੇਜ਼ ਹੈ। ਬਲਜੀਤ ਵਿੱਚ ਸਭ ਤੋਂ ਵੱਡੀ ਖੂਬੀ ਖੇਡ ਨੂੰ ਕੰਟਰੋਲ ਕਰਨ ਦੀ ਸੀ।

ਬਲਜੀਤ ਨੇ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ। ਉਸ ਨੇ ਤਿੰਨ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਏਸ਼ਿਆਈ ਖੇਡਾਂ ਤੇ ਏਸ਼ੀਆ ਕੱਪ ਵਿੱਚ ਭਾਰਤ ਨੂੰ ਚੈਂਪੀਅਨ ਬਣਾਇਆ। ਅਰਜੁਨਾ ਐਵਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਬਲਜੀਤ ਹਾਕੀ ਤੇ ਫੁਟਬਾਲ ਵਿੱਚ ਅਹਿਮੀਅਤ ਰੱਖਦੀ 10 ਨੰਬਰ ਦੀ ਜਰਸੀ ਪਾ ਕੇ ਖੇਡਦਾ ਸੀ। ਉਹ ਭਾਰਤੀ ਹਾਕੀ ਦਾ ਪਹਿਲਾ ਡਰੈਗ ਫਲਿੱਕਰ ਹੈ। ਉਸ ਨੂੰ ਦੇਖ ਕੇ ਜੁਗਰਾਜ ਸਿੰਘ ਤੇ ਫੇਰ ਲੇਨ ਆਈਅੱਪਾ, ਸੰਦੀਪ ਸਿੰਘ ਨੇ ਡਰੈਗ ਫਲਿੱਕ ਲਗਾਉਣੀ ਸ਼ੁਰੂ ਕੀਤੀ।

ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਪੱਧਰੀ ਕਲਾਂ 'ਚ 18 ਜੂਨ 1973 ਨੂੰ ਗੁਰਮੁੱਖ ਸਿੰਘ ਦੇ ਘਰ ਮਾਤਾ ਜਸਵੀਰ ਕੌਰ ਦੀ ਕੁੱਖੋਂ ਜਨਮੇ ਬਲਜੀਤ ਸਿੰਘ ਢਿੱਲੋਂ ਨੂੰ ਉਸ ਦੇ ਪਰਿਵਾਰ ਜਲੰਧਰ ਸ਼ਿਫਟ ਹੋਣਾ ਬਹੁਤ ਰਾਸ ਆਇਆ। ਜਲੰਧਰ ਦੋਆਬਾ ਖਾਲਸਾ ਮਾਡਲ ਸਕੂਲ ਵਿਖੇ ਪੜ੍ਹਦਿਆਂ ਛੋਟਾ ਬੱਲੀ ਮੈਡਮ ਦਰਸ਼ਨ ਭੱਟੀ ਕੋਲ ਹਾਕੀ ਸਿੱਖਣ ਲੱਗਿਆ। ਬਲਜੀਤ ਨੇ ਟਾਂਡਾ (ਹੁਸ਼ਿਆਰਪੁਰ) ਦੇ ਸਕੂਲ ਵਿੱਚ 11ਵੀਂ ਕਲਾਸ ਵਿੱਚ ਦਾਖਲਾ ਲੈ ਲਿਆ। ਉਥੇ ਉਹ ਸਪੋਰਟਸ ਵਿੰਗ ਵਿੱਚ ਭਰਤੀ ਹੋਇਆ। 11ਵੀਂ ਤੇ 12ਵੀਂ ਵਿੱਚ ਪੜ੍ਹਦਿਆਂ ਉਹ ਦੋਵੇਂ ਸਾਲ ਸਕੂਲ ਨੈਸ਼ਨਲ ਖੇਡਾਂ ਵਿੱਚ ਹਿੱਸਾ ਲੈਣ ਗਿਆ। ਗਰੈਜੂਏਸ਼ਨ ਦੀ ਪੜ੍ਹਾਈ ਲਈ ਬਲਜੀਤ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਦਾਖਲਾ ਲਿਆ, ਜਿੱਥੇ ਕਾਲਜ ਵੱਲੋਂ ਖੇਡਦਿਆਂ ਯੂਨੀਵਰਸਿਟੀ ਦਾ ਅੰਤਰ ਕਾਲਜ ਚੈਂਪੀਅਨ ਬਣਿਆ ਅਤੇ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਖੇਡਦਿਆਂ ਅੰਤਰ 'ਵਰਸਿਟੀ ਚੈਂਪੀਅਨ ਬਣਿਆ। ਬਲਜੀਤ ਕੰਬਾਈਡ ਯੂਨੀਵਰਸਿਟੀ ਟੀਮ ਵਿੱਚ ਚੁਣੇ ਜਾਣ ਤੋਂ ਪਹਿਲਾਂ ਹੀ ਜੂਨੀਅਰ ਨੈਸ਼ਨਲ ਟੀਮ ਲਈ ਚੁਣਿਆ ਗਿਆ। 1991 ਵਿੱਚ ਬਲਜੀਤ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਭਰਤੀ ਹੋ ਗਿਆ। ਇੱਕੋ ਵੇਲੇ ਉਹ ਕਾਲਜ, ਯੂਨੀਵਰਸਿਟੀ, ਪੰਜਾਬ ਪੁਲਿਸ, ਪੰਜਾਬ ਸੀਨੀਅਰ ਤੇ ਭਾਰਤ ਦੀ ਜੂਨੀਅਰ ਟੀਮ ਵੱਲੋਂ ਖੇਡਦਾ ਰਿਹਾ।

ਵੀਹ ਵਰ੍ਹਿਆਂ ਦੀ ਉਮਰੇ ਬਲਜੀਤ ਨੇ 22 ਮਈ 1993 ਨੂੰ ਦੱਖਣੀ ਅਫਰੀਕਾ ਦੌਰੇ ਉਤੇ ਟੈਸਟ ਲੜੀ ਵਿੱਚ ਆਪਣਾ ਪਹਿਲਾ ਸੀਨੀਅਰ ਇੰਟਰਨੈਸ਼ਨਲ ਮੈਚ ਖੇਡਿਆ। ਪਹਿਲੇ ਹੀ ਟੂਰ ਵਿੱਚ ਉਸ ਨੇ ਛੇ ਗੋਲ ਕਰਕੇ ਵਿਸ਼ਵ ਹਾਕੀ ਵਿੱਚ ਧਮਾਕੇਦਾਰ ਆਗਾਜ਼ ਕੀਤਾ। ਇਸੇ ਸਾਲ ਹੀਰੋਸ਼ੀਮਾ ਵਿਖੇ ਏਸ਼ੀਆ ਕੱਪ ਖੇਡਿਆ ਗਿਆ, ਜਿੱਥੇ ਬਲਜੀਤ ਨੇ ਤਿੰਨ ਗੋਲ ਕੀਤੇ ਅਤੇ ਭਾਰਤੀ ਟੀਮ ਉਪ ਜੇਤੂ ਰਹੀ। ਸਾਲ 1994 ਵਿੱਚ ਹੀਰੋਸ਼ੀਮਾ ਵਿਖੇ ਹੀ ਏਸ਼ਿਆਈ ਖੇਡਾਂ ਵਿੱਚ ਖੇਡਦਿਆਂ ਉਸ ਨੇ ਦੋ ਗੋਲ ਕੀਤੇ ਅਤੇ ਭਾਰਤੀ ਹਾਕੀ ਟੀਮ ਨੇ ਚਾਂਦੀ ਦਾ ਤਮਗਾ




ਜਿੱਤਿਆ। ਸਾਲ 1995 ਵਿੱਚ ਮਦਰਾਸ ਵਿਖੇ ਸੈਫ ਖੇਡਾਂ ਵਿੱਚ ਸੋਨ ਤਮਗਾ ਜਿੱਤਣ ਵਾਲੀ ਭਾਰਤੀ ਟੀਮ ਵਿੱਚ ਬਲਜੀਤ ਦਾ ਅਹਿਮ ਯੋਗਦਾਨ ਸੀ। ਐਟਲਾਂਟਾ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਵਿੱਚ ਭਾਰਤ ਉਪ ਜੇਤੂ ਰਿਹਾ। 1996 ਵਿੱਚ ਬਲਜੀਤ ਨੇ ਐਟਲਾਂਟਾ ਵਿਖੇ ਆਪਣੀ ਪਹਿਲੀ ਓਲੰਪਿਕਸ ਖੇਡੀ।

1998-99 ਵਿੱਚ ਬਲਜੀਤ ਦੀ ਖੇਡ ਵੀ ਪੂਰੇ ਸ਼ਬਾਬ 'ਤੇ ਸੀ ਅਤੇ ਭਾਰਤੀ ਹਾਕੀ ਨੇ ਵੱਡੀਆਂ ਟੀਮਾਂ ਨੂੰ ਹਰਾਇਆ। ਬੈਂਕਾਕ ਵਿਖੇ ਹੋਈਆ ਏਸ਼ਿਆਈ ਖੇਡਾਂ ਵਿੱਚ ਭਾਰਤ ਨੇ 32 ਵਰ੍ਹਿਆਂ ਦਾ ਏਸ਼ੀਆਡ ਦਾ ਸੋਨ ਤਮਗਾ ਜਿੱਤਿਆ। ਇਸ ਜਿੱਤ ਵਿੱਚ ਸਭ ਤੋਂ ਵੱਧ ਯੋਗਦਾਨ ਬਲਜੀਤ ਦਾ ਸੀ, ਜਿਸ ਨੇ ਕੁੱਲ 7 ਗੋਲ ਕੀਤੇ। 1998 ਵਿੱਚ ਕੁਆਲਾਲੰਪੁਰ ਵਿਖੇ ਹਾਕੀ ਪਹਿਲੀ ਵਾਰ ਰਾਸ਼ਟਰਮੰਡਲ ਖੇਡਾਂ ਦਾ ਹਿੱਸਾ ਬਣੀ। ਬਲਜੀਤ ਛੇ ਗੋਲਾਂ ਨਾਲ ਰਾਸ਼ਟਰਮੰਡਲ ਖੇਡਾਂ ਦਾ ਟਾਪ ਸਕਰੋਰ ਰਿਹਾ। ਸਾਲ 1999 ਵਿੱਚ ਬਲਜੀਤ ਨੇ ਪਾਕਿਸਤਾਨ ਖਿਲਾਫ 9 ਮੈਚਾਂ ਦੀ ਟੈਸਟ ਲੜੀ ਵਿੱਚ ਹਿੱਸਾ ਲਿਆ, ਜਿੱਥੇ ਉਸ ਨੇ ਸੱਤ ਮੈਚ ਖੇਡਦਿਆਂ 9 ਗੋਲ ਕੀਤੇ ਅਤੇ ਮੈਨ ਆਫ ਦਿ ਸੀਰੀਜ਼ ਐਲਾਨਿਆ ਗਿਆ। ਇਸ ਲੜੀ ਦੀ ਸ਼ੁਰੂਆਤ ਮੌਕੇ ਬਲਜੀਤ ਦਾ ਵਿਆਹ ਸੀ। ਉਹ ਵਿਆਹਿਆ ਵੀ ਪੇਂਡੂ ਓਲੰਪਿਕਸ ਵਾਲੇ ਮਸ਼ਹੂਰ ਪਿੰਡ ਕਿਲਾ ਰਾਇਪੁਰ ਵਿਖੇ।

ਭਾਰਤੀ ਟੀਮ ਪਾਕਿਸਤਾਨ ਖਿਲਾਫ ਟੈਸਟ ਲੜੀ ਦੇ ਪਹਿਲੇ ਦੋ ਮੈਚ ਹਾਰ ਗਈ। ਉਸ ਸਮੇਂ ਪਾਕਿਸਤਾਨ ਟੀਮ ਪੂਰੀ ਫਾਰਮ ਵਿੱਚ ਸੀ। ਭਾਰਤੀ ਟੀਮ ਨੂੰ ਸ਼ਰਮਨਾਕ ਹਾਰ ਦਾ ਡਰ ਸਤਾਉਣ ਲੱਗਾ। ਵਿਆਹ ਕਾਰਨ ਛੁੱਟੀ ਉਤੇ ਗਏ ਬਲਜੀਤ ਨੂੰ ਟੀਮ ਪ੍ਰਬੰਧਕਾਂ ਨੇ ਐਮਰਜੈਂਸੀ ਕਾਲ ਕਰਕੇ ਬੁਲਾਇਆ। ਉਹ ਸ਼ਿਮਲੇ ਤੋਂ ਖੁਦ ਕਾਰ ਚਲਾ ਕੇ ਆਇਆ। ਬਲਜੀਤ ਬਦਲੌਤ ਸੱਤ ਮੈਚਾਂ ਵਿੱਚੋਂ ਤਿੰਨ ਮੈਚ ਜਿੱਤ ਕੇ ਭਾਰਤੀ ਟੀਮ ਸ਼ਰਮਨਾਕ ਹਾਰ ਤੋਂ ਬਚ ਗਈ। ਇਸੇ ਸਾਲ ਬਲਜੀਤ ਨੂੰ ਭਾਰਤੀ ਹਾਕੀ ਦਾ ਕਪਤਾਨ ਬਣਾਇਆ ਗਿਆ। 1999 ਵਿੱਚ ਕੁਆਲਾਲੰਪੁਰ ਵਿਖੇ ਹੋਏ ਏਸ਼ੀਆ ਕੱਪ ਵਿੱਚ ਭਾਰਤੀ ਟੀਮ ਨੇ ਬਲਜੀਤ ਦੀ ਕਪਤਾਨੀ ਵਿੱਚ ਖੇਡਦਿਆਂ ਕਾਂਸੀ ਦਾ ਤਮਗਾ ਜਿੱਤਿਆ। ਇਸ ਸਾਲ ਬਲਜੀਤ ਐੱਫ.ਆਈ.ਐੱਚ. ਦੀ ਵਿਸ਼ਵ ਇਲੈਵਨ ਵਿੱਚ ਚੁਣਿਆ ਗਿਆ।

ਸਾਲ 2000 ਵਿੱਚ ਬਲਜੀਤ ਨੇ ਸਿਡਨੀ ਵਿਖੇ ਆਪਣੀ ਦੂਜੀ ਓਲੰਪਿਕਸ ਖੇਡੀ। ਇਸੇ ਸਾਲ ਬਲਜੀਤ ਨੇ ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਵਿੱਚ ਹਿੱਸਾ ਲਿਆ, ਜਿੱਥੇ ਉਸ ਨੇ ਤਿੰਨ ਗੋਲ ਕੀਤੇ ਅਤੇ ਭਾਰਤੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਸਾਲ 2001 ਵਿੱਚ ਬਲਜੀਤ ਦੀ ਕਪਤਾਨੀ ਵਿੱਚ ਭਾਰਤ ਨੇ ਤਿੰਨ ਵੱਡੇ ਟੂਰਨਾਮੈਂਟ ਜਿੱਤੇ। ਢਾਕਾ ਵਿਖੇ ਹੋਏ 9 ਦੇਸ਼ਾਂ ਦੇ ਪ੍ਰਧਾਨ ਮੰਤਰੀ ਗੋਲਡ ਕੱਪ ਵਿੱਚ ਭਾਰਤ ਚੈਂਪੀਅਨ ਬਣਿਆ। ਬਲਜੀਤ ਨੂੰ 'ਪਲੇਅਰ ਆਫ ਦਾ ਟੂਰਨਾਮੈਂਟ' ਖਿਤਾਬ ਮਿਲਿਆ। ਆਪਣੀ ਕਪਤਾਨੀ ਵਿੱਚ ਅਗਲਾ ਟੂਰਨਾਮੈਂਟ ਉਸ ਨੇ ਛੇ ਮੁਲਕਾਂ ਦਾ ਚੈਂਪੀਅਨ ਚੈਲੇਂਜ ਕੱਪ ਜਿੱਤਿਆ। ਫੇਰ ਇੰਗਲੈਂਡ ਦੇ ਸ਼ਹਿਰ ਮਿਲਟਨ ਕੇਨਜ਼ ਵਿਖੇ ਹੋਇਆ ਚਾਰ ਦੇਸ਼ੀ ਕੈਸਟਰੌਲ ਫੈਸਟੀਵਲ ਜਿੱਤਿਆ। ਸਾਲ 2002 ਵਿੱਚ ਕੁਆਲਾਲੰਪੁਰ ਵਿਖੇ ਖੇਡੇ ਵਿਸ਼ਵ ਕੱਪ ਵਿੱਚ ਬਲਜੀਤ ਭਾਰਤੀ ਟੀਮ ਦਾ ਕਪਤਾਨ ਸੀ। ਵਿਸ਼ਵ ਕੱਪ ਵਿੱਚ ਬਲਜੀਤ ਦਾ ਛੋਟਾ ਭਰਾ ਦਲਜੀਤ ਵੀ ਖੇਡਿਆ। ਦੋਵੇਂ ਭਰਾਵਾਂ ਨੇ ਵਿਸ਼ਵ ਕੱਪ ਵਿੱਚ ਚਾਰ-ਚਾਰ ਗੋਲ ਕੀਤੇ।

ਸਾਲ 2003 ਦਾ ਉਹ ਸਮਾਂ ਸੀ, ਜਦੋਂ ਬਲਜੀਤ ਢਿੱਲੋਂ ਤੇ ਧਨਰਾਜ ਪਿੱਲੈ ਦੀ ਜੋੜੀ ਟੀਮ ਵਿੱਚ ਸਭ ਤੋਂ ਤਜ਼ਰਬੇਕਾਰ ਤੇ ਸੀਨੀਅਰ ਸੀ ਅਤੇ ਬਾਕੀ ਫਾਰਵਰਡ ਲਾਈਨ ਵਿੱਚ ਗਗਨ ਅਜੀਤ ਸਿੰਘ, ਦੀਪਕ ਠਾਕੁਰ, ਪ੍ਰਭਜੋਤ ਸਿੰਘ, ਅਰਜੁਨ ਹਾਲੱਪਾ, ਤੇਜਬੀਰ ਸਿੰਘ ਨਵੀਂ ਉਮਰ ਦੇ ਖਿਡਾਰੀ ਸਨ। ਢਿੱਲੋਂ ਤੇ ਪਿੱਲੈ ਨੇ ਫੀਡਰ ਦੀ ਭੂਮਿਕਾ ਨਿਭਾਉਂਦਿਆਂ ਹਾਫ ਲਾਈਨ ਤੋਂ ਵਿਰੋਧੀ ਗੋਲਾਂ ਤੱਕ ਲਿੰਕ ਮੈਨ ਦਾ ਰੋਲ ਨਿਭਾਉਣ ਕਾਰਨ ਭਾਰਤ ਨੇ ਤਿੰਨ ਟੂਰਨਾਮੈਂਟ ਜਿੱਤੇ। ਇੱਕ ਜਰਮਨੀ ਦੇ ਸ਼ਹਿਰ ਹੈਮਬਰਗ ਵਿਖੇ ਚਾਰ ਦੇਸ਼ੀ ਟੂਰਨਾਮੈਂਟ ਜਿੱਤਿਆ, ਦੋ ਆਸਟਰੇਲੀਆ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਜਿੱਤੇ। ਚੈਂਪੀਅਨਜ਼ ਟਰਾਫੀ ਵਿੱਚ ਭਾਰਤੀ ਟੀਮ ਨੇ ਬਹੁਤ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੌਥਾ ਸਥਾਨ ਕੀਤਾ। ਫੇਰ ਏਸ਼ੀਆ ਕੱਪ ਵੀ ਜਿੱਤਿਆ। ਸਾਲ 2004 ਦੇ ਸ਼ੁਰੂ ਵਿੱਚ ਇਪੋਹ ਵਿਖੇ ਖੇਡੇ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ ਵਿੱਚ ਬਲਜੀਤ ਦੇ ਨੱਕ ਉਤੇ ਸੱਟ ਲੱਗ ਗਈ। ਬਲਜੀਤ ਦੀ ਟੀਮ ਪ੍ਰਤੀ ਪ੍ਰਤੀਬੱਧਤਾ ਅਤੇ ਖੇਡ ਦਾ ਜਾਨੂੰਨ ਹੀ ਸੀ ਕਿ ਉਹ ਨੱਕ ਦੀ ਹੱਡੀ ਟੁੱਟ ਜਾਣ ਦੇ ਬਾਵਜੂਦ ਉਹ ਪੱਟੀ ਬੰਨ੍ਹ ਕੇ ਮੈਦਾਨ ਵਿੱਚ ਨਿੱਤਰਿਆ। ਜਰਮਨੀ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਵਿੱਚ ਭਾਰਤ ਚੈਂਪੀਅਨ ਬਣਿਆ। ਏਥਨਜ਼ ਵਿਖੇ ਬਲਜੀਤ ਨੇ ਆਪਣੀ ਤੀਜੀ ਓਲੰਪਿਕਸ ਖੇਡੀ। ਬਲਜੀਤ ਨੇ ਆਪਣਾ ਆਖਰੀ ਇੰਟਰਨੈਸ਼ਨਲ ਗੋਲ ਦੱਖਣੀ ਅਫਰੀਕਾ ਖਿਲਾਫ 17 ਅਗਸਤ 2004 ਨੂੰ ਕੀਤਾ, ਜਿਸ ਵਿੱਚ ਭਾਰਤ 4-2 ਨਾਲ ਜੇਤੂ ਰਿਹਾ।

ਕੌਮੀ ਪੱਧਰ 'ਤੇ ਬਲਜੀਤ ਸਭ ਤੋਂ ਲੰਬਾ ਸਮਾਂ ਖੇਡਣ ਵਾਲਾ ਖਿਡਾਰੀ ਹੈ। ਪੰਜਾਬ ਪੁਲਿਸ ਵੱਲੋਂ ਤਾਂ ਬਲਜੀਤ ਨੇ 44 ਵਰ੍ਹਿਆਂ ਦੀ ਉਮਰੇ ਵੀ ਖੇਡਦਿਆਂ ਆਲ ਇੰਡੀਆ ਪੁਲਿਸ ਖੇਡਾਂ ਦਾ ਸੋਨੇ ਦਾ ਤਮਗਾ ਜਿੱਤਿਆ। ਬਲਜੀਤ ਨੇ ਆਪਣੀ 39 ਸਾਲ ਦੀ ਨੌਕਰੀ ਵਿੱਚ ਪੰਜਾਬ ਪੁਲਿਸ ਨੂੰ ਆਲ ਇੰਡੀਆ ਪੁਲਿਸ ਖੇਡਾਂ ਵਿੱਚ 11 ਵਾਰ ਸੋਨੇ ਅਤੇ ਤਿੰਨ ਵਾਰ ਚਾਂਦੀ ਦਾ ਤਮਗਾ ਜਿਤਾਇਆ। ਬਲਜੀਤ ਨੇ ਪੰਜਾਬ ਪੁਲਿਸ ਨੂੰ 18 ਵੱਡੇ ਟੂਰਨਾਮੈਂਟ ਜਿਤਾਏ ਹਨ, ਜਿਨ੍ਹਾਂ ਵਿੱਚ ਨਹਿਰੂ ਹਾਕੀ ਕੱਪ, ਇੰਦਰਾ ਗਾਂਧੀ ਗੋਲਡ ਕੱਪ, ਬੇਟਨ ਕੱਪ, ਸੁਰਜੀਤ ਯਾਦਗਾਰੀ ਟੂਰਨਾਮੈਂਟ, ਰਮੇਸ਼ ਚੰਦਰ ਯਾਦਗਾਰੀ ਟੂਰਨਾਮੈਂਟ, ਗੁਰਮੀਤ ਮੈਮੋਰੀਅਲ ਹਾਕੀ ਟੂਰਨਾਮੈਂਟ, ਸੀ.ਆਰ.ਪੀ.ਐਫ. ਗੋਲਡ ਕੱਪ, ਛਤਰਪਤੀ ਸ਼ਿਵਾਜੀ ਟੂਰਨਾਮੈਂਟ, ਹਮਦਰਦ ਹਾਕੀ ਟੂਰਨਾਮੈਂਟ, ਸਕੋਟੀ ਕੱਪ ਬੰਗਲੌਰ, ਰਾਘਾਵਿੰਦਰਾ ਲਿਟਿਗੀ ਟੂਰਨਾਮੈਂਟ, ਲਿਬਰਲਜ਼ ਤੇ ਬਾਬਾ ਫਰੀਦ ਗੋਲਡ ਕੱਪ ਸ਼ਾਮਲ ਹਨ।

ਪੰਜਾਬ ਵੱਲੋਂ ਕੌਮੀ ਖੇਡਾਂ ਵਿੱਚ ਖੇਡਦਿਆਂ ਉਸ ਨੇ ਤਿੰਨ ਵਾਰ ਸੋਨੇ ਦਾ ਤਮਗਾ ਜਿੱਤਿਆ। ਫੈਡਰੇਸ਼ਨ ਕੱਪ ਵਿੱਚ ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਖੇਡਾਂ ਵਿੱਚ ਉਸ ਨੇ ਪੰਜਾਬ ਟੀਮ ਦੀ ਅਗਵਾਈ ਕਰਦਿਆਂ ਸੋਨੇ ਦਾ ਤਮਗਾ ਜਿੱਤਿਆ। ਪ੍ਰੋਫੈਸ਼ਨਲ ਹਾਕੀ ਕਰੀਅਰ ਵਜੋਂ ਉਸ ਨੇ ਪਹਿਲੀ ਵਾਰ ਸ਼ੁਰੂ ਹੋਈ ਪ੍ਰੀਮੀਅਰ ਹਾਕੀ ਲੀਗ ਵਿੱਚ ਤਿੰਨ ਵਾਰ ਸ਼ੇਰ-ਏ-ਜਲੰਧਰ ਵੱਲੋਂ ਹਿੱਸਾ ਲਿਆ। ਸ਼ੇਰ-ਏ-ਜਲੰਧਰ ਦੀ ਟੀਮ ਦੋ ਵਾਰ ਉਪ ਜੇਤੂ ਰਹੀ। ਇਸੇ ਲੀਗ ਦੇ ਫਾਈਨਲ ਮੌਕੇ 2007 ਵਿੱਚ ਬਲਜੀਤ ਨੇ 25 ਸਾਲ ਹਾਕੀ ਖੇਡਣ ਤੋਂ ਬਾਅਦ ਸੰਨਿਆਸ ਲਿਆ ਸੀ। ਪੰਜਾਬ ਪੁਲਿਸ ਵਿੱਚ ਬਿਹਤਰੀਨ ਸੇਵਾ ਨਿਭਾਉਣ ਬਦਲੇ 2017 ਵਿੱਚ ਉਸ ਨੂੰ ਡੀ.ਜੀ.ਪੀ. ਡਿਸਕ ਐਵਾਰਡ ਮਿਲਿਆ। ਪੰਜਾਬ ਪੁਲਿਸ ਵਿੱਚ ਉਸ ਦੀ 39 ਸਾਲ ਦੀ ਸਰਵਿਸ ਹੋਣ ਵਾਲੀ ਹੈ। ਅੱਜ-ਕੱਲ੍ਹ ਉਹ ਕਮਾਂਡੈਂਟ ਵਜੋਂ ਤਾਇਨਾਤ ਹੈ। ਜੇ ਉਹ ਅਜੋਕੇ ਖਿਡਾਰੀਆਂ ਵਾਂਗ ਸਿੱਧਾ ਇੰਸਪੈਕਟਰ ਜਾਂ ਡੀ.ਐੱਸ.ਪੀ. ਭਰਤੀ ਹੋਇਆ ਹੁੰਦਾ ਤਾਂ ਅੱਜ ਘੱਟੋ-ਘੱਟ ਡੀ.ਆਈ.ਜੀ. ਜਾਂ ਆਈ.ਜੀ. ਹੁੰਦਾ।



*ਏਸ਼ਿਆਈ ਖੇਡਾਂ ਤੇ ਏਸ਼ੀਆ ਕੱਪ ਵਿੱਚ ਭਾਰਤ ਨੂੰ ਚੈਂਪੀਅਨ ਬਣਾਇਆ। ਅਰਜੁਨਾ ਐਵਾਰਡ ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਬਲਜੀਤ ਹਾਕੀ ਤੇ ਫੁਟਬਾਲ ਵਿੱਚ ਅਹਿਮੀਅਤ ਰੱਖਦੀ 10 ਨੰਬਰ ਦੀ ਜਰਸੀ ਪਾ ਕੇ ਖੇਡਦਾ ਸੀ।*

ਵਿਸ਼ੇਸ਼

ਗੁਰਦੇਵ ਸਿੰਘ ਸਿੱਧੂ
ਫੋਨ: 91-9417049417



# ਸ਼ਹੀਦ ਭਗਤ ਸਿੰਘ ਦਾ ਪੁਸਤਕ-ਮੋਹ

ਭਗਤ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਸਾਮਰਾਜੀ ਸਰਕਾਰ ਨੇ ਉਸ ਨੂੰ ਇੱਕ ਖੂੰਖਾਰ ਨੌਜਵਾਨ ਦੇ ਰੂਪ ਵਿੱਚ ਪੇਸ਼ ਕੀਤਾ, ਕਿਉਂਕਿ ਅਜਿਹਾ ਕਰਨਾ ਸਰਕਾਰ ਦੇ ਹਿੱਤ ਵਿੱਚ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਅਗਲੇ ਸਮੇਂ ਵਿੱਚ ਵੀ ਉਸ ਦੇ ਇਸੇ ਰੂਪ ਨੂੰ ਪ੍ਰਚਾਰਿਆ ਜਾਂਦਾ ਰਿਹਾ। ਸ਼ੁਕਰ ਦੀ ਗੱਲ ਹੈ ਕਿ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਵਰ੍ਹੇ ਦੌਰਾਨ ਨਵੇਂ ਲੇਖਕਾਂ ਨੇ ਉਸ ਬਾਰੇ ਗੰਭੀਰਤਾ ਨਾਲ ਪੜ੍ਹਿਆ ਅਤੇ ਉਸ ਦੇ ਅਧਿਐਨਸ਼ੀਲ ਹੋਣ ਦੇ ਤੱਥ ਨੂੰ ਸੰਜੀਦਗੀ ਨਾਲ ਉਜਾਗਰ ਕੀਤਾ। ਨਿਰਸੰਦੇਹ ਉਸ ਦੇ ਇਸ ਗੁਣ ਕਾਰਨ ਉਸ ਦੀ ਪਛਾਣ ਇੱਕ ਸੰਵੇਦਨਸ਼ੀਲ ਗੰਭੀਰ ਪਾਠਕ ਅਤੇ ਚਿੰਤਕ ਵਜੋਂ ਹੋਈ।

ਭਗਤ ਸਿੰਘ ਨੂੰ ਪੁਸਤਕਾਂ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਲੱਗਾ। ਉਹ ਜਿਉਂ ਹੀ ਅੱਖਰ ਉਠਾਲਣ ਯੋਗ ਹੋਇਆ, ਆਪਣੇ ਘਰ ਵਿੱਚ ਪਈਆਂ 'ਭਾਰਤ ਮਾਤਾ ਬੁੱਕ ਏਜੰਸੀ' ਦੁਆਰਾ ਪ੍ਰਕਾਸ਼ਿਤ ਪੁਸਤਕਾਂ ਪੜ੍ਹਨ ਲੱਗਾ। ਪੇਂਡੂ ਅੱਧ-ਪੜ੍ਹ ਲੋਕਾਂ ਨੂੰ ਦੇਸ਼ ਦੀ ਵਰਤਮਾਨ ਦੁਰਦਸ਼ਾ ਤੋਂ ਜਾਣੂ ਕਰਵਾਉਣ ਲਈ ਸਿੱਧੀ ਪੱਧਰੀ ਭਾਸ਼ਾ ਵਿੱਚ ਲਿਖੀਆਂ ਇਹ ਪੁਸਤਕਾਂ ਪੜ੍ਹਨ ਅਤੇ ਸਮਝਣ ਵਿੱਚ ਉਸ ਨੂੰ ਕੋਈ ਦਿੱਕਤ ਨਹੀਂ ਸੀ ਆਉਂਦੀ। ਇਸ ਪੁਸਤਕ-ਪਾਠ ਨੇ ਇੱਕ ਪਾਸੇ ਤਾਂ ਉਸ ਨੂੰ ਸਮਕਾਲੀ ਸਮਾਜੀ-ਸਿਆਸੀ ਮਸਲਿਆਂ ਨੂੰ ਸਮਝਣ ਦੇ ਰਾਹ ਤੋਰਿਆ ਅਤੇ ਦੂਜੇ ਪਾਸੇ ਉਸ ਅੰਦਰ ਇੱਕ ਜਗਿਆਸੂ ਪਾਠਕ ਨੂੰ ਜਨਮ ਦਿੱਤਾ, ਜਿਸ ਨੇ ਆਪਣੀ ਗਿਆਨ ਪ੍ਰਾਪਤੀ ਦੀ ਅਭਿਲਾਸ਼ਾ ਨੂੰ ਸੰਤੁਸ਼ਟ ਕਰਨ ਲਈ ਉਮਰ ਭਰ ਪੁਸਤਕਾਂ ਨੂੰ ਆਪਣਾ ਸੰਗੀ ਬਣਾਈ ਰੱਖਿਆ।

ਨੈਸ਼ਨਲ ਕਾਲਜ ਵਿਚਲੇ ਵਿਦਿਆਰਥੀ ਜੀਵਨ ਦੌਰਾਨ ਉਹ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਅਤੇ ਦੇਸ਼ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸਕਾਰ ਸ੍ਰੀ ਸਨਿਆਲ ਦੇ ਸੰਪਰਕ ਵਿੱਚ ਆਇਆ ਤਾਂ ਉਸ ਦੀ ਪ੍ਰੇਰਨਾ ਸਦਕਾ ਪੜ੍ਹਨਾ ਉਸ ਲਈ ਖਬਤ ਬਣ ਗਿਆ। ਇਸ ਮਨੋਰਥ ਲਈ ਉਸ ਨੇ ਦਵਾਰਕਾ ਦਾਸ ਲਾਇਬ੍ਰੇਰੀ ਦਾ ਪੂਰਾ ਲਾਭ ਉਠਾਇਆ। ਲਾਜਪਤ ਭਵਨ ਦੇ ਅਹਾਤੇ ਅੰਦਰ ਸਥਿਤ ਇਹ ਲਾਇਬ੍ਰੇਰੀ ਸ਼ਹਿਰ ਦੇ ਕਾਲਜਾਂ ਦੇ ਘੇਰੇ ਵਿੱਚ ਪੈਂਦੀ ਹੋਣ ਕਾਰਨ ਇੱਥੇ ਸਦਾ ਹੀ ਨੌਜਵਾਨ ਪਾਠਕਾਂ ਦਾ ਤਾਂਤਾ ਲੱਗਿਆ ਰਹਿੰਦਾ। ਭਗਤ ਸਿੰਘ ਇਸ ਲਾਇਬ੍ਰੇਰੀ ਦਾ ਨਿਯਮਤ ਪਾਠਕ ਸੀ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਉਸ ਦੇ ਸਿਰ ਉਤੇ ਪੁਸਤਕਾਂ, ਵਿਸ਼ੇਸ਼ ਕਰ ਕੇ ਰਾਜਨੀਤੀ ਅਤੇ ਇਤਿਹਾਸ ਦੇ ਵਿਸ਼ੇ ਦੀਆਂ ਪੁਸਤਕਾਂ ਪੜ੍ਹਨ ਦਾ ਭੂਤ ਸਵਾਰ ਸੀ। ਇਸ ਲਾਇਬ੍ਰੇਰੀ ਦੇ ਆਸਰੇ ਇਸ ਸਮੇਂ ਉਸ ਦਾ ਅਧਿਐਨ ਖੇਤਰ ਕਿੰਨਾ ਵਿਸ਼ਾਲ ਹੋਇਆ, ਇਸ ਤੱਥ ਦਾ ਕੁਝ ਕੁ ਅਨੁਮਾਨ ਉਸ ਦੁਆਰਾ 1924 ਵਿੱਚ ਹਿੰਦੀ ਵਿੱਚ ਲਿਖੇ ਲੇਖ 'ਪੰਜਾਬ ਕੀ ਭਾਸ਼ਾ ਤਥਾ ਲਿਪੀ ਸਮੱਸਿਆ' ਤੋਂ ਲਗਾਇਆ ਜਾ ਸਕਦਾ ਹੈ। ਪੰਜਾਬੀਆਂ ਦੇ ਇੱਕ ਵਰਗ ਦੀ ਅਸਾਵੀਂ ਸੋਚ ਕਾਰਨ ਪੰਜਾਬ ਵਿੱਚ ਇਹ ਮੁੱਦਾ ਹਮੇਸ਼ਾ ਹੀ ਬਹਿਸ ਅਧੀਨ ਰਿਹਾ ਹੈ ਅਤੇ ਉਨ੍ਹੀਂ ਦਿਨੀਂ ਵੀ ਸੀ। ਪੰਜਾਬ ਹਿੰਦੀ ਸਾਹਿਤ ਸੰਮੇਲਨ ਨੇ ਇਸ ਵਿਸ਼ੇ ਬਾਰੇ ਇੱਕ ਨਿਬੰਧ ਲੇਖਨ ਮੁਕਾਬਲਾ ਕਰਵਾਇਆ। ਭਗਤ ਸਿੰਘ ਨੇ ਇਸ ਪ੍ਰਤੀਯੋਗਤਾ ਲਈ ਲਿਖੇ ਨਿਬੰਧ ਵਿੱਚ ਪੰਜਾਬ ਦੀ ਭਾਸ਼ਾ ਅਤੇ ਲਿਪੀ ਸਮੱਸਿਆ ਨੂੰ ਹੱਲ ਕਰਨ ਬਾਰੇ ਸੁਝਾਅ ਦੇਣ ਤੋਂ ਪਹਿਲਾਂ ਸਮੱਸਿਆ ਦਾ ਪਿਛੋਕੜ ਦੱਸਣ ਲਈ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੱਕ ਪੰਜਾਬ ਦੇ ਇਤਿਹਾਸ 'ਤੇ ਪੰਛੀ ਝਾਤ ਪਾਈ ਹੈ। ਲੇਖ 'ਸਤਿਆਰਥ ਪ੍ਰਕਾਸ਼' ਵਿੱਚ ਦਰਜ ਸਵਾਮੀ ਦਇਆ ਨੰਦ ਦੇ ਕਥਨਾਂ ਕਾਰਨ ਸਿੱਖਾਂ ਅਤੇ ਆਰੀਆ ਸਮਾਜ ਦਰਮਿਆਨ ਉਪਜੇ ਵਿਵਾਦ ਬਾਰੇ ਵੀ ਟਿੱਪਣੀ ਕਰਦਾ ਹੈ। ਲੇਖ ਵਿੱਚ ਗੈਰੀਬਾਲਡੀ, ਮੈਜ਼ਿਨੀ, ਰੂਸੋ, ਵਾਲਟੇਅਰ, ਟਾਲਸਟਾਏ, ਕਾਰਲ-ਮਾਰਕਸ, ਮੈਕਸਮ ਗੋਰਕੀ ਸਬੰਧੀ ਆਏ ਹਵਾਲੇ ਲੇਖਕ ਦੇ ਵਿਸ਼ਾਲ ਅਧਿਐਨ ਦੀ ਸ਼ਾਹਦੀ ਭਰਦੇ ਹਨ। ਸਭ ਤੋਂ ਵੱਡੀ ਗੱਲ ਇਹ ਕਿ ਇਸ ਲੇਖ ਵਿੱਚੋਂ ਭਗਤ ਸਿੰਘ ਦੀ ਦੇਸ਼ ਪਿਆਰ ਨਾਲ ਓਤ ਪੋਤ ਸੋਚ ਦਾ ਪ੍ਰਗਟਾਵਾ ਵੀ ਹੁੰਦਾ ਹੈ। ਉਨ੍ਹੀਂ ਦਿਨੀਂ ਭਗਤ ਸਿੰਘ ਦੇ ਮਨ ਵਿੱਚ ਆਜ਼ਾਦੀ ਪ੍ਰਾਪਤ ਕਰਨ ਦਾ ਭਾਵ ਕਿੰਨਾ ਭਾਰੂ ਸੀ, ਇਸ ਦਾ ਪਤਾ ਇੱਥੋਂ ਲੱਗਦਾ ਹੈ ਕਿ ਉਸ ਨੇ ਇਸ ਲੇਖ ਵਿੱਚ ਆਪਣੀ ਗੱਲ ਦਾ ਤੋੜਾ ਵੀ ਲੇਖ ਨੂੰ ਦੇਸ਼ ਪਿਆਰ ਦੀਆਂ ਭਾਵਨਾਵਾਂ ਨਾਲ ਜੋੜ ਕੇ ਝਾੜਿਆ। ਉਹ ਗੁਰੂ ਗੋਬਿੰਦ ਸਿੰਘ ਦੁਆਰਾ ਪੂਰਵਲੇ ਗੁਰੂ ਸਾਹਿਬਾਨ ਦੇ ਭਗਤੀ ਭਾਵ ਦੇ ਨਾਲ ਸ਼ਕਤੀ ਭਾਵ ਦਾ ਸਮਾਵੇਸ਼ ਕਰਨ ਦੀ ਪ੍ਰੋੜ੍ਹਤਾ ਹਿੱਤ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥' ਅਤੇ 'ਸੂਰਾ ਸੋ ਪਹਿਚਾਨੀਐ।' ਤੁਕਾਂ ਦਰਜ ਕਰਦਾ ਹੈ। ਇਉਂ ਹੀ ਲੋਕ ਸਾਹਿਤ ਦੀ ਵੰਨਗੀ ਦੀ ਚੋਣ ਕਰਦਿਆਂ ਵੀ ਭਗਤ ਸਿੰਘ ਨੇ ਅੰਗਰੇਜ਼ ਸਰਕਾਰ ਵਿਰੋਧੀ ਭਾਵਨਾ ਉਪਜਾਉਣ ਵਾਲੀ ਇਸ ਕਾਵਿ ਟੂਕ ਨੂੰ ਪਹਿਲ ਦਿੱਤੀ:

ਓ ਰਾਹੀਆ ਰਾਹੇ ਜਾਂਦਿਆ ਗੱਲ ਮੇਰੀ ਸੁਣ ਜਾ।

ਸਿਰ 'ਤੇ ਪੱਗ ਤੇਰੇ ਵਲੈਤ ਦੀ ਇਹਨੂੰ ਫੂਕ ਮੁਆਤੜਾ ਲਾ।



ਇਸ ਲੇਖ ਤੋਂ ਇਹ ਤੱਥ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਲੇਖ ਲਿਖੇ ਜਾਣ ਤੱਕ ਭਗਤ ਸਿੰਘ ਕਾਰਲ ਮਾਰਕਸ, ਕਮਿਊਨਿਜ਼ਮ ਅਤੇ ਰੂਸੀ ਇਨਕਲਾਬ ਬਾਰੇ ਜਾਣਕਾਰੀ ਪ੍ਰਾਪਤ ਕਰ ਚੁੱਕਾ ਸੀ। ਕਿਸੇ ਦੇਸ਼ ਦੇ ਸਾਹਿਤ ਕਾਰਨ ਉਸ ਦੇਸ਼ ਦੀ ਸਿਆਸਤ ਉਪਰ ਪੈਣ ਵਾਲੇ ਪ੍ਰਭਾਵ ਦਾ ਬਿਆਨ ਕਰਦਿਆਂ ਉਸ ਨੇ ਲਿਖਿਆ ਸੀ, 'ਜੇ ਟਾਲਸਟਾਏ, ਕਾਰਲ ਮਾਰਕਸ ਅਤੇ ਮੈਕਸਿਮ ਗੋਰਕੀ ਆਦਿ ਨੇ ਨਵਾਂ ਸਾਹਿਤ ਪੈਦਾ ਕਰਨ ਵਿੱਚ ਸਾਲਾਂ ਭਰ ਦੀ ਮਿਹਨਤ ਨਾ ਪਾਈ ਹੁੰਦੀ ਤਾਂ ਰੂਸ ਵਿੱਚ ਕ੍ਰਾਂਤੀ ਨਹੀਂ ਹੋ ਸਕਦੀ ਸੀ, ਕਮਿਊਨਿਜ਼ਮ ਦਾ ਪ੍ਰਚਾਰ ਤੇ ਪ੍ਰਸਾਰ ਤਾਂ ਦੂਰ ਰਿਹਾ।'

ਭਗਤ ਸਿੰਘ ਨੇ ਜੋ ਪੁਸਤਕਾਂ ਪੜ੍ਹੀਆਂ, ਉਹ ਉਸ ਦੇ ਚਿੰਤਨ ਨੂੰ ਨਵੀਂ ਦਿਸ਼ਾ ਦੇਣ ਦਾ ਕਾਰਨ ਬਣੀਆਂ। ਉਸ ਨੇ ਇਨ੍ਹੀਂ ਦਿਨੀਂ ਅਰਾਜਕਤਾਵਾਦੀ ਆਗੂ ਬਾਕੂਨਿਨ ਨੂੰ ਪੜ੍ਹਿਆ, ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ ਤੇ ਆਪਣੇ ਦੇਸ਼ਾਂ ਵਿੱਚ ਸਫਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ ਜਿਨ੍ਹਾਂ ਦੇ ਪ੍ਰਭਾਵ ਕਾਰਨ ਉਹ ਰੁਮਾਂਟਿਕ ਅਰਾਜਕਤਾਵਾਦ ਦਾ ਲੜ ਛੱਡ ਕੇ ਸਮਾਜਵਾਦ ਨਾਲ ਜੁੜ ਗਿਆ ਅਤੇ ਅੰਤਲੇ ਦਿਨ ਤੱਕ ਕੀਤੇ ਅਧਿਐਨ ਕਾਰਨ ਉਸ ਦੀ ਸਮਾਜਵਾਦ ਪ੍ਰਤੀ ਸਮਝ ਜ਼ਿਆਦਾ ਨਿੱਖਰਦੀ ਗਈ। ਆਪਣੇ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਵਿੱਚ ਭਗਤ ਸਿੰਘ ਨੇ ਇਸ ਵਿਚਾਰਧਾਰਕ ਤਬਦੀਲੀ ਦਾ ਬਿਆਨ ਇਉਂ ਕੀਤਾ ਹੈ, "ਇਹ ਮੇਰੇ ਇਨਕਲਾਬੀ ਜੀਵਨ ਵਿੱਚ ਆਇਆ ਵੱਡਾ ਮੋੜ ਸੀ। 'ਅਧਿਐਨ ਕਰਨ' ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿੱਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿੱਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ। ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿੱਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿੱਚ ਸਿਰਫ਼ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੁਮਾਂਸ ਏਨਾ ਭਾਰੂ ਸੀ, ਹੁਣ ਉਸ ਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"

ਭਗਤ ਸਿੰਘ ਦੀ ਜੇਲ੍ਹ ਡਾਇਰੀ, ਜਿਸ ਵਿੱਚ ਉਸ ਨੇ ਜੇਲ੍ਹ ਵਾਸ ਦੌਰਾਨ ਪੜ੍ਹੀਆਂ ਪੁਸਤਕਾਂ ਦੀਆਂ ਟੂਕਾਂ ਅਤੇ ਹੋਰ ਜਾਣਕਾਰੀ ਅੰਕਿਤ ਕੀਤੀ ਹੈ, ਵਾਚਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਕਿਸੇ ਪੁਸਤਕ ਨੂੰ ਪੜ੍ਹਨ ਤੱਕ ਹੀ ਸੀਮਤ ਨਹੀਂ ਸੀ ਰਹਿੰਦਾ, ਉਹ ਉਸ ਵਿੱਚੋਂ ਮਹੱਤਵਪੂਰਨ ਪੰਕਤੀਆਂ ਲਿਖ ਲੈਂਦਾ ਸੀ। ਫਿਰ ਇਨ੍ਹਾਂ ਪੰਕਤੀਆਂ ਬਾਰੇ ਪਹਿਲਾਂ ਆਪ ਵਾਰ ਵਾਰ ਵਿਚਾਰ ਕਰਦਾ ਅਤੇ ਫਿਰ ਦੋਸਤਾਂ ਨਾਲ ਵਿਚਾਰਨ ਉਪਰੰਤ ਕਸੌਟੀ ਉਤੇ ਖਰੇ ਉਤਰਨ ਵਾਲੇ ਵਿਚਾਰਾਂ ਨੂੰ ਆਪਣੀ ਸਮਝ ਦਾ ਭਾਗ ਬਣਾ ਕੇ ਉਨ੍ਹਾਂ ਅਨੁਸਾਰ ਚੱਲਣ ਦਾ ਯਤਨ ਕਰਦਾ। ਭਗਤ ਸਿੰਘ ਦੀ ਅਗਵਾਈ ਵਿੱਚ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੀਆਂ ਕਾਰਵਾਈਆਂ ਦੀ ਫਰਾਂਸ ਦੀ ਮਜ਼ਦੂਰ ਜਥੇਬੰਦੀ ਦੇ ਅਰਾਜਕਤਾਵਾਦੀ ਨੌਜਵਾਨ ਆਗੂ ਵੇਲਾਂ ਅਤੇ ਆਇਰਲੈਂਡ ਦੇ ਸੰਗਰਾਮੀ ਦੇਸ਼ਭਗਤ ਡੇਨ.ਓ. ਬ੍ਰੀਨ ਦੀਆਂ ਕਾਰਵਾਈਆਂ ਨਾਲ ਸਮਾਨਤਾ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ।

ਚੰਗੀਆਂ ਪੁਸਤਕਾਂ ਕੇਵਲ ਆਪ ਪੜ੍ਹਨਾ ਹੀ ਭਗਤ ਸਿੰਘ ਦਾ ਸ਼ੌਕ ਨਹੀਂ ਸੀ, ਉਸ ਦੀ ਇੱਛਾ ਹੁੰਦੀ ਸੀ ਕਿ ਇਹ ਪੁਸਤਕਾਂ ਹੋਰਨਾਂ ਪਾਠਕਾਂ ਦੇ ਹੱਥਾਂ ਵਿੱਚ ਵੀ ਜਾਣ। ਜਦੋਂ ਉਸ ਨੇ ਵੀਰ ਸਾਵਰਕਰ ਦੀ ਲਿਖਤ 'ਫਸਟ ਵਾਰ ਆਫ ਇੰਡੀਅਨ ਇੰਡੀਪੈਂਡੈਂਸ' (ਭਾਰਤ ਦਾ ਪਹਿਲਾ ਸੁਤੰਤਰਤਾ ਸੰਗਰਾਮ) ਪੜ੍ਹੀ, ਤਾਂ ਝੂਮ ਉਠਿਆ। 1857 ਦੇ ਗ਼ਦਰ ਬਾਰੇ ਪੜ੍ਹਨ ਲਈ ਆਮ ਤੌਰ ਉਤੇ ਜੋ ਕਿਤਾਬਾਂ ਮਿਲਦੀਆਂ ਸਨ, ਉਹ ਜਾਂ ਤਾਂ ਅੰਗਰੇਜ਼ ਲੇਖਕਾਂ ਦੀਆਂ ਲਿਖੀਆਂ ਹੋਈਆਂ ਸਨ ਜਾਂ ਅੰਗਰੇਜ਼ਾਂ ਦੀ ਖੁਸ਼ਾਮਦ ਕਰਨ ਵਾਲੇ ਇਤਿਹਾਸਕਾਰਾਂ ਦੀਆਂ; ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਸ਼ਮ੍ਹਾਂ ਉਤੇ ਮਰ ਮਿਟਣ ਵਾਲੇ ਪਰਵਾਨਿਆਂ ਨੂੰ ਡਾਕੂਆਂ, ਲੁਟੇਰਿਆਂ, ਮਜ਼੍ਹਬੀ ਜਨੂੰਨੀਆਂ ਆਦਿ ਦੇ ਰੂਪ ਵਿੱਚ ਚਿਤਰਿਆ ਸੀ। ਸਾਵਰਕਰ ਨੇ ਆਪਣੀ ਪੁਸਤਕ ਵਿੱਚ ਇੰਡੀਆ ਆਫਿਸ ਲਾਇਬ੍ਰੇਰੀ ਦੇ ਰਿਕਾਰਡ ਦੀ ਘੋਖ ਪੜਤਾਲ ਕਰ ਕੇ ਅਜਿਹੇ ਹਵਾਲੇ ਦਿੱਤੇ ਸਨ, ਜਿਨ੍ਹਾਂ ਤੋਂ ਇਹ ਅੰਗਰੇਜ਼ਾਂ ਦੀ ਗ਼ੁਲਾਮੀ ਵਿੱਚੋਂ ਨਿਕਲ ਕੇ ਆਜ਼ਾਦੀ ਲਈ ਲੜੀ ਗਈ ਕੌਮੀ ਜੰਗ ਸਿੱਧ ਹੁੰਦਾ ਸੀ। ਇਸ ਕਾਰਨ ਭਗਤ ਸਿੰਘ ਨੇ ਮਹਿਸੂਸ ਕੀਤਾ ਕਿ ਇਹ ਕਿਤਾਬ ਹਰ ਦੇਸ਼ ਭਗਤ ਹਿੰਦੁਸਤਾਨੀ ਨੂੰ ਪੜ੍ਹਨੀ ਚਾਹੀਦੀ ਹੈ। ਪਰ ਇਹ ਪੁਸਤਕ ਸਰਕਾਰ ਦੁਆਰਾ ਜ਼ਬਤ ਕੀਤੀ ਗਈ ਹੋਣ ਕਾਰਨ ਆਮ ਨਹੀਂ ਸੀ ਮਿਲਦੀ; ਇਸ ਲਈ ਭਗਤ ਸਿੰਘ ਨੇ ਦਵਾਰਕਾ ਦਾਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਸ੍ਰੀ ਸ਼ਾਸਤਰੀ ਦੇ ਸਹਿਯੋਗ ਨਾਲ ਇਸ ਨੂੰ ਦੋ ਭਾਗਾਂ ਵਿੱਚ ਵੰਡ ਕੇ ਮੁੜ ਛਪਵਾਇਆ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਇਸ ਦੀਆਂ ਕਾਪੀਆਂ ਖ਼ੁਦ ਦੇ ਕੇ ਆਇਆ।

ਭਗਤ ਸਿੰਘ ਪ੍ਰਿੰਸੀਪਲ ਛਬੀਲ ਦਾਸ ਤੋਂ ਵਿਸ਼ੇਸ਼ ਤੌਰ ਉਤੇ ਪ੍ਰਭਾਵਿਤ ਸੀ। ਉਸ ਨੇ ਪ੍ਰਿੰਸੀਪਲ ਛਬੀਲ ਦਾਸ ਲਿਖਤ ਕਈ ਲੇਖ ਜਿਵੇਂ 'ਕੀ ਪੜ੍ਹੀਏ?' 'ਭਾਰਤ ਮਾਤਾ', 'ਸੋਸ਼ਲਿਜ਼ਮ ਕੀ ਹੈ?' ਆਦਿ ਤੋਂ ਬਿਨਾ ਪ੍ਰਿੰਸ ਕੋਪਾਟਕਿਨ ਦਾ ਲੇਖ 'ਐਨ ਅਪੀਲ ਟੂ ਦਿ ਯੰਗ' (ਨੌਜਵਾਨਾਂ ਨੂੰ ਅਪੀਲ) ਵੀ ਕਿਤਾਬਚਿਆਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਏ ਅਤੇ ਵਿਦਿਆਰਥੀਆਂ ਵਿੱਚ ਵੰਡੇ। ਗੱਲ ਕੀ, ਉਹ ਆਪਣੇ ਸਾਥੀਆਂ ਦੀ ਸੋਚ ਧਾਰਾ ਨੂੰ ਇੱਕ ਵਿਸ਼ੇਸ਼ ਸੇਧ ਦੇਣ ਲਈ ਯਤਨਸ਼ੀਲ ਰਹਿੰਦਾ ਸੀ। ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਗੁਪਤ ਟਿਕਾਣਿਆਂ ਉਤੇ ਹੋਰ ਕਿਸੇ ਲੋੜੀਂਦੀ ਵਸਤੂ ਦੀ ਕਮੀ ਤਾਂ ਹੋ ਸਕਦੀ ਸੀ, ਪਰ ਪੁਸਤਕਾਂ ਵੱਡੀ ਗਿਣਤੀ ਵਿੱਚ ਹੁੰਦੀਆਂ ਸਨ। ਅਸੈਂਬਲੀ ਵਿੱਚ ਬੰਬ ਸੁੱਟੇ ਜਾਣ ਦੀ ਘਟਨਾ ਪਿੱਛੋਂ ਜਦ ਪੁਲਿਸ ਨੇ ਇਨਕਲਾਬੀ ਨੌਜਵਾਨਾਂ ਦੇ ਆਗਰਾ ਕੇਂਦਰ ਉਤੇ ਛਾਪਾ ਮਾਰਿਆ ਤਾਂ ਉਸ ਦੇ ਹੱਥ ਲਗਭਗ ਇੱਕ ਦਰਜਨ ਹਿੰਦੀ ਅਤੇ ਉਰਦੂ ਪੁਸਤਕਾਂ ਅਤੇ ਦੋ ਦਰਜਨ ਤੋਂ ਵੱਧ ਅੰਗਰੇਜ਼ੀ ਪੁਸਤਕਾਂ ਹੱਥ ਲੱਗੀਆਂ। ਅਜਿਹਾ ਭਗਤ ਸਿੰਘ ਦੇ ਖ਼ੁਦ ਅਧਿਐਨਸ਼ੀਲ ਹੋਣ ਅਤੇ ਸਾਥੀਆਂ ਨੂੰ ਇਸ ਪਾਸੇ ਲਾਉਣ ਦੀ ਰੁਚੀ ਦਾ ਪ੍ਰਮਾਣ ਹੈ।

# ਸ਼ਹੀਦ ਭਗਤ ਸਿੰਘ ਦਾ ਅੰਤਿਮ ਦਿਨ

*(ਸੋਵੀਅਤ ਸੰਘ ਦੇ ਭਾਰਤ ਬਾਰੇ ਖੋਜ ਕਰਤਾ ਵਿਦਵਾਨ ਐੱਲ. ਵੀ. ਮਿਤਰੋਖਿਨ ਦੀ 1981 ਵਿੱਚ ਛਪੀ ਕਿਤਾਬ 'ਲੈਨਿਨ ਅਤੇ ਭਾਰਤ' ਵਿਚਲੇ ਇੱਕ ਲੇਖ 'ਚੋਂ)*

ਅਨੁਵਾਦ: ਸੁਖਦਰਸ਼ਨ ਸਿੰਘ ਨੱਤ
ਫੋਨ: +91-9417233404

ਅਕਤੂਬਰ 1967 ਵਿੱਚ ਭਾਰਤ ਵਿੱਚ ਇੱਕ ਅਜਿਹੇ ਆਦਮੀ ਨਾਲ ਵੀ ਮੇਰੀ ਮੁਲਾਕਾਤ ਹੋਈ, ਜੋ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ ਕੁਝ ਘੰਟੇ ਪਹਿਲਾਂ ਹੀ ਉਨ੍ਹਾਂ ਨੂੰ ਮਿਲੇ ਸਨ। ਉਹ ਸਨ ਪ੍ਰਾਣ ਨਾਥ ਮਹਿਤਾ, ਭਗਤ ਸਿੰਘ ਹੋਰਾਂ ਦੇ ਮਿੱਤਰ ਅਤੇ ਵਕੀਲ। ਉਨਾਂ ਮੈਨੂੰ ਦੱਸਿਆ, "ਉਨ੍ਹੀਂ ਦਿਨੀਂ ਮੈਂ ਹਮੇਸ਼ਾ ਆਪਣੇ ਕੋਲ ਡਾਇਰੀ ਰੱਖਦਾ ਸਾਂ, ਆਪਣੇ ਅਦਾਲਤੀ ਕੰਮ ਲਈ ਵੀ ਮੈਨੂੰ ਇਸ ਦੀ ਲੋੜ ਹੁੰਦੀ ਸੀ, ਪਰ ਬਦਕਿਸਮਤੀ ਨਾਲ 1947 ਦੀ ਵੰਡ ਵੇਲੇ ਜਦੋਂ ਮੈਨੂੰ ਅਚਾਨਕ ਲਾਹੌਰ ਛੱਡਣਾ ਪਿਆ ਤਾਂ ਮੇਰੇ ਸਾਰੇ ਕਾਗਜ਼ ਪੱਤਰ ਉਥੇ ਹੀ ਰਹਿ ਗਏ। ਕੋਈ ਪਤਾ ਨਹੀਂ ਉਨ੍ਹਾਂ ਦਾ ਕੀ ਬਣਿਆ? ਤਦ ਵੀ ਭਾਵੇਂ ਮੇਰੀਆਂ ਡਾਇਰੀਆ ਤਾਂ ਗੁੰਮ ਹੋ ਗਈਆਂ, ਪਰ ਉਨ੍ਹਾਂ ਦਿਨਾਂ ਦੀਆਂ ਘਟਨਾਵਾਂ ਨੇ ਮੇਰੇ ਦਿਮਾਗ਼ ਉਤੇ ਐਨੀ ਗਹਿਰੀ ਛਾਪ ਛੱਡੀ ਹੈ, ਜਿਸ ਨੂੰ ਨਾ ਵਕਤ ਮਿਟਾ ਸਕਿਆ ਤੇ ਨਾ ਬਾਅਦ ਦੀਆਂ ਦੂਜੀਆਂ ਘਟਨਾਵਾਂ...।"

"ਕਾਫ਼ੀ ਕੋਸ਼ਿਸ਼ ਦੇ ਬਾਅਦ ਆਖਰ 23 ਮਾਰਚ 1931 ਨੂੰ ਮੈਨੂੰ ਉਹ ਕਿਤਾਬ ਮਿਲ ਗਈ, ਜਿਹੜੀ ਭਗਤ ਸਿੰਘ ਨੇ ਮੰਗਵਾਈ ਸੀ। ਮੈਂ ਜੇਲ੍ਹ ਉਨ੍ਹਾਂ ਨੂੰ ਮਿਲਣ ਗਿਆ। ਜੇਲ੍ਹ ਦੇ ਗੇਟ ਉਤੇ ਮੈਨੂੰ ਦੱਸਿਆ ਗਿਆ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕਿਸੇ ਨੂੰ ਵੀ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ। ਵਜ੍ਹਾ ਇਹ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਖ਼ੂਨ ਦੇ ਸਿੱਧੇ ਰਿਸ਼ਤੇ ਵਾਲੇ ਸਬੰਧੀਆਂ ਨੂੰ ਛੱਡ ਕੇ ਹੋਰ ਕਿਸੇ ਨਾਲ ਉਨ੍ਹਾਂ ਦੀ ਮੁਲਾਕਾਤ ਉਤੇ ਪਾਬੰਦੀ ਲਾ ਦਿੱਤੀ ਸੀ। ਇਸ ਦੇ ਵਿਰੋਧ ਵਿੱਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕਿਹਾ ਕਿ ਤਦ ਉਹ ਕਿਸੇ ਨੂੰ ਵੀ ਨਹੀਂ ਮਿਲਣਗੇ।"

"ਕੁਝ ਕਰਨਾ ਚਾਹੀਦਾ ਹੈ, ਮੈਂ ਸੋਚਿਆ। ਮੈਂ ਜੇਲ੍ਹ ਅਧਿਕਾਰੀਆਂ ਨੂੰ ਮਿਲਿਆ। ਉਨ੍ਹਾਂ ਵਿੱਚੋਂ ਮਿਸਟਰ ਪੂਰੀ ਨੇਕ ਇਨਸਾਨ ਨਿਕਲਿਆ। ਉਸ ਨੇ ਮੈਨੂੰ ਸਲਾਹ ਦਿੱਤੀ ਕਿ ਤਿੰਨਾਂ ਕੈਦੀਆਂ ਦਾ ਵਕੀਲ ਹੋਣ ਦੇ ਨਾਤੇ ਮੈਂ ਅਰਜ਼ੀ ਲਿਖਾਂ ਕਿ ਮੈਂ ਉਨ੍ਹਾਂ ਦੀ ਆਖਰੀ ਇੱਛਾ ਲਿਖਣ ਲਈ ਉਨ੍ਹਾਂ ਨੂੰ ਮਿਲਣਾ ਹੈ। ਮੈਂ ਅਜਿਹਾ ਹੀ ਕੀਤਾ, ਤਦ ਉਨ੍ਹਾਂ ਮੈਨੂੰ ਭਗਤ ਸਿੰਘ ਦੀ ਕਾਲ ਕੋਠੜੀ ਵਿੱਚ ਹੀ ਉਨ੍ਹਾਂ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ। ਰਾਜਗੁਰੂ ਤੇ ਸੁਖਦੇਵ ਨੂੰ ਵੀ ਉਥੇ ਲੈ ਆਂਦਾ ਗਿਆ।

ਉਸ ਵਕਤ ਮੈਨੂੰ ਇਹ ਪਤਾ ਨਹੀਂ ਸੀ ਕਿ ਇਨ੍ਹਾਂ ਤਿੰਨਾਂ ਨਾਲ ਇਹ ਮੇਰੀ ਆਖਰੀ ਮੁਲਾਕਾਤ ਹੈ। ਇਸ ਦੇ ਦੋ ਤਿੰਨ ਘੰਟੇ ਬਾਅਦ ਹੀ ਇਨ੍ਹਾਂ ਨੂੰ ਫਾਂਸੀ ਦੇ ਦਿੱਤੀ ਜਾਵੇਗੀ।

ਭਗਤ ਸਿੰਘ ਨੇ ਮੈਨੂੰ ਪੁੱਛਿਆ ਕਿ ਮੈਂ ਕਿਤਾਬ ਲਿਆਇਆ ਹਾਂ ਜਾਂ ਨਹੀਂ? ਮੈਂ ਕਿਤਾਬ ਉਸ ਨੂੰ ਦੇ ਦਿੱਤੀ ਤਾਂ ਉਹ ਖ਼ੁਸ਼ ਹੋਇਆ। ਕਿਤਾਬ ਲੈਂਦਿਆਂ ਹੀ ਬੋਲਿਆ, 'ਅੱਜ ਰਾਤ ਹੀ ਇਸ ਨੂੰ ਪੜ੍ਹ ਕੇ ਖ਼ਤਮ ਕਰ ਦਿਆਂਗਾ, ਇਸ ਤੋਂ ਪਹਿਲਾਂ ਕਿ...!' ਉਦੋਂ ਉਸ ਨੂੰ ਕੀ ਪਤਾ ਸੀ ਕਿ ਉਹ ਕਿਤਾਬ ਅਖੀਰ ਤੱਕ ਕਦੀ ਨਹੀਂ ਪੜ੍ਹ ਸਕੇਗਾ!"

ਮੈਂ ਪ੍ਰਾਣ ਨਾਥ ਮਹਿਤਾ ਨੂੰ ਪੁੱਛਿਆ ਕਿ ਕੀ ਉਸ ਨੂੰ ਉਸ ਕਿਤਾਬ ਦਾ ਨਾਂ ਯਾਦ ਹੈ? ਉਨ੍ਹਾਂ ਦਾ ਜੁਆਬ ਸੀ, "ਮੈਨੂੰ ਠੀਕ ਠੀਕ ਤਾਂ ਯਾਦ ਨਹੀਂ ਕਿ ਉਹ ਲੈਨਿਨ ਬਾਰੇ ਸੀ ਜਾਂ ਕੋਈ ਲੈਨਿਨ ਦੀ ਲਿਖੀ ਕਿਤਾਬ, ਪਰ ਉਹ ਇੱਕ ਛੋਟੀ ਜਿਹੀ ਕਿਤਾਬ ਸੀ। ...ਦੂਜੇ ਦਿਨ ਜੇਲ੍ਹ ਦੇ ਫਾਂਸੀ ਹਾਤੇ ਦੇ ਸੰਤਰੀ ਨੇ ਮੈਨੂੰ ਦੱਸਿਆ ਕਿ ਜਦੋਂ ਸ਼ਾਮੀ ਫਾਂਸੀ ਲਈ ਭਗਤ ਸਿੰਘ ਨੂੰ ਲਿਜਾਣ ਆਏ ਸਨ ਤਾਂ ਉਹ ਉਹੋ ਕਿਤਾਬ ਪੜ੍ਹ ਰਿਹਾ ਸੀ। ਬਾਅਦ ਵਿੱਚ ਭਗਤ ਸਿੰਘ ਜਿਹੜੀਆਂ ਚੀਜ਼ਾਂ ਪਿੱਛੇ ਛੱਡ ਗਏ ਸਨ, ਉਨ੍ਹਾਂ ਦੇ ਵਿੱਚ ਉਹ ਕਿਤਾਬ ਵੀ ਮਿਲੀ ਸੀ।"

ਪ੍ਰਾਣ ਨਾਥ ਮਹਿਤਾ ਨੇ ਅੱਗੇ ਕਿਹਾ, "ਸ਼ਾਇਦ ਉਸੇ ਸੰਤਰੀ ਨੇ ਹੀ ਭਗਤ ਸਿੰਘ ਦੇ ਰਿਸ਼ਤੇਦਾਰਾਂ ਨੂੰ ਵੀ ਉਨ੍ਹਾਂ ਦੇ ਆਖਰੀ ਪਲਾਂ ਦੇ ਸਬੰਧ 'ਚ ਦੱਸਿਆ ਸੀ।"

ਉਸੇ ਆਧਾਰ 'ਤੇ ਭਗਤ ਸਿੰਘ ਦੀ ਭਤੀਜੀ ਵਰਿੰਦਰ ਸੰਧੂ ਨੇ ਆਪਣੀ ਕਿਤਾਬ ਵਿੱਚ ਇਹ ਵਿਸਥਾਰ ਲਿਖਿਆ ਹੈ ਕਿ ਜਦੋਂ ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ, ਭਗਤ ਸਿੰਘ ਪ੍ਰਾਣ ਨਾਥ ਮਹਿਤਾ ਵੱਲੋਂ ਲਿਆਂਦੀ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ। ਦਹਿਲੀਜ਼ ਉਤੇ ਜੇਲ੍ਹ ਦਾ ਅਫ਼ਸਰ ਖਲੋਤਾ ਸੀ।

'ਸਰਦਾਰ ਜੀ' ਉਸ ਨੇ ਕਿਹਾ, 'ਫਾਂਸੀ ਲਾਉਣ ਦਾ ਹੁਕਮ ਆ ਗਿਆ ਹੈ, ਤਿਆਰ ਹੋ ਜਾਓ।'

ਭਗਤ ਸਿੰਘ ਦੇ ਸੱਜੇ ਹੱਥ 'ਚ ਕਿਤਾਬ ਸੀ, ਉਸ ਤੋਂ ਨਜ਼ਰਾਂ ਚੁੱਕੇ ਬਿਨਾ ਹੀ ਉਸ ਨੇ ਖੱਬਾ ਹੱਥ ਚੁੱਕ ਕੇ ਕਿਹਾ, 'ਠਹਿਰੋ! ਇੱਥੇ ਇੱਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।'

'ਕੁਝ ਲਾਈਨਾਂ ਹੋਰ ਪੜ੍ਹ ਕੇ ਉਨ੍ਹਾਂ ਕਿਤਾਬ ਇੱਕ ਪਾਸੇ ਰੱਖ ਦਿੱਤੀ ਅਤੇ ਉਠ ਕੇ ਖਲੋਂਦਿਆਂ ਬੋਲੇ, 'ਚਲੋ।'

## ਪੰਜਾਬ 'ਤੇ ਈਸਾਈ ਹਮਲਾ! (3)

# ਅਨੈਤਿਕ ਢੰਗ ਨਾਲ ਧਰਮ ਪਰਿਵਰਤਨ ਦਾ ਵਰਤਾਰਾ

**ਪੰਜਾਬ 'ਤੇ ਈਸਾਈ ਹਮਲੇ ਦੇ ਖਦਸ਼ੇ ਬਾਬਤ ਇਹ ਲੇਖ ਪੰਜਾਬ ਵਿਚਲੀਆਂ ਸਿਰਮੌਰ ਸਿੱਖ ਸੰਸਥਾਵਾਂ ਵੱਲੋਂ ਸਿੱਖੀ ਪ੍ਰਚਾਰ ਦੇ ਪਸਾਰ ਅਤੇ ਸਿੱਖੀ ਵਿੱਚ ਜਾਤ-ਪਾਤ ਦੇ ਵਧਣ ਪ੍ਰਤੀ ਉਨ੍ਹਾਂ ਦੀ ਕਥਿਤ ਚੁੱਪ ਉਤੇ ਸਵਾਲ ਖੜ੍ਹੇ ਕਰਦਾ ਹੈ ਕਿ ਅਜਿਹਾ ਸਭ ਕਿਉਂ ਤੇ ਕਿੰਨਾ ਚਿਰ ਹੋਰ? ਵੈਸੇ ਤਾਂ ਧਰਮ ਪਰਿਵਰਤਨ ਕਰਨਾ ਹਰ ਇੱਕ ਦਾ ਨਿੱਜੀ ਮਸਲਾ ਹੈ, ਪਰ ਇਸ ਲੇਖ ਵਿੱਚ ਲੇਖਕ ਵੱਲੋਂ ਉਠਾਏ ਗਏ ਅਹਿਮ ਨੁਕਤੇ, ਕਾਰਨ ਤੇ ਚਿੰਤਾ ਅਤੇ ਈਸਾਈ ਭਾਈਚਾਰੇ ਵੱਲੋਂ ਸਿੱਖ ਭਾਈਚਾਰੇ ਦੇ ਕਥਿਤ ਨੀਵੀਂ ਜਾਤ ਦੇ ਲੋਕਾਂ ਨੂੰ ਲਾਲਚ ਦੇ ਕੇ ਈਸਾਈ ਬਣਨ ਲਈ ਪ੍ਰੇਰਿਤ ਕਰਨ ਦੀ ਕਵਾਇਦ, ਇੱਕ ਗੰਭੀਰ ਮਸਲਾ ਹੈ; ਖਾਸ ਕਰ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਣਾ! ਸਿੱਖ ਸਿਆਸਤਦਾਨਾਂ, ਨੁਮਾਇੰਦਿਆਂ ਤੇ ਸੰਸਥਾਵਾਂ ਦੇ ਅਵੇਸਲੇਪਨ ਪ੍ਰਤੀ ਇਹ ਲੇਖ ਪਾਠਕਾਂ ਲਈ ਜਾਣਕਾਰੀ ਹਿੱਤ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚਲੇ ਤੱਥਾਂ ਜਾਂ ਦਲੀਲਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਰੂਰੀ ਨਹੀਂ। ਪੇਸ਼ ਹੈ, ਲੇਖ ਦੀ ਤੀਜੀ ਤੇ ਆਖਰੀ ਕਿਸ਼ਤ...**

## ਵਿਸ਼ਵ ਦਾ ਚੌਥਾ ਸਭ ਤੋਂ ਵੱਡਾ ਚਰਚ

**ਵਿਸ਼ਵ ਦਾ ਚੌਥਾ ਸਭ ਤੋਂ ਵੱਡਾ ਚਰਚ ਕਰੀਬ 2000 ਕਰੋੜ ਰੁਪਏ ਦੀ ਲਾਗਤ ਨਾਲ ਜਲੰਧਰ ਵਿੱਚ ਬਣਾਇਆ ਜਾ ਰਿਹਾ ਹੈ। ਇਹ ਚਰਚ ਸ਼ੁਰੂ ਹੋਣ ਦੇ ਬਾਅਦ ਪੂਰੇ ਭਾਰਤ ਤੋਂ ਲੱਖਾਂ ਈਸਾਈ ਲੋਕ ਇੱਥੇ ਆਇਆ ਕਰਨਗੇ। ਇਸ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਹਜ਼ਾਰਾਂ ਈਸਾਈ ਲੋਕ ਜਲੰਧਰ ਦੀ ਇਸ ਚਰਚ ਨੂੰ ਦੇਖਣ ਲਈ ਆਇਆ ਕਰਨਗੇ। ਉਸ ਸਮੇਂ ਅਕਾਲ ਤਖਤ ਦੇ ਜਥੇਦਾਰ, ਐਸ.ਜੀ.ਪੀ.ਸੀ. ਦੇ ਪ੍ਰਧਾਨ ਅਤੇ ਅਕਾਲੀ ਦਲ ਦੇ ਨੁਮਾਇੰਦੇ ਕੀ ਸੋਚਣਗੇ?**



ਸੰਤੋਖ ਸਿੰਘ ਬੈਂਸ
ਫੋਨ: 312-351-3967

### ਇੱਕ ਪ੍ਰਮੁੱਖ ਜਨਸੰਖਿਆ ਤਬਦੀਲੀ

2001 ਵਿੱਚ ਪੰਜਾਬ ਦੀ ਈਸਾਈ ਆਬਾਦੀ 2,92,800 ਸੀ ਜੋ ਕਿ 2011 ਵਿੱਚ ਮਾਮੂਲੀ ਤੌਰ 'ਤੇ ਵੱਧ ਕੇ 3,48,230 ਹੋ ਗਈ, ਭਾਵ ਉਨ੍ਹਾਂ ਦੀ ਆਬਾਦੀ 1.20 ਫੀਸਦੀ ਤੋਂ ਵਧ ਕੇ 1.26 ਫੀਸਦੀ ਹੋ ਗਈ।

ਹੇਠਾਂ ਦਿੱਤੀ ਸਾਰਣੀ 2011 ਵਿੱਚ ਪੰਜਾਬ ਦੇ ਵੱਖ- ਵੱਖ ਜ਼ਿਲ੍ਹਿਆਂ ਵਿਚ ਈਸਾਈਆਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ:

| ਲੜੀ ਨੰ. | ਜ਼ਿਲ੍ਹਾ | ਈਸਾਈ (ਪ੍ਰਤੀਸ਼ਤ) |
|---|---|---|
| 1 | ਅੰਮ੍ਰਿਤਸਰ | 2.18 |
| 2 | ਬਰਨਾਲਾ | 0.10 |
| 3 | ਬਠਿੰਡਾ | 0.18 |
| 4 | ਫਰੀਦਕੋਟ | 0.20 |
| 5 | ਫਤਿਹਗੜ੍ਹ ਸਾਹਿਬ | 0.28 |
| 6 | ਫਿਰੋਜ਼ਪੁਰ | 0.95 |
| 7 | ਗੁਰਦਾਸਪੁਰ | 7.68 |
| 8 | ਹੁਸ਼ਿਆਰਪੁਰ | 0.94 |
| 9 | ਜਲੰਧਰ | 0.19 |
| 10 | ਕਪੂਰਥਲਾ | 0.67 |
| 11 | ਲੁਧਿਆਣਾ | 0.47 |
| 12 | ਮਾਨਸਾ | 0.12 |
| 13 | ਮੋਗਾ | 0.33 |
| 14 | ਮੁਕਤਸਰ | 0.19 |
| 15 | ਪਟਿਆਲਾ | 0.30 |
| 16 | ਰੂਪ ਨਗਰ | 0.31 |
| 17 | ਮੋਹਾਲੀ | 0.54 |
| 18 | ਸੰਗਰੂਰ | 0.15 |
| 19 | ਨਵਾਂਸ਼ਹਿਰ | 0.24 |
| 20 | ਤਰਨਤਾਰਨ | 0.54 |
| ਪੰਜਾਬ (ਕੁੱਲ) | | 1.26 |

ਉਪਰੋਕਤ ਸਾਰਣੀ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਈਸਾਈ ਆਬਾਦੀ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਦੂਜੇ ਨੰਬਰ 'ਤੇ ਸੀ। ਇਹ ਸੱਚਮੁੱਚ ਵਿਡੰਬਨਾ ਹੈ ਕਿ ਈਸਾਈ ਇੱਕ ਇਸੇ ਜ਼ਿਲ੍ਹੇ ਵਿੱਚ ਵੱਡੀ ਗਿਣਤੀ ਵਿੱਚ ਸਨ, ਜਿੱਥੇ ਅਕਾਲ ਤਖਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵਰਗੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਸਥਿਤ ਹਨ।

ਅੰਮ੍ਰਿਤਸਰ ਜ਼ਿਲ੍ਹੇ ਦਾ ਪਿੰਡ ਦੂਜੋਵਾਲ ਪਾਕਿਸਤਾਨ ਸਰਹੱਦ ਤੋਂ ਸਿਰਫ਼ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿੱਚ ਦੋ ਚਰਚ ਹਨ। ਸਮੂਏਲ ਮਸੀਹ, ਇੱਕ ਈਸਾਈ, ਇਸ ਪਿੰਡ ਦਾ ਸਰਪੰਚ ਹੈ। ਉਨ੍ਹਾਂ ਅਨੁਸਾਰ ਇਸ ਪਿੰਡ ਦੇ ਕਰੀਬ 30 ਫੀਸਦੀ ਵੋਟਰ ਈਸਾਈ ਹਨ। ਸਰਹੱਦ ਦੇ ਬਿਲਕੁਲ ਨੇੜੇ ਸਥਿਤ ਇੱਕ ਹੋਰ ਪਿੰਡ ਅਵਾਨ ਹੈ। ਕਰੀਬ 10,000 ਦੀ ਆਬਾਦੀ ਵਾਲਾ ਇਹ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਵਿਧਾਨ ਸਭਾ ਹਲਕੇ ਦਾ ਸਭ ਤੋਂ ਵੱਡਾ ਪਿੰਡ ਹੈ। ਇਸ ਪਿੰਡ ਵਿੱਚ ਚਾਰ ਚਰਚ ਹਨ।

ਗੁਰਦਾਸਪੁਰ ਜ਼ਿਲ੍ਹਾ, ਜੋ ਕਿ ਪੰਜਾਬ ਦੇ ਮਾਝਾ ਖੇਤਰ ਵਿੱਚ ਸਥਿਤ ਹੈ, ਪੱਛਮੀ ਪੰਜਾਬ (ਪਾਕਿਸਤਾਨ) ਦੇ ਨਾਰੋਵਾਲ ਜ਼ਿਲ੍ਹੇ ਦੀ ਸਰਹੱਦ ਨਾਲ ਲੱਗਦਾ ਹੈ। 2011 ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀ ਕੁੱਲ ਆਬਾਦੀ ਦਾ 7.68 ਪ੍ਰਤੀਸ਼ਤ, ਪੰਜਾਬ ਦੇ ਇਸ ਜ਼ਿਲ੍ਹੇ ਵਿੱਚ ਈਸਾਈਆਂ ਦੀ ਪ੍ਰਤੀਸ਼ਤਤਾ ਅਨੁਸਾਰ ਆਬਾਦੀ ਸਭ ਤੋਂ ਵੱਧ ਸੀ। ਇਸ ਜ਼ਿਲ੍ਹੇ ਵਿੱਚ ਕਈ ਪਿੰਡਾਂ ਵਿੱਚ ਛੱਤਾਂ 'ਤੇ ਚਰਚ ਸਥਾਪਿਤ ਕੀਤੇ ਗਏ ਹਨ। ਇੱਥੋਂ ਤੱਕ ਕਿ ਕਈ ਪਿੰਡਾਂ ਵਿੱਚ ਸਥਾਨਕ ਈਸਾਈਆਂ ਨੂੰ ਉੱਚੀ-ਉੱਚੀ ਆਵਾਜ਼ ਵਿੱਚ "ਰੱਬਾ ਰੱਬਾ ਰੱਬਾ, ਪਿਤਾ ਪ੍ਰਮੇਸ਼ਵਰ ਤੇਰੀ ਆਤਮਾ ਰਹੇ...। ਰੱਬਾ ਰੱਬਾ ਰੱਬਾ ਰੱਬਾ ਰੱਬਾ..." ਗਾਉਂਦੇ ਸੁਣਿਆ ਜਾ ਸਕਦਾ ਹੈ।

ਯੂਨਾਈਟਿਡ ਕ੍ਰਿਸਚੀਅਨ ਫਰੰਟ (ਇੱਕ ਸਮੂਹ ਜਿਸ ਦੀਆਂ ਪੰਜਾਬ ਦੇ ਲਗਭਗ 8,000 ਪਿੰਡਾਂ ਵਿੱਚ ਕਮੇਟੀਆਂ ਹਨ) ਦੇ ਪੰਜਾਬ ਸੂਬਾ ਪ੍ਰਧਾਨ ਕਮਲ ਬਖਸ਼ੀ ਅਨੁਸਾਰ ਅੰਮ੍ਰਿਤਸਰ ਅਤੇ ਗੁਰਦਾਸਪੁਰ- ਦੋ ਜ਼ਿਲ੍ਹਿਆਂ ਵਿੱਚ ਲਗਭਗ 700 ਚਰਚ ਹਨ। ਅਸਲ ਵਿੱਚ ਹੁਣ ਸਿਰਫ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ ਕਰੀਬ 700 ਚਰਚ ਕੰਮ ਕਰ ਰਹੇ ਹਨ। ਕਮਲ ਬਖਸ਼ੀ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ 60 ਤੋਂ 70 ਫੀਸਦੀ ਚਰਚ ਪਿਛਲੇ ਪੰਜ ਸਾਲਾਂ ਦੌਰਾਨ ਸਥਾਪਿਤ ਕੀਤੇ ਗਏ ਹਨ।

### ਪੰਜਾਬ 'ਚ ਈਸਾਈਆਂ ਦੇ ਵੱਡੇ ਸੰਮੇਲਨ

ਅੰਮ੍ਰਿਤਸਰ ਵਿੱਚ 5 ਜੁਲਾਈ 2022 ਨੂੰ ਈਸਾਈਆਂ ਦਾ ਇੱਕ ਸੰਮੇਲਨ ਹੋਇਆ ਸੀ, ਜਿੱਥੇ ਪੰਜਾਬ ਦੇ ਲੱਖਾਂ ਈਸਾਈ ਮੌਜੂਦ ਸਨ। ਇਹ ਸੰਮੇਲਨ ਅੰਕੁਰ ਨਰੂਲਾ ਦੀ ਈਸਾਈ ਸੰਸਥਾ ਵੱਲੋਂ ਕਰਵਾਇਆ ਗਿਆ ਸੀ। ਅੰਮ੍ਰਿਤਸਰ ਵਿੱਚ ਹੋਏ ਇਸ ਮਹੱਤਵਪੂਰਨ ਸੰਮੇਲਨ ਤੋਂ ਕੁੱਝ ਦਿਨ ਪਹਿਲਾਂ ਯਾਨਿ 31 ਮਈ 2022 ਨੂੰ ਗੁਰਦਾਸਪੁਰ ਵਿਖੇ ਵੀ ਇੱਕ ਵਿਸ਼ਾਲ ਸੰਮੇਲਨ ਦਾ ਪ੍ਰਬੰਧ ਕੀਤਾ ਗਿਆ ਸੀ, ਜਿੱਥੇ ਪੰਜਾਬ ਦੇ ਕਰੀਬ 5 ਲੱਖ ਈਸਾਈ ਮੌਜੂਦ ਸਨ।

**ਮਰਦਮਸ਼ੁਮਾਰੀ:** 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਪੰਜਾਬ ਦੀ ਕੁੱਲ ਸਿੱਖ ਆਬਾਦੀ ਦਾ ਲਗਭਗ ਇੱਕ ਤਿਹਾਈ ਹਿੱਸਾ ਹਨ ਅਤੇ ਰਾਜ ਵਿੱਚ ਅਨੁਸੂਚਿਤ ਜਾਤੀ ਦੇ ਹਿੰਦੂਆਂ ਨਾਲੋਂ ਅਨੁਸੂਚਿਤ ਜਾਤੀਆਂ ਦੇ ਸਿੱਖ ਵਧੇਰੇ ਹਨ। ਇਨ੍ਹਾਂ ਵਿੱਚ ਸਭ ਤੋਂ ਵੱਧ ਆਬਾਦੀ ਮਜ਼੍ਹਬੀ ਸਿੱਖਾਂ ਦੀ ਹੈ, ਜੋ ਜਾਤ ਦੀ ਪੌੜੀ ਤੋਂ ਸਭ ਤੋਂ ਨੀਵੇਂ ਪੈਰੀਂ ਆਉਂਦੇ ਹਨ। ਉਹ ਸਿੱਖਾਂ ਵਿੱਚ ਅਤੇ ਪੰਜਾਬ ਦੇ ਸਾਰੇ ਅਨੁਸੂਚਿਤ ਜਾਤੀਆਂ ਵਿੱਚ ਵੀ ਅਨੁਸੂਚਿਤ ਜਾਤੀਆਂ ਦਾ ਸਭ ਤੋਂ ਵੱਡਾ ਹਿੱਸਾ ਹਨ।

ਦਲਿਤ/ਮਜ਼੍ਹਬੀ ਸਿੱਖ ਦਾ ਵਿਚਾਰ ਬਿਲਕੁਲ ਗਲਤ ਹੈ, ਕਿਉਂਕਿ ਸਿੱਖ ਧਰਮ ਨੂੰ ਜਾਤ-ਰਹਿਤ ਧਰਮ ਮੰਨਿਆ ਜਾਂਦਾ ਹੈ। ਫਿਰ ਵੀ ਇਹ ਹਕੀਕਤ ਹੈ ਕਿ ਸਿੱਖ ਅੱਜ ਕਈ ਜਾਤਾਂ ਵਿੱਚ ਵੰਡੇ ਹੋਏ ਹਨ।

ਲਗਭਗ 103 ਸਾਲ ਪਹਿਲਾਂ 12 ਅਕਤੂਬਰ 1920 ਨੂੰ, ਦਲਿਤ ਸਿੱਖਾਂ ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਵਿਖੇ ਨਿਰਵਿਘਨ ਪ੍ਰਵੇਸ਼ ਕਰਨ ਅਤੇ ਕੜਾਹ ਪ੍ਰਸ਼ਾਦ ਚੜ੍ਹਾਉਣ ਦੀ ਆਗਿਆ ਦਿੱਤੀ ਗਈ ਸੀ। ਉਸ ਇਤਿਹਾਸਕ ਘਟਨਾ ਦਾ ਸ਼੍ਰੋਮਣੀ ਕਮੇਟੀ ਦੇ ਗਠਨ ਵਿੱਚ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ।

ਉਘੇ ਲੇਖਕ ਗੁਰਤੇਜ ਸਿੰਘ ਅਨੁਸਾਰ ਸਿੱਖ ਆਗੂ ਮਾਸਟਰ ਤਾਰਾ ਸਿੰਘ ਨੇ 1950 ਦੇ ਦਹਾਕੇ ਵਿੱਚ ਸਿੱਖਾਂ ਵਿੱਚੋਂ ਕੁੱਝ ਜਾਤਾਂ ਨੂੰ ਅਨੁਸੂਚਿਤ ਜਾਤੀ ਦੀ ਸੂਚੀ ਵਿੱਚ ਸ਼ਾਮਲ ਕਰਵਾਇਆ ਸੀ, ਕਿਉਂਕਿ ਹਿੰਦੂ 'ਨੀਵੀਆਂ ਜਾਤਾਂ' ਵਿੱਚੋਂ ਸਿੱਖ ਧਰਮ ਵਿੱਚ ਸ਼ਾਮਲ ਹੋਣ ਵਾਲੇ ਲੋਕ ਅਜੇ ਵੀ ਆਰਥਿਕ ਤੌਰ 'ਤੇ ਕਾਫੀ ਹੱਦ ਤੱਕ ਵਾਂਝੇ ਸਨ। ਆਪਣੇ ਆਰਥਿਕ ਵਿਕਾਸ ਲਈ ਰਾਖਵੇਂਕਰਨ ਦੇ ਲਾਭ ਦੇ ਉਹ ਹੱਕਦਾਰ ਸਨ। ਮਾਸਟਰ ਤਾਰਾ ਸਿੰਘ ਨੇ ਮਹਿਸੂਸ ਕੀਤਾ ਹੋਵਗਾ ਕਿ ਜੇ ਸਿੱਖ ਹੋਣ ਦੇ ਨਾਤੇ, ਉਹ ਅਨੁਸੂਚਿਤ ਜਾਤੀ ਦੇ ਲਾਭ ਪ੍ਰਾਪਤ ਨਹੀਂ ਕਰ ਸਕਦੇ, ਤਾਂ ਉਹ ਲਾਭ ਲੈਣ ਲਈ ਹਿੰਦੂ ਧਰਮ ਵਿੱਚ ਪਰਤ ਸਕਦੇ ਸਨ।

### ਕਥਿਤ 'ਨੀਵੀਆਂ ਜਾਤਾਂ' ਦੇ ਉੱਘੇ ਸਿੱਖ

ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਨੁਸੂਚਿਤ ਜਾਤੀ ਦੇ ਪਿਛੋਕੜ ਵਾਲੇ ਹਨ। ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਰਾਮਦਾਸੀਆ ਭਾਈਚਾਰੇ ਦੇ ਦਲਿਤ ਸਿੱਖ ਹਨ। ਐਸ.ਜੀ.ਪੀ.ਸੀ. ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਪਿਛੜੇ ਵਰਗ ਦੇ ਪਿਛੋਕੜ ਤੋਂ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਹਰਪਾਲ ਸਿੰਘ ਚੀਮਾ, ਇੱਕ ਐਸ.ਸੀ. ਸਿੱਖ ਹਨ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਐਸ.ਸੀ. ਪਿਛੋਕੜ ਵਾਲੇ ਕੁਝ ਸਿੱਖ ਮਹੱਤਵਪੂਰਨ ਅਹੁਦਿਆਂ 'ਤੇ ਬਿਰਾਜਮਾਨ ਸਨ, ਪਰ ਇਹ ਹਮੇਸ਼ਾ ਇਸ ਤਰ੍ਹਾਂ ਨਹੀਂ ਰਿਹਾ। ਨਿਰਮਲ ਸਿੰਘ, ਜੋ ਕਿ ਬਹੁਤ ਹੀ ਧਰਮੀ ਅਤੇ ਵਿਦਵਾਨ ਵਿਅਕਤੀ ਸੀ, ਨੂੰ ਹਰਿਮੰਦਰ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਸਿਰਫ਼ ਇਸ ਲਈ ਇਨਕਾਰ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਮਜ਼੍ਹਬੀ ਸਿੱਖ ਸਨ।

### ਸਮਾਪਤੀ ਟਿੱਪਣੀ

ਜਦੋਂ ਪੰਜਾਬ ਵਿੱਚ ਇਸਾਈ ਮਿਸ਼ਨਰੀਆਂ ਵੱਲੋਂ ਧਰਮ ਪਰਿਵਰਤਨ ਵਿਰੁੱਧ ਸਿੱਖਾਂ ਵੱਲੋਂ ਵੱਡੇ ਪੱਧਰ 'ਤੇ ਰੌਲਾ ਪਾਇਆ ਗਿਆ ਤਾਂ ਹੀ ਸ਼੍ਰੋਮਣੀ ਕਮੇਟੀ ਆਪਣੀ ਨੀਂਦ ਤੋਂ ਜਾਗੀ। ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਐਲਾਨ ਕੀਤਾ ਸੀ ਕਿ ਸਿੱਖ ਪ੍ਰਚਾਰਕਾਂ ਦੀਆਂ ਤਕਰੀਬਨ 150 ਟੀਮਾਂ (ਹਰ ਟੀਮਾਂ ਵਿੱਚ ਸੱਤ ਪ੍ਰਚਾਰਕ) ਪੰਜਾਬ ਦੇ ਮਾਝਾ, ਮਾਲਵਾ ਅਤੇ ਦੁਆਬਾ ਖੇਤਰਾਂ ਵਿੱਚ ਭੇਜੀਆਂ ਗਈਆਂ ਹਨ। ਐਸ.ਜੀ.ਪੀ.ਸੀ. ਦੀ ਮੁਹਿੰਮ ਦਾ ਨਾਂ 'ਘਰ ਘਰ ਅੰਦਰ ਧਰਮਸ਼ਾਲ' ਰੱਖਿਆ ਗਿਆ ਹੈ, ਜਿਸ ਦਾ ਅਰਥ ਹੈ 'ਹਰ ਘਰ ਦੇ ਅੰਦਰ ਪਵਿੱਤਰ ਅਸਥਾਨ।' ਅਕਾਲ ਤਖਤ ਦੇ ਜਥੇਦਾਰ ਨੇ ਸਿੱਖਾਂ ਨੂੰ ਅੱਗੇ ਆਉਣ ਅਤੇ ਪੂਰੀ ਤਾਕਤ ਨਾਲ ਇਸ ਖਤਰੇ ਦਾ ਟਾਕਰਾ ਕਰਨ ਲਈ ਕਿਹਾ।

ਪੰਜਾਬ ਦੇ ਗਰੀਬ ਅਤੇ ਅਨਪੜ੍ਹ ਦਲਿਤ ਸਿੱਖ ਲੰਮੇ ਸਮੇਂ ਤੋਂ ਸੰਤਾਪ ਭੋਗ ਰਹੇ ਹਨ। ਉਨ੍ਹਾਂ ਦੀ ਗਰੀਬੀ ਅਤੇ ਅਨਪੜਤ੍ਹਾ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਆਸਾਨ ਨਿਸ਼ਾਨਾ ਬਣਾਉਂਦੀ ਹੈ, ਖਾਸ ਤੌਰ 'ਤੇ ਜੱਟ ਸਿੱਖਾਂ ਨੇ ਬਹੁਤ ਲੰਬੇ ਸਮੇਂ ਤੋਂ ਉਨ੍ਹਾਂ ਦਾ ਅਪਮਾਨ ਅਤੇ ਸ਼ੋਸ਼ਣ ਕੀਤਾ ਹੈ। ਜੱਟ ਸਿੱਖਾਂ ਨੂੰ ਆਪਣੇ ਤਰੀਕੇ ਬਦਲਣ ਅਤੇ ਦਲਿਤ ਸਿੱਖਾਂ ਨਾਲ ਇੱਜ਼ਤ ਤੇ ਸਤਿਕਾਰ ਨਾਲ ਪੇਸ਼ ਆਉਣ ਲਈ ਮਨਾਉਣ ਲਈ ਸਾਰੇ ਯਤਨ ਕੀਤੇ ਜਾਣੇ ਚਾਹੀਦੇ ਹਨ।

ਪੰਜਾਬ ਦੇ ਦਲਿਤ ਅਤੇ ਘੱਟ ਗਿਣਤੀ ਸੰਗਠਨ ਦੇ ਮੁਖੀ ਡਾ. ਕਸ਼ਮੀਰ ਸਿੰਘ ਨੇ ਕਿਹਾ: "ਸਾਨੂੰ ਅਜਿਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਦਲਿਤ ਭਾਈਚਾਰੇ ਦੇ ਐਸ.ਜੀ.ਪੀ.ਸੀ. ਪ੍ਰਚਾਰਕਾਂ ਅਤੇ ਐਸ.ਜੀ.ਪੀ.ਸੀ. ਤੇ ਇਸ ਦੀਆਂ ਸੰਸਥਾਵਾਂ ਵਿੱਚ ਵਧੇਰੇ ਦਲਿਤ ਪ੍ਰਤੀਨਿਧਤਾ ਦੀ ਲੋੜ ਹੈ।... ਅਕਾਲ ਤਖਤ ਤੋਂ ਕਿਸੇ ਵੀ ਵਿਤਕਰੇ ਵਿਰੁੱਧ ਸਖਤ ਆਦੇਸ਼ ਜਾਰੀ ਕੀਤਾ ਜਾਣਾ ਚਾਹੀਦਾ ਹੈ।... ਉਨ੍ਹਾਂ (ਦਲਿਤ ਸਿੱਖਾਂ) ਨੂੰ ਐਸ.ਜੀ.ਪੀ.ਸੀ. ਦੇ ਅਧੀਨ ਸਾਰੇ ਵਿਦਿਅਕ ਅਦਾਰਿਆਂ ਵਿੱਚ ਮੁਫਤ ਸਿੱਖਿਆ ਮਿਲਣੀ ਚਾਹੀਦੀ ਹੈ।"

ਪੰਜਾਬ ਦੀਆਂ ਲਗਾਤਾਰ ਸਰਕਾਰਾਂ ਸਮਾਜਿਕ ਵਿਤਕਰੇ ਅਤੇ ਨਿਆਂ ਵਿੱਚ ਬਰਾਬਰੀ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੀਆਂ ਹਨ, ਖਾਸ ਕਰਕੇ ਦਲਿਤ ਸਿੱਖਾਂ ਦੇ ਸੰਦਰਭ ਵਿਚ। ਕੀ ਅਸੀਂ ਹੁਣ ਪੰਜਾਬ ਸਰਕਾਰ ਤੋਂ ਵਧੀਆ ਹੁੰਗਾਰੇ ਦੀ ਉਮੀਦ ਕਰ ਸਕਦੇ ਹਾਂ?

ਅਨੈਤਿਕ ਅਤੇ ਇਤਰਾਜ਼ਯੋਗ ਧਰਮ ਪਰਿਵਰਤਨ ਨੂੰ ਰੋਕਣ ਲਈ ਯੂ.ਪੀ., ਐਮ.ਪੀ., ਗੁਜਰਾਤ, ਤਾਮਿਲਨਾਡੂ, ਉੜੀਸਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਵੱਖ-ਵੱਖ ਰਾਜਾਂ ਨੇ 'ਧਰਮ ਦੀ ਆਜ਼ਾਦੀ ਐਕਟ' ਨਾਮਕ ਕਾਨੂੰਨ ਬਣਾਏ ਹਨ। ਉਪਰੋਕਤ ਪ੍ਰਾਂਤਾਂ ਵਿੱਚ ਇਤਿਹਾਸਕ ਕਾਨੂੰਨ ਪਾਸ ਹੋਣ ਤੋਂ ਬਾਅਦ ਰਾਜਾਂ ਵਿੱਚ ਈਸਾਈ ਅਤੇ ਇਸਲਾਮ ਵਿੱਚ ਧਰਮ ਪਰਿਵਰਤਨ ਵਿੱਚ ਭਾਰੀ ਗਿਰਾਵਟ ਦੇਖੀ ਗਈ ਹੈ।

ਬਹੁਤ ਸਾਰੇ ਸਿੱਖ ਕਾਰਕੁਨ/ਬੁੱਧੀਜੀਵੀ ਅਤੇ ਕਈ ਸਿੱਖ ਜਥੇਬੰਦੀਆਂ ਇਹ ਵੀ ਮਹਿਸੂਸ ਕਰਦੀਆਂ ਹਨ ਕਿ ਅਜਿਹਾ ਕਾਨੂੰਨ ਪੰਜਾਬ ਵਿੱਚ ਵੀ ਬਿਨਾ ਕਿਸੇ ਦੇਰੀ ਦੇ ਲਾਗੂ ਕੀਤੇ ਜਾਣ ਦੀ ਲੋੜ ਹੈ। ਇਹ ਉਪਾਅ ਨਿਸ਼ਚਿਤ ਤੌਰ 'ਤੇ ਵੱਡੇ ਪੱਧਰ ਉਤੇ ਦਲਿਤ ਸਿੱਖਾਂ ਦੇ ਈਸਾਈ ਧਰਮ ਵਿੱਚ ਪਰਿਵਰਤਨ ਨੂੰ ਰੋਕਣ ਵਿੱਚ ਬਹੁਤ ਮਦਦਗਾਰ ਹੋਵੇਗਾ।

ਇੱਕ ਮਹੱਤਵਪੂਰਨ ਅੰਤਰਰਾਸ਼ਟਰੀ ਸਿੱਖ ਕਨਫੈਡਰੇਸ਼ਨ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਪੰਜਾਬ ਲਈ ਇੱਕ ਡਰਾਫਟ ਕਾਨੂੰਨ ਤਿਆਰ ਕੀਤਾ ਹੈ, ਇਸ ਨੂੰ ਪੰਜਾਬ ਧਰਮ ਦੀ ਆਜ਼ਾਦੀ ਐਕਟ ਵੀ ਕਿਹਾ ਜਾਂਦਾ ਹੈ। ਇਹ ਮੌਜੂਦਾ ਵੱਖ-ਵੱਖ ਭਾਰਤੀ ਰਾਜਾਂ ਦੁਆਰਾ ਪਹਿਲਾਂ ਹੀ ਪਾਸ ਕੀਤੇ ਸਬੰਧਤ ਕਾਨੂੰਨਾਂ 'ਤੇ ਆਧਾਰਤ ਹੈ। ਗਲੋਬਲ ਸਿੱਖ ਕੌਂਸਲ ਨੇ ਐਸ.ਜੀ.ਪੀ.ਸੀ. ਨੂੰ ਪੰਜਾਬ ਲਈ ਜਲਦੀ ਤੋਂ ਜਲਦੀ ਅਜਿਹਾ ਕਾਨੂੰਨ ਬਣਾਉਣ ਲਈ ਜ਼ੋਰ ਦੇਣ ਦੀ ਅਪੀਲ ਕੀਤੀ ਹੈ।

ਸਾਹਿਤਕ ਮੁਲਾਕਾਤ

ਦਿਲਜੀਤ ਸਿੰਘ ਬੇਦੀ
ਫੋਨ: +91-76579-68570



*ਸਾਹਿਤਕ ਹਲਕਿਆਂ ਵਿੱਚ ਸ. ਸੁਲੱਖਣ ਸਰਹੱਦੀ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਹ ਅਦਬੀ ਸਾਹਿਤਕਾਰਾਂ ਵਿੱਚੋਂ ਇੱਕ ਹਨ। ਜਿਨ੍ਹਾਂ ਨੇ ਉਨ੍ਹਾਂ ਦੀਆਂ ਲਿਖਤਾਂ ਪੜ੍ਹੀਆਂ ਹਨ ਜਾਂ ਜਿਹੜੇ ਉਨ੍ਹਾਂ ਦੇ ਕਰੀਬੀ ਰਹੇ ਹਨ, ਉਹ ਸ. ਸੁਲੱਖਣ ਸਰਹੱਦੀ ਦੀ ਸ਼ਖ਼ਸੀਅਤ ਤੋਂ ਭਲੀਭਾਂਤ ਵਾਕਿਫ ਹਨ। ਨਾਮੀ ਲੇਖਕ ਸ. ਦਿਲਜੀਤ ਸਿੰਘ ਬੇਦੀ ਨੇ ਸ. ਸੁਲੱਖਣ ਸਰਹੱਦੀ ਨਾਲ ਇੱਕ ਲੰਮੀ ਸਾਹਿਤਕ ਮੁਲਾਕਾਤ ਕੀਤੀ ਹੈ। ਅਸੀਂ ਇਹ ਮੁਲਾਕਾਤ ਦੋ ਕਿਸ਼ਤਾਂ ਵਿੱਚ ਛਾਪ ਰਹੇ ਹਾਂ। ਪੇਸ਼ ਹੈ, ਪਹਿਲਾ ਹਿੱਸਾ...*

# ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਤੇ ਸਾਹਿਤਕਾਰ:ਸੁਲੱਖਣ ਸਰਹੱਦੀ

**1. ਉਹ ਕਿਹੜੀ ਘੜੀ ਸੀ, ਜਦੋਂ ਸਾਹਿਤ ਦਾ ਇਸ਼ਕ ਲੱਗਾ?**

–ਮੇਰੀ ਮਾਂ ਅਕਾਲੀਆਂ ਦੀ ਧੀ ਸੀ। ਅਕਾਲੀ ਮੋਰਚਿਆਂ ਨਾਲ ਉਸਨੂੰ ਜਜ਼ਬਾਤੀ ਮੋਹ ਸੀ। ਉਹ ਧਾਰਮਿਕ ਅਕੀਦਿਆਂ ਵਾਲੀ ਸੀ। ਭਾਵੇਂ ਉਹ ਬਾਕਾਇਦਾ ਸਕੂਲ ਨਹੀਂ ਸੀ ਪੜ੍ਹੀ, ਪਰ ਘਰ ਵਿੱਚ ਉਸਨੇ 'ਗੁਰਮੁਖੀ' ਪੜ੍ਹੀ ਸੀ। ਉਸਨੇ ਰਾਜ ਖਾਲਸਾ, ਤੇਜ ਖਾਲਸਾ, ਪੰਜ ਗ੍ਰੰਥੀ, ਜਨਮ ਸਾਖੀ ਭਾਈ ਬਾਲਾ ਜੀ, ਜ਼ਿੰਦਗੀ ਬਿਲਾਸ ਦਯਾ ਸਿੰਘ ਆਦਿ ਦਰਜਨਾਂ ਪੁਸਤਕਾਂ ਪੜ੍ਹੀਆਂ ਤੇ ਸਾਂਭੀਆਂ ਹੋਈਆਂ ਸਨ। ਮੇਰਾ ਮਾਮਾ ਸੂਰਤ ਸਿੰਘ ਸੰਧੂ, ਪ੍ਰੋ. ਮੋਹਣ ਸਿੰਘ ਦਾ ਸਮਕਾਲੀ ਸੀ ਅਤੇ ਕਵਿਤਾ ਲਿਖਦਾ ਸੀ। ਉਸ ਨੇ ਇੱਕ ਵਾਰੀ ਪ੍ਰੋ. ਮੋਹਣ ਸਿੰਘ ਨਾਲ ਇੱਕ ਹੀ ਸਟੇਜ ਤੋਂ ਕਵੀ ਦਰਬਾਰ ਕੀਤਾ ਸੀ। ਇਹ ਗੱਲ ਮੇਰੀ ਮਾਂ ਮੈਨੂੰ ਬੜੇ ਮਾਣ ਨਾਲ ਸੁਣਾਉਂਦੀ ਸੀ। ਮੇਰੀ ਮਾਂ ਨੇ ਆਪਣੇ ਵੀਰ ਦੀਆਂ ਕਈ ਕਵਿਤਾਵਾਂ ਜ਼ੁਬਾਨੀ ਯਾਦ ਕੀਤੀਆਂ ਹੋਈਆਂ ਸਨ। ਉਹ ਮੈਨੂੰ ਤੇ ਨਿੱਕੇ ਭਰਾ ਮੱਖਣ ਨੂੰ ਇਹ ਕਵਿਤਾਵਾਂ ਸੁਣਾਉਂਦੀ। ਮੈਨੂੰ ਲੱਗਦਾ ਕਿ ਕਵਿਤਾ ਲਿਖਣੀ ਵੀ ਵਡਿਆਈ ਦਾ ਕਾਰਜ ਹੈ- ਜਿਵੇਂ ਵੱਡਾ ਪਹਿਲਵਾਨ ਹੋਣਾ, ਮਸ਼ਹੂਰ ਖਿਡਾਰੀ ਹੋਣਾ ਜਾਂ ਵੱਡਾ ਗਵੱਈਆ ਹੋਣਾ। ਮੇਰੇ ਪਿਤਾ ਜੀ ਨੂੰ ਪੰਜ ਬਾਣੀਆਂ ਜ਼ੁਬਾਨੀ ਕੰਠ ਸਨ। ਬਹੁਤ ਸਾਰੀਆਂ ਨੀਤੀ ਕਵਿਤਾਵਾਂ ਵੀ ਜ਼ੁਬਾਨੀ ਯਾਦ ਸਨ। ਉਹ ਵੀ ਸਾਨੂੰ ਜ਼ੁਬਾਨੀ ਕਵਿਤਾਵਾਂ ਸੁਣਾਉਂਦੇ। ਮੈਨੂੰ ਲੱਗਦਾ ਹੈ ਕਿ ਕਵਿਤਾ ਵੱਲ ਮੇਰਾ ਰੁਚਿਤ ਹੋਣਾ ਮੇਰੀ ਮਾਂ ਕਰਕੇ ਸੀ, ਕਿਉਂਕਿ ਮੈਂ ਆਪਣੀ ਮਾਂ ਨੂੰ ਖੁਸ਼ ਕਰਨਾ ਚਾਹੁੰਦਾ ਸਾਂ। ਮੈਂ ਅਜੇ ਚੌਥੀ ਵਿੱਚ ਪੜ੍ਹਦਾ ਸਾਂ, ਜਦੋਂ ਮੈਂ ਬਾਲੋ ਮਾਹੀਆ ਦੇ ਨਵੇਂ ਟੱਪੇ ਜੋੜ ਕੇ ਆਪਣੇ ਜਮਾਤੀ ਮੁੰਡਿਆਂ ਨੂੰ ਹੈਰਾਨ ਕੀਤਾ।

ਪਿਤਾ ਜੀ ਦੀ ਨਿੱਕੀ ਕਿਸਾਨੀ ਸੀ। ਅਸੀਂ ਸੱਤ ਭੈਣ-ਭਰਾ ਸਾਂ। ਨਿੱਕੇ ਭਰਾਵਾਂ ਨੂੰ ਉੱਚੀ ਵਿਦਿਆ ਦਿਵਾਉਣ ਲਈ ਮੈਨੂੰ ਕਾਲਜ ਦਾਖਲ ਹੋਣ ਦੀ ਬਜਾਏ ਫੌਜ ਵਿੱਚ ਭਰਤੀ ਹੋਣਾ ਪਿਆ। ਪਿੰਡ ਦੇ ਮਿੱਤਰਾਂ/ਸਹੇਲੀਆਂ ਦੇ ਫੌਜੀ ਵਿਛੋੜੇ ਨੇ ਮੇਰੇ ਦਿਲ ਨੂੰ ਬਿਰਹਾ ਦੀ ਕਵਿਤਾ ਦੀ ਜਾਗ ਲਾਈ। ਦਰਜਨਾਂ ਕਾਪੀਆਂ ਲਿਖ-ਲਿਖ ਭਰੀ ਗਿਆ; ਪਰ ਵਿਖਾਈਆਂ ਕਿਸੇ ਨੂੰ ਨਾ। ਛੁੱਟੀ ਆਇਆ ਤਾਂ ਕੁਝ ਕਵਿਤਾਵਾਂ ਮਾਂ ਨੂੰ ਸੁਣਾਈਆਂ। ਮਾਂ ਨੇ ਮੇਰੇ ਮਾਮੇ ਨੂੰ ਦੱਸਿਆ। ਮਾਮੇ ਨੇ ਮੇਰੀਆਂ ਕਾਪੀਆਂ ਘੋਖੀਆਂ ਤੇ ਮੇਰੀ ਮਾਂ ਨੂੰ ਵਧਾਈ ਦਿੱਤੀ। ਜਿਸ ਦੇ ਮੈਨੂੰ ਅੱਖਰ-ਅੱਖਰ ਯਾਦ ਨੇ। ਉਸ ਖੁਸ਼ ਹੁੰਦਿਆਂ ਕਿਹਾ ਸੀ, 'ਜੇਜਾਂ ਸਾਡਾ ਭਣੇਵਾਂ ਨਾਨਕਿਆਂ 'ਤੇ ਗਿਆ ਈ, ਕਿਸੇ ਦਿਨ ਵੱਡਾ ਕਵੀ ਬਣੂੰ।' ਮਾਮੇ ਨੇ ਮੈਨੂੰ ਇੱਕ ਕਾਲਾ ਪੈੱਨ, ਜਿਸ 'ਤੇ 'ਬਲੈਕ ਬਰ' ਲਿਖਿਆ ਹੋਇਆ ਸੀ, ਇਨਾਮ ਵਿੱਚ ਦਿੱਤਾ ਤੇ ਕਿਹਾ, 'ਹਜ਼ਾਰ ਕਿਤਾਬ ਪੜ੍ਹੇਂਗਾ ਤਾਂ ਇੱਕ ਕਿਤਾਬ ਲਿਖੇਂਗਾ। ਮੈਂ ਫੌਜ ਵਿੱਚ ਲਾਇਬ੍ਰੇਰੀ ਦਾ ਇੰਚਾਰਜ ਲੱਗ ਗਿਆ। ਢੇਰਾਂ ਦੇ ਢੇਰ ਕਿਤਾਬਾਂ ਤੇ ਰਸਾਲੇ ਸਨ। ਪਰ ਫੌਜੀ ਮੁੰਡੇ ਪੜ੍ਹਦੇ ਹੀ ਨਾ। ਮੈਂ ਲਾਇਬ੍ਰੇਰੀ ਦੀਆਂ ਸਾਰੀਆਂ ਪੰਜਾਬੀ ਤੇ ਹਿੰਦੀ ਕਿਤਾਬਾਂ ਪੜ੍ਹ ਸੁੱਟੀਆਂ। ਧਰਮ ਯੁੱਗ ਹਿੰਦੀ ਦਾ ਰਸਾਲਾ ਬੜਾ ਮਿਆਰੀ ਸੀ। ਉਸ ਵਿੱਚ ਗ਼ਜ਼ਲਾਂ ਛਪਦੀਆਂ। ਮੈਂ ਆਪਣੇ ਅਣਚੇਤਨ ਵਿੱਚ ਸ਼ੇਅਰ ਕਹਿਣ ਲੱਗਾ। ਆਲ ਇੰਡੀਆ ਰੇਡੀਓ ਉੱਤੇ ਰੰਗ-ਏ-ਤਗੱਜ਼ਲ ਪ੍ਰੋਗਰਾਮ ਮੇਰਾ ਪੈੱਟ ਸੀ। ਸਾਡੀ ਲਾਇਬ੍ਰੇਰੀ ਵਿੱਚ ਹਿੰਦੀ ਅਤੇ ਪੰਜਾਬੀ ਦੇ 20-25 ਸਾਹਿਤਕ ਰਸਾਲੇ ਆਉਂਦੇ ਸਨ। ਮੈਂ ਇਹ ਸਾਰੇ ਪੜ੍ਹਦਾ ਅਤੇ ਸੁਪਨੇ ਲੈਂਦਾ ਕਿ ਕਾਸ਼ ਕਦੇ ਮੇਰਾ ਵੀ ਨਾਮ ਇਨ੍ਹਾਂ ਰਸਾਲਿਆਂ ਵਿੱਚ ਛਪੇ, ਪਰ ਸੰਨ 63 ਤੋਂ ਲੈ ਕੇ ਅਗਲੇ 15 ਸਾਲ ਮੈਂ ਸਾਹਿਤ ਦੀਆਂ ਕਿਤਾਬਾਂ ਵੀ ਪੜ੍ਹਦਾ ਰਿਹਾ ਅਤੇ ਸਿਲੇਬਸ ਦੀਆਂ ਵੀ।

ਮੈਂ ਗਿਆਨੀ 'ਚੋਂ ਪੰਜਾਬ ਭਰ 'ਚੋਂ ਦੂਜੇ ਨੰਬਰ 'ਤੇ ਰਿਹਾ। ਇਸ ਤੋਂ ਉਤਸ਼ਾਹਤ ਹੋ ਕੇ ਮੈਂ ਪ੍ਰਾਈਵੇਟ ਪੜ੍ਹਨ ਲੱਗਾ ਸਾਂ। ਫੌਜ ਵਿੱਚ ਮੈਂ ਦਸ ਸਾਲ ਸਰਹੱਦਾਂ ਉੱਤੇ ਬੰਦੂਕ ਮੋਢੇ 'ਤੇ ਟੰਗੀ ਕਲਮ ਚਲਾਉਂਦਾ ਰਿਹਾ ਹਾਂ। ਸੰਨ 65 ਤੇ 71 ਦੀਆਂ ਲੜਾਈਆਂ ਕਸ਼ਮੀਰ 'ਚ ਲੜੀਆਂ। ਸਰਹੱਦ ਉੱਤੇ ਰਹਿੰਦਿਆਂ ਸਰਹੱਦੀ ਹੋ ਗਿਆ। ਜਿਹੜੀ ਵੀ ਕਿਤਾਬ ਮੇਰੇ ਅੜਿਕੇ ਚੜ੍ਹੀ, ਮੈਂ ਉਸ ਨੂੰ ਪੜ੍ਹ ਕੇ ਛੱਡਿਆ। ਸੰਨ 1972 ਵਿੱਚ ਮੈਂ ਫੌਜ 'ਚੋਂ ਡਿਸਚਾਰਜ ਲੈ ਕੇ ਰਾਉ ਵਰਿੰਦਰ ਸਿੰਘ ਕਾਲਜ ਆਫ ਐਜੂਕੇਸ਼ਨ ਤੋਂ ਓ.ਟੀ. ਕਰਕੇ ਅਗਲੇ ਸਾਲ ਹੀ ਪੰਜਾਬੀ ਮਾਸਟਰ ਲੱਗ ਗਿਆ। ਇੱਥੇ ਆ ਕੇ ਤਾਂ ਜਿਵੇਂ ਮੈਂ ਸਾਹਿਤ ਦੀਆਂ ਕਿਤਾਬਾਂ ਦੀ ਜੂਨੇ ਹੀ ਪੈ ਗਿਆ। ਜਿਹੜੇ ਸਕੂਲ ਗਿਆ, ਮੈਂ ਲਾਇਬ੍ਰੇਰੀ ਦਾ ਸੁਧਾਰ ਕੀਤਾ। ਨਵੀਆਂ ਕਿਤਾਬਾਂ ਪਾਈਆਂ।

**2. ਤੁਸੀਂ ਕਵਿਤਾ ਵੀ ਲਿਖਦੇ ਹੋ ਅਤੇ ਗਜ਼ਲ ਵੀ। ਮੁਢਲਾ ਸਾਹਿਤਕ ਪ੍ਰਵੇਸ਼ ਕਿਸ ਵਿਧਾ ਨਾਲ ਹੋਇਆ ਅਤੇ ਕਦੋਂ?**

–ਸੰਨ 63 ਤੋਂ ਲੈ ਕੇ 73 ਤਕ ਮੈਂ ਆਪ ਮੁਹਾਰਤਾ ਨਾਲ ਲਿਖਦਾ ਰਿਹਾ ਸਾਂ। ਬਹੁਤ ਸਾਰੇ ਲੋਕ-ਗੀਤ ਲਿਖੇ। ਕਈ ਸਾਰੇ ਕਿੱਸੇ ਛਪਵਾਏ। ਅੰਮ੍ਰਿਤ ਪੁਸਤਕ ਭੰਡਾਰ ਅੰਮ੍ਰਿਤਸਰ ਅਜਿਹੇ ਕਿੱਸੇ ਬੜੇ ਛਾਪਦਾ ਸੀ। ਮੇਰੇ ਵੀ ਉਸਨੇ ਤਿੰਨ ਕਿੱਸੇ ਛਾਪੇ। ਉਥੋਂ ਹੀ ਮੈਂ ਇੱਕ ਕਵਿਤਾ ਦੀ ਕਿਤਾਬ 'ਪਿਆਸੇ ਸਾਵਣ' ਵੀ ਛਪਵਾਈ। ਇਹ ਸਾਰਾ ਕੁਝ ਆਪਣੇ ਪਰਿਵਾਰ ਤੇ ਨਵੀਂ ਵਿਆਹੀ ਵਹੁਟੀ ਦੇ ਹੇਰਵੇ ਦੀਆਂ ਕਵਿਤਾਵਾਂ ਸਨ। ਫੇਰ ਮੈਂ ਪ੍ਰਕਾਸ਼ਕ ਦੀ ਮੰਗ ਉੱਤੇ ਧਾਰਮਿਕ ਗੀਤ ਲਿਖੇ...।

ਸਰਕਾਰੀ ਅਧਿਆਪਕ ਬਣਨ ਉਪਰੰਤ ਮੈਂ ਅਧਿਆਪਕਾਂ ਦੀ ਵਿਦਿਆਰਥੀ ਜਥੇਬੰਦੀ ਦਾ ਮੈਂਬਰ ਬਣ ਗਿਆ। ਲੇਖਣੀ ਅਤੇ ਚਿੰਤਨ ਦੇ ਤੌਰ ਉੱਤੇ ਮੈਨੂੰ ਮਾਰਕਸੀ ਵਿਚਾਰਧਾਰਾ ਨੇ ਬੇਹੱਦ ਕਾਇਲ ਕੀਤਾ। ਮੈਂ ਇਸ ਉਪਰੰਤ ਜੋ ਵੀ ਕਵਿਤਾ ਲਿਖੀ, ਉਹ ਮਾਰਕਸੀ ਵਿਚਾਰਧਾਰਾ ਦੇ ਅਧੀਨ ਲਿਖੀ। ਮੇਰਾ ਸੁਪਨਾ ਇਨਕਲਾਬ ਰਿਹਾ।...

ਇੱਕ ਦੀਵਾਲੀ ਉੱਤੇ ਮੈਂ ਕੁਕਨੂਸ ਵਾਂਗ ਆਪਣੀਆਂ ਸਾਰੀਆਂ ਪੁਰਾਣੀਆਂ ਲਿਖਤਾਂ ਨੂੰ ਅੱਗ ਲਾ ਦਿੱਤੀ। ਕਿੰਨੇ ਸਾਰੇ ਕਿੱਸੇ ਤੇ ਕਿਤਾਬਾਂ ਸਾਰੇ ਸੜ ਗਏ। ਇਹ ਘਟਨਾ 1974 ਦੀ ਹੈ, ਜਦੋਂ ਮੈਂ ਬਾਕਾਇਦਾ ਕਮਿਊਨਿਸਟ ਬਣ ਗਿਆ ਸਾਂ। 1975 ਦਾ ਸਾਲ ਮੇਰਾ ਨਵ ਉਦੈ ਦਾ ਸਾਲ ਸੀ। ਮੈਂ ਕਵਿਤਾਵਾਂ ਅਤੇ ਗ਼ਜ਼ਲਾਂ ਨਾਲ ਮੁਲਾਜ਼ਮ ਜਥੇਬੰਦੀਆਂ ਨੂੰ ਸੰਬੋਧਨ ਹੋਇਆ। ਮੈਂ ਸੰਗਰਾਮੀ ਇਕੱਠਾਂ ਵਿੱਚ ਕ੍ਰਾਂਤੀਕਾਰੀ ਕਵਿਤਾਵਾਂ ਬੋਲਦਾ ਸਾਂ, ਪਰ ਸਾਹਿਤਕ ਤੌਰ ਉੱਤੇ ਮੈਂ ਗ਼ਜ਼ਲ ਵਿੱਚ ਇਨਕਲਾਬੀ ਸੁਰ ਭਰ ਰਿਹਾ ਸਾਂ। ਇਸ ਤਰ੍ਹਾਂ ਜੇ ਸਪੱਸ਼ਟ ਉੱਤਰ ਦੇਣਾ ਹੋਵੇ ਤਾਂ ਉਹ ਇਹ ਹੈ ਕਿ ਮੈਂ 1975 ਈ. ਤੋਂ ਬਾਕਾਇਦਾ ਤੇ ਮਾਨਤਾ ਦੇ ਤੌਰ ਉੱਤੇ ਸਾਹਿਤਕ ਹਲਕਿਆਂ ਵਿੱਚ ਇੱਕ ਗ਼ਜ਼ਲਕਾਰ ਦੇ ਤੌਰ ਉੱਤੇ ਪ੍ਰਵੇਸ਼ ਕੀਤਾ; ਪਰ ਲਿਖ ਮੈਂ 1965 ਤੋਂ ਹੀ ਰਿਹਾ ਸਾਂ।

**ਸੋਚੋ ਚੇਤਨ ਹੋ ਕੇ ਸੋਚੋ ਕਹਿਰ ਕਮਾਇਆ ਕਿਸ ਨੇ ਹੈ?**
**ਫਿਰ ਪੰਜਾਂ ਦਰਿਆਵਾਂ ਦੇ ਵਿੱਚ ਜ਼ਹਿਰ ਮਿਲਾਇਆ ਕਿਸ ਨੇ ਹੈ?**






**3. ਤੁਸੀਂ ਪਹਿਲੀ ਵਾਰ ਪੁਸਤਕ ਰੂਪ ਵਿੱਚ ਕਿਸ ਵਿਧਾ ਨਾਲ ਪ੍ਰਵੇਸ਼ ਕੀਤਾ ਅਤੇ ਕਦੋਂ?**

–ਸੰਨ 1975 ਤੋਂ ਮੈਂ ਸਾਹਿਤਕ ਹਲਕਿਆਂ ਵਿੱਚ ਇੱਕ ਗ਼ਜ਼ਲਕਾਰ ਦੇ ਤੌਰ ਉੱਤੇ ਥੋੜ੍ਹਾ ਪ੍ਰਸਿੱਧ ਹੋ ਗਿਆ ਸਾਂ। ਮੇਰੇ ਕੋਲ 150 ਵਧੀਆ ਗ਼ਜ਼ਲਾਂ ਜਮ੍ਹਾਂ ਹੋ ਗਈਆਂ ਸਨ, ਪਰ ਇਨ੍ਹਾਂ ਗ਼ਜ਼ਲਾਂ ਦੀ ਪੁਸਤਕ ਛਪਵਾਉਣ ਦਾ ਜੁਗਾੜ ਨਹੀਂ ਸੀ ਬਣ ਰਿਹਾ। ਉਂਵ ਮੈਨੂੰ ਚਾਅ ਬੜਾ ਸੀ ਕਿ ਮੇਰਾ ਵੀ ਗ਼ਜ਼ਲ ਸੰਗ੍ਰਹਿ ਹੋਵੇ। ਆਖਰ ਮੇਰਾ ਇਹ ਸੁਪਨਾ 1983 ਵਿੱਚ ਪੂਰਾ ਹੋਇਆ। ਰਵੀ ਸਾਹਿਤ ਪ੍ਰਕਾਸ਼ਨ ਦੇ ਸੁਹਿਰਦ ਪ੍ਰਕਾਸ਼ਕ ਸ. ਮੋਹਨ ਸਿੰਘ ਦੀ ਪਾਰਖੂ ਅੱਖ ਨੇ ਮੇਰੀਆਂ ਗ਼ਜ਼ਲਾਂ ਨੂੰ ਸੋਨਾ ਬਣਾ ਦਿੱਤਾ। ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ ਦਾ ਨਾਮ ਸੀ 'ਤੀਜੀ ਅੱਖ ਦਾ ਜਾਦੂ' ਅਤੇ ਇਸ ਵਿੱਚ 104 ਗ਼ਜ਼ਲਾਂ ਸਨ। 1983 ਵਿੱਚ ਮੈਂ ਪੰਜਾਬ ਵਿਚਲੇ ਸੰਤਾਪ ਅਤੇ ਨੈਕਸਲਾਈਟ ਵਿਚਾਰਧਾਰਾ ਦੇ ਖੱਬੇ ਕੁਰਾਹੇ ਬਾਰੇ ਚੰਗੀਆਂ ਗ਼ਜ਼ਲਾਂ ਕਹੀਆਂ ਸਨ। ਪੰਜਾਬ ਦੇ ਸੰਤਾਪ ਬਾਰੇ ਮੈਂ ਸ਼ਿਆਰ ਕਹੇ ਸਨ:

ਸੋਚੋ ਚੇਤਨ ਹੋ ਕੇ ਸੋਚੋ ਕਹਿਰ ਕਮਾਇਆ ਕਿਸ ਨੇ ਹੈ?

ਫਿਰ ਪੰਜਾਂ ਦਰਿਆਵਾਂ ਦੇ ਵਿੱਚ ਜ਼ਹਿਰ ਮਿਲਾਇਆ ਕਿਸ ਨੇ ਹੈ?

**4. ਗ਼ਜ਼ਲ ਲਿਖਣ ਦੀ ਪ੍ਰੇਰਨਾ/ਪਹਿਲੀ ਗ਼ਜ਼ਲ-ਪੁਸਤਕ?**

–ਪੰਜਾਬੀ ਮਾਸਟਰ ਦੀ ਮੁਢਲੀ ਟ੍ਰੇਨਿੰਗ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਚੋਣਵੇਂ ਵਿਦਿਆਰਥੀ ਦਾਖਲ ਹੋਣੇ ਸਨ। ਜੈਤੋ ਮੰਡੀ ਦੇ ਲਾਗਿਓਂ ਵੀ ਵਿਦਿਆਰਥੀ ਸਨ। ਇੱਕ ਜਨਾਬ ਦੀਪਕ ਜੈਤੋਈ ਜੀ ਦਾ ਸ਼ਾਗਿਰਦ ਵੀ ਸੀ। ਮੈਨੂੰ ਉਸਨੇ ਦੀਪਕ ਜੀ ਨਾਲ ਮਿਲਣ ਦੀ ਸਲਾਹ ਦਿੱਤੀ। ਮੈਂ ਉਨ੍ਹਾਂ ਨੂੰ ਜੈਤੋ ਜਾ ਕੇ ਮਿਲਿਆ ਅਤੇ ਗ਼ਜ਼ਲਾਂ ਦੀ ਲਗਨ ਬਾਰੇ ਦੱਸਿਆ। ਉਹ ਮੇਰੀ ਗ਼ਜ਼ਲ ਯੋਗਤਾ ਅਤੇ ਸ਼ੌਕ ਤੋਂ ਬਹੁਤ ਮੁਤਾਸਰ ਹੋਏ। ਉਨ੍ਹਾਂ ਨੇ ਮੈਨੂੰ ਆਪਣਾ ਸ਼ਾਗਿਰਦ ਮੰਨ ਲਿਆ। ਅੰਮ੍ਰਿਤਸਰ ਤੋਂ ਤਦ ਦੀਪਕ ਜੀ 'ਕਵਿਤਾ' ਰਸਾਲੇ ਦਾ ਗ਼ਜ਼ਲ ਅੰਕ (1972) ਸੰਪਾਦਿਤ ਕਰ ਰਹੇ ਸੀ। ਉਨ੍ਹਾਂ ਨੇ ਉਸ ਵਿੱਚ ਮੇਰੀਆਂ ਤਿੰਨ ਗ਼ਜ਼ਲਾਂ ਸ਼ਾਮਲ ਕਰਕੇ ਮੈਨੂੰ ਪੰਜਾਬੀ ਗ਼ਜ਼ਲ ਦੇ ਪ੍ਰਸਿੱਧ ਗ਼ਜ਼ਲਕਾਰਾਂ ਵਿੱਚ ਸ਼ੁਮਾਰ ਕਰਕੇ ਮੇਰਾ ਹੌਸਲਾ ਵਧਾਇਆ। ਮੁੜ ਦੀਪਕ ਸਾਹਿਬ ਦੀ ਪ੍ਰੇਰਨਾ ਸਦਕਾ ਮੈਂ ਪੰਜਾਬੀ ਗ਼ਜ਼ਲ ਨੂੰ ਪੰਜਾਬੀ ਵਿੱਚ ਸਥਾਪਿਤ ਕਰਨ ਹਿਤ ਲੰਮੀ ਲੜਾਈ ਲੜੀ। ਮੈਂ ਇਹ ਸੰਗ੍ਰਾਮ 40 ਸਾਲਾਂ ਤਕ ਨਿਰੰਤਰਤਾ ਨਾਲ ਅਤੇ ਹੋਸ਼ਮੰਦੀ ਨਾਲ ਲੜਦਾ ਰਿਹਾ ਹਾਂ। ਮੈਨੂੰ ਮਾਣ ਹੈ ਕਿ ਮੈਂ ਪੰਜਾਬੀ ਗ਼ਜ਼ਲ ਦਾ ਜਿਹੜਾ ਮੁਕਾਮ ਕਿਆਸਿਆ ਸੀ, ਅੱਜ ਉਹ ਉਸ ਮੁਕਾਮ ਉੱਤੇ ਫੱਬ ਰਹੀ ਹੈ। ਮੈਂ ਪੰਜਾਬੀ ਗ਼ਜ਼ਲ ਨੂੰ ਨਿਰੋਆ ਲਹੂ ਦਿੱਤਾ ਅਤੇ ਉਰਦੂ ਦੀ ਸ਼ਰਾਬ ਦੀ ਆਦਤ ਹਟਾਈ। ਮੇਰੀ ਪਹਿਲੀ ਗ਼ਜ਼ਲ ਪੁਸਤਕ 'ਤੀਜੀ ਅੱਖ ਦਾ ਜਾਦੂ' ਸੀ। ਜਿਸ ਬਾਰੇ ਪਹਿਲਾਂ ਗੱਲ ਕਰ ਹਟੇ ਹਾਂ।

**5. 1995 ਵਿੱਚ ਗ਼ਜ਼ਲ ਦੇ ਤਕਨੀਕੀ ਪੱਖਾਂ ਬਾਰੇ ਤੁਹਾਡੀ ਪੁਸਤਕ 'ਪੰਜਾਬੀ ਗ਼ਜ਼ਲ-ਰੂਪ ਅਤੇ ਆਕਾਰ' ਛਪੀ। ਫਿਰ 'ਸੰਪੂਰਨ ਪਿੰਗਲ ਤੇ ਆਰੂਜ'। ਦੋਨਾਂ ਵਿੱਚ ਕੀ ਅੰਤਰ ਮਹਿਸੂਸ ਕਰਦੇ ਹੋ? ਪਾਠਕਾਂ ਵੱਲੋਂ ਕਿਸ ਤਰ੍ਹਾਂ ਦਾ ਹੁੰਗਾਰਾ ਮਿਲਿਆ?**

–'ਪੰਜਾਬੀ ਗ਼ਜ਼ਲ ਰੂਪ ਅਤੇ ਆਕਾਰ' ਪੁਸਤਕ ਲਿਖਣ ਸਮੇਂ ਤਕ ਮੈਂ ਪੰਜਾਬੀ ਗ਼ਜ਼ਲ ਨਾਲ ਜਜ਼ਬਾਤੀ ਤੌਰ ਉੱਤੇ ਵਾਬਸਤਾ ਸਾਂ। ਏਸੇ ਕਰਕੇ ਭਾਵੇਂ ਇਸ ਪੁਸਤਕ ਵਿੱਚ ਗ਼ਜ਼ਲ ਦੇ ਰੂਪ ਅਤੇ ਆਕਾਰ ਬਾਰੇ ਬਾਕੀ ਪੁਸਤਕਾਂ ਨਾਲੋਂ ਵਧੀਆ ਤੇ ਸਾਰਥਕ ਜਾਣਕਾਰੀ ਸੀ; ਦਰਜਨ ਭਰ ਐਸੇ ਤਕਨੀਕੀ ਅਧਿਆਏ ਹਨ, ਜੋ ਪਹਿਲਾਂ ਕਿਸੇ ਵੀ ਗ਼ਜ਼ਲ ਚਿੰਤਕ ਨੇ ਛੂਹੇ ਨਹੀਂ ਸਨ। ਇਹ ਗ਼ਜ਼ਲ ਤਕਨੀਕ ਸਬੰਧੀ ਪਹਿਲੀ ਪੰਜਾਬੀ ਲਹਿਜੇ ਦੀ ਪੁਸਤਕ ਹੈ। ਪ੍ਰੋ. ਜੋਗਿੰਦਰ ਸਿੰਘ ਦੀ ਪੁਸਤਕ 'ਪਿੰਗਲ ਤੇ ਅਰੂਜ਼' ਪਿੱਛੋਂ ਏਸੇ ਪੁਸਤਕ ਨੂੰ ਹਵਾਲਾ ਪੁਸਤਕ ਬਣਨ ਦਾ ਮਾਣ ਹਾਸਲ ਹੋਇਆ, ਪਰ ਪੰਜਾਬੀ ਗ਼ਜ਼ਲ ਦੇ ਵਿਸ਼ੇ ਸੰਬੰਧੀ ਇਸ ਵਿੱਚ ਚਰਚਾ ਅਵਚੇਤਨ ਤੌਰ ਉੱਤੇ ਸ਼ਾਮਲ ਹੋ ਗਈ ਸੀ। ਕਈ ਕਾਂਡ ਐਸੇ ਸਨ/ਹਨ, ਜੋ ਰੂਪਾਕਾਰ ਦੇ ਘੇਰੇ ਵਿੱਚ ਨਹੀਂ ਸਨ ਆਉਂਦੇ। ਉਕਤ ਪੁਸਤਕ ਲਿਖਣ ਤਕ ਮੈਂ ਪੰਜਾਬੀ ਤੇ ਉਰਦੂ ਦੇ ਤਕਨੀਕੀ ਗ੍ਰੰਥਾਂ ਨੂੰ ਨਿੱਠ ਕੇ ਨਹੀਂ ਸਾਂ ਵਾਚ ਸਕਿਆ। ਜਿੰਨਾ ਕੁ ਉਸਤਾਦ ਜੀ ਤੋਂ ਸਿੱਖਿਆ ਸੀ ਅਤੇ ਜੋ ਮੈਂ ਗ਼ਜ਼ਲ ਦੀ ਬਿਹਤਰੀ ਵਾਸਤੇ ਆਰਜੂ ਰੱਖਦਾ ਸਾਂ, ਉਹ ਸਾਰਾ ਕੁਝ ਮੌਲਿਕਤਾ ਅਤੇ ਮਾਸੂਮਤਾ ਨਾਲ ਮੈਂ ਲਿਖ ਦਿੱਤਾ। ਇਸ ਪੁਸਤਕ ਦਾ ਅਕੈਡਮਿਕ ਹਲਕਿਆਂ ਵਿੱਚ ਬਹੁਤ ਸੁਆਗਤ ਹੋਇਆ।

'ਸੰਪੂਰਨ ਪਿੰਗਲ ਅਤੇ ਅਰੂਜ਼' ਗ੍ਰੰਥ ਮੈਂ ਉਕਤ ਪੁਸਤਕ ਤੋਂ ਪੂਰੇ 12 ਸਾਲ ਬਾਅਦ ਲਿਖਿਆ। ਇਨ੍ਹਾਂ 12 ਸਾਲਾਂ ਵਿੱਚ ਮੈਂ ਪਿੰਗਲ ਅਤੇ ਅਰੂਜ਼ ਸੰਬੰਧੀ ਗਹਿਨ ਅਧਿਐਨ ਕੀਤਾ। ਵੱਖ-ਵੱਖ ਗ਼ਜ਼ਲ ਚਿੰਤਕਾਂ ਦੇ ਵਿਚਾਰਾਂ ਅਤੇ ਟਿੱਪਣੀਆਂ ਨੂੰ ਜਰਬਾਂ/ਤਕਸੀਮਾਂ ਨੂੰ ਪਰ੍ਹਾਂ ਕਰਕੇ ਵੇਖਿਆ। ਗੁਰਬਾਣੀ, ਲੋਕ-ਗੀਤ, ਕਿੱਸੇ, ਵਾਰਾਂ ਅਤੇ ਹੋਰ ਪੰਜਾਬੀ ਕਾਵਿ-ਰੂਪਾਂ ਦਾ ਨਿਠ ਕੇ ਮੁਤਾਲਿਆ ਕੀਤਾ। ਆਪਣੇ ਦਿਮਾਗ ਵਿੱਚ ਇਨ੍ਹਾਂ 12 ਸਾਲਾਂ ਵਿੱਚ ਇੱਕ ਤਕਨੀਕੀ ਖਾਕਾ ਤਿਆਰ ਕੀਤਾ। ਹਿੰਦੀ ਵੱਲੋਂ ਆਏ ਪਿੰਗਲ ਵਾਚੇ। ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਛੰਦ ਦਿਵਾਕਰ ਤੇ ਹੋਰ ਕਿਤਾਬਾਂ ਪੜ੍ਹੀਆਂ। ਸਰਵਿਸ ਤੋਂ ਰਿਟਾਇਰ ਹੋ ਕੇ ਮੈਂ ਇਸ ਇਤਿਹਾਸਕ ਗ੍ਰੰਥ ਉੱਤੇ ਕਾਰਜ ਆਰੰਭਿਆ। ਪੂਰਾ ਇੱਕ ਸਾਲ ਮੈਂ ਕਿਤਾਬਾਂ ਵਿੱਚ ਘਿਰਿਆ ਰਿਹਾ। ਇੱਥੋਂ ਤਕ ਕਿ ਮੈਂ ਇੱਕ ਸਾਲ ਤਕ ਸੌਂਦਾ ਵੀ ਕਿਤਾਬਾਂ ਉੱਤੇ ਰਿਹਾ, ਤਾਂ ਜਾ ਕੇ ਮੈਂ ਇਹ ਲਾਸਾਨੀ ਗ੍ਰੰਥ ਤਿਆਰ ਕਰ ਸਕਿਆ। ਇਸ ਦੇ 60-62 ਚੈਪਟਰਾਂ ਵਿੱਚੋਂ ਬਹੁਤੇ ਚੈਪਟਰ ਐਸੇ ਹਨ, ਜੋ ਮੈਂ ਹੀ ਟੱਚ ਕੀਤੇ। ਫੇਲੁਨ ਤਤ ਜੁਜ ਬਹਿਰ ਛੰਦ ਕੇਵਲ ਮੈਂ ਹੀ ਤਸਦੀਕ ਕੀਤੇ।

ਮੈਨੂੰ ਇਹ ਮਾਣ ਰਹੇਗਾ ਕਿ ਮੈਂ ਇਸ ਗ੍ਰੰਥ ਦੇ ਜਰੀਏ ਪੰਜਾਬੀ ਦੇ ਤਿੰਨ ਅੱਖਰੀ ਸ਼ਬਦਾਂ ਦੇ ਉਚਾਰਨ ਦਾ ਮਾਮਲਾ ਸਦਾ-ਸਦਾ ਲਈ ਹੱਲ ਕਰ ਦਿੱਤਾ। ਮੇਰਾ ਗ੍ਰੰਥ ਛਪਣ ਉਪਰੰਤ ਇਨ੍ਹਾਂ ਸ਼ਬਦਾਂ ਨੂੰ ਗ਼ਜ਼ਲ ਵਿੱਚ ਬੰਨ੍ਹਣ ਦਾ ਮਸਲਾ ਕਦੇ ਉੱਠਿਆ ਤਕ ਨਹੀਂ। ਇਹ ਕੇਵਲ ਮੇਰੇ ਕਰਕੇ ਤਬਦੀਲੀ ਤਾਂ ਵਾਪਰੀ ਹੀ, ਪਰ ਇਹ ਮਾਮਲਾ 'ਸਿਫਤੀ ਤਬਦੀਲੀ' ਵਾਂਗ ਹੀ ਸੀ। 99 ਡਿਗਰੀ ਸੈਂਟੀਗਰੇਡ ਉੱਤੇ ਪਾਣੀ ਨਹੀਂ ਉੱਬਲਦਾ, ਪਰ ਇੱਕ ਡਿਗਰੀ ਹੋਰ ਮਿਲ ਜਾਵੇ ਤਾਂ ਭਾਵ 100 ਡਿਗਰੀ ਸੈਂਟੀਗਰੇਡ ਉੱਤੇ ਪਾਣੀ ਉੱਬਲਦਾ ਦਿੱਸਦਾ ਹੈ। ਬਸ ਮੈਂ ਇੱਕ ਡਿਗਰੀ ਹੋਰ ਮਿਲਾ ਦਿੱਤੀ ਸੀ। 99 ਡਿਗਰੀ ਸੈਂਟੀਗਰੇਡ ਦਾ ਖਾਮੋਸ਼ ਗ਼ਜ਼ਲਕਾਰਾਂ ਪਹਿਲਾਂ ਹੀ ਸੇਕ ਪੈਦਾ ਕਰ ਦਿੱਤਾ ਸੀ। ਮੈਨੂੰ ਮਾਣ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਇਸ ਗ੍ਰੰਥ ਉੱਤੇ ਚੰਡੀਗੜ੍ਹ ਵਿਖੇ ਪੰਜਾਬ ਪੱਧਰੀ ਗੋਸ਼ਟੀ ਕਰਵਾਈ। ਤਿੰਨ ਅੱਖਰੇ ਸ਼ਬਦਾਂ ਉੱਤੇ ਲੁਧਿਆਣਾ ਗੋਸ਼ਟੀ ਵਿੱਚ ਮੈਂ ਜੋ ਥੀਸਿਜ ਪੇਸ਼ ਕੀਤਾ, ਉਹ ਇਸੇ ਪੁਸਤਕ ਦਾ ਲੰਬਾ ਅਧਿਆਇ ਸੀ। ਮੇਰਾ ਇਹ ਗ੍ਰੰਥ ਪੰਜਾਬੀ ਲਹਿਜ਼ੇ ਵਿੱਚ ਲਿਖਿਆ ਪਹਿਲਾ ਪਿੰਗਲ ਅਤੇ ਅਰੂਜ਼ ਗ੍ਰੰਥ ਹੈ। ਥੋੜ੍ਹੇ ਸਮੇਂ ਵਿੱਚ ਹੀ ਇਸ ਗ੍ਰੰਥ ਨੇ ਆਪਣੇ ਖੇਤਰ ਵਿੱਚ ਧੁੰਮਾਂ ਪਾ ਦਿੱਤੀਆਂ ਹਨ ਅਤੇ ਮੈਨੂੰ ਡਾ. ਜਗਤਾਰ ਵਰਗੇ ਮਹਾਨ ਗ਼ਜ਼ਲ ਚਿੰਤਕ ਤੇ ਸ਼ਾਇਰ ਨੇ 'ਉਸਤਾਦ ਸ਼ਾਇਰ' ਆਖਿਆ ਹੈ। ਹੁਣ ਤਕ ਇਸ ਗ੍ਰੰਥ ਉੱਤੇ ਕਿਸੇ ਵਿਸ਼ੇਸ਼ ਚਿੰਤਕ ਨੇ ਕੋਈ ਕਿੰਤੂ ਨਹੀਂ ਕੀਤਾ।

**6. ਤੁਹਾਡੇ ਗਜ਼ਲ ਸੰਗ੍ਰਹਿ ਅਤੇ ਸੰਪਾਦਤ ਪੁਸਤਕਾਂ?**

–ਤੀਜੀ ਅੱਖ ਦਾ ਜਾਦੂ, ਪੰਜ ਬਲਦੇ ਦਰਿਆ, ਵਕਤ ਦੀ ਚੀਖ- ਪੰਜਾਬ ਸੰਤਾਪ ਦੇ ਬੋਲ, ਪੰਜਾਬੀ ਗ਼ਜ਼ਲ ਰੂਪ ਤੇ ਅਕਾਰ-ਖੋਜ ਲੇਖ, ਉੱਚਾ ਬੁਰਜ ਲਾਹੌਰ ਦਾ, ਬਸਤੀ ਬਸਤੀ ਜੰਗਲ, ਬੇੜੀਆਂ ਦਾ ਪੁਲ-ਇੱਕੋ ਬਹਿਰ, ਕਾਫੀਆ-ਰਦੀਫ, ਸੰਪੂਰਨ ਪਿੰਗਲ ਅਤੇ ਅਰੂਜ਼, ਅਨੰਦਪੁਰ ਤੋਂ ਲਾਹੌਰ ਤਕ:1699-1799 ਦਾ ਸਿੱਖ ਇਤਿਹਾਸ, ਮੈਂ ਇਵੇਂ ਵੇਖਿਆ ਆਸਟ੍ਰੇਲੀਆ, ਅਗਨ ਦਾਸਤਾਨ ਗਾਥਾ ਛੋਟਾ ਘੱਲੂਘਾਰਾ, ਦਿਲ ਦਰਿਆ ਸਮੁੰਦਰੋਂ ਡੂੰਘੇ (ਅਸਲ ਕਲਾਮ ਸੁਲਤਾਨ ਬਾਹੂ), ਵਾਘੇ ਤੋਂ ਜਮਰੌਦ ਤਕ (ਪਾਕਿਸਤਾਨੀ ਸਫ਼ਰਨਾਮਾ), ਪੰਜਾਬ ਦੇ ਪਿੰਡ (ਕੱਲ, ਅੱਜ ਅਤੇ ਭਲਕੇ), ਸੁੱਚੇ ਤਿੱਲੇ ਦੀਆਂ ਤਾਰਾਂ (ਸੰਸਾਰ ਭਰ ਦੀਆਂ ਨਾਰਾਂ ਗਜ਼ਲਕਾਰਾਂ), ਚੰਨ ਚਾਨਣੀ ਚੰਡੀਗੜ੍ਹ, ਪੰਜਾਬੀ ਦੇ ਚੋਣਵੇਂ ਸ਼ਿਅਰ, ਪੰਧ ਲੰਮੇਰੇ, ਕਲਮ ਕਲਮ ਖੁਸ਼ਬੋ, ਸੂਰਜ ਦਾ ਆਲ੍ਹਣਾ, ਦਿਲ ਦਰਿਆ ਸਮੁੰਦਰੋਂ ਡੂੰਘੇ (ਸੁਲਤਾਨ ਬਾਹੂ ਦਾ ਅਸਲ ਕਲਾਮ)।

**7. ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ ਵੱਲੋਂ ਪੰਜਾਬ ਦੇ ਪਿੰਡਾਂ ਸੰਬੰਧੀ ਛਾਪੇ ਗ੍ਰੰਥ ਦਾ ਵਿਸ਼ਾ-ਵਸਤੂ ਅਤੇ ਮੰਤਵ?**

–ਪੰਜਾਬ ਦੇ ਪਿੰਡਾਂ ਵਿੱਚ ਬਹੁਤ ਕੁਝ ਬਦਲ ਰਿਹਾ ਹੈ ਅਤੇ ਬਹੁਤ ਕੁਝ ਬਦਲ ਚੁੱਕਾ ਹੈ। ਪਿਛਲੇ 50 ਸਾਲਾਂ ਵਿੱਚ ਪੰਜਾਬ ਦੇ ਪਿੰਡਾਂ ਦੀ ਕਾਇਆ ਕਲਪ ਹੋ ਗਈ ਹੈ। ਖੂਹ ਖਤਮ ਹੋ ਗਏ ਹਨ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਖੂਹ ਦੀ ਗਾਧੀ' ਦਾ ਪ੍ਰਤੀਕ ਗੁਆਚ ਗਿਆ ਹੈ। ਸ਼ਿਵ ਕੁਮਾਰ ਦੇ ਬਿੰਬ ਤੇ ਚਿਹਨ ਖਤਮ ਹੋ ਚੁੱਕੇ ਹਨ। ਸੁਰਜੀਤ ਪਾਤਰ ਦਾ ਸ਼ਿਆਰ ਕਿ 'ਪਿੰਡ 'ਚ ਜਿਸ ਦੇ ਗੱਡੇ ਚੱਲਦੇ ਹੋਰ ਬੜੀ ਸਰਦਾਰੀ...' ਆਪਣੇ ਮੁਢਲੇ ਪ੍ਰਵਚਨੀ ਸੰਚਾਰ ਗੱਡੇ ਤੋਂ ਵਿਰਵਾ ਹੋ ਗਿਆ ਹੈ। ਪਿੰਡਾਂ ਦਾ ਸਭਿਆਚਾਰ, ਧਰਮ, ਰਾਜਨੀਤੀ ਅਤੇ ਆਰਥਿਕਤਾ ਦੇ ਦਿਸਹੱਦੇ ਬਦਲ ਗਏ ਹਨ।

⇒ ਬਾਕੀ ਅਗਲੇ ਸਫੇ 'ਤੇ ਪੜ੍ਹੋ

# ਇੱਕ ਵਿਲੱਖਣ ਕਾਵਿ-ਪੁਸਤਕ 'ਮੈਂ ਕੰਮੀਆਂ ਦੀ ਕੁੜੀ'


## ਪੁਸਤਕ ਸਮੀਖਿਆ

**ਰਵਿੰਦਰ ਸਿੰਘ ਸੋਢੀ ਕੈਨੇਡਾ**
**ਫੋਨ: 1-604-369-2371**



ਵਰਤਮਾਨ ਸਮੇਂ ਵਿੱਚ ਪੰਜਾਬੀ ਕਾਵਿ ਸਾਹਿਤ ਦਾ ਦੁਖਾਂਤ ਹੈ ਕਿ ਕਵੀ ਜ਼ਿਆਦਾ ਹਨ, ਪਾਠਕ ਘੱਟ। ਜ਼ਿਆਦਾ ਕਵਿਤਾ ਕਵੀ ਦੇ ਆਪਣੇ ਇਰਦ-ਗਿਰਦ ਹੀ ਘੁੰਮ ਰਹੀ ਹੈ। ਕਵੀ ਲੋਕਾਂ ਦੀ ਗੱਲ ਨਾ ਕਰਕੇ ਆਪਣੇ ਪਿਆਰ, ਇਸ਼ਕ, ਵਿਛੋੜੇ ਜਾਂ ਕੁਝ ਚਲੰਤ ਰਾਜਸੀ ਜਾਂ ਸਤਹੀ ਤੌਰ 'ਤੇ ਵਾਪਰਨ ਵਾਲੇ ਸਮਾਜਿਕ ਵਰਤਾਰਿਆਂ ਦੇ ਪੇਤਲੇ ਜਿਹੇ ਵਰਣਨ ਨਾਲ ਹੀ ਬੁੱਤਾ ਸਾਰ ਰਿਹਾ ਹੈ। ਜਿਹੜੇ ਸੁਹਿਰਦ ਕਵੀ ਆਪੇ ਦੀ ਗੱਲ ਘੱਟ, ਪਰ ਮਨੁੱਖ ਦੀਆਂ ਅੰਤਰੀਵ ਭਾਵਨਾਵਾਂ ਨੂੰ ਜ਼ਿਆਦਾ ਚਿਤਰਦੇ ਹਨ, ਉਨ੍ਹਾਂ ਦਾ ਕਾਵਿ ਸਾਹਿਤ ਪਾਠਕਾਂ ਦੀ ਲੋਕ ਕਚਹਿਰੀ ਵਿੱਚ ਪ੍ਰਵਾਨ ਚੜ੍ਹਦਾ ਹੈ ਅਤੇ ਆਲੋਚਕਾਂ ਵੱਲੋਂ ਵੀ ਅਜਿਹੀ ਕਵਿਤਾ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਕਵਿਤਾ ਵਿੱਚ 'ਕੀ ਕਿਹਾ ਗਿਆ ਹੈ' ਦੇ ਨਾਲ-ਨਾਲ 'ਕਿਵੇਂ ਕਿਹਾ ਗਿਆ ਹੈ' ਦਾ ਵੀ ਧਿਆਨ ਰੱਖਣਾ ਪੈਂਦਾ ਹੈ।






ਪਿਛਲੇ ਤਿੰਨ ਕੁ ਸਾਲਾਂ ਤੋਂ ਪੰਜਾਬੀ ਕਵਿਤਾ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਰਹੇ ਕਵੀ ਸੰਨੀ ਧਾਲੀਵਾਲ ਦਾ ਦੂਜਾ ਕਾਵਿ ਸੰਗ੍ਰਹਿ 'ਮੈਂ ਕੰਮੀਆਂ ਦੀ ਕੁੜੀ' ਮੇਰੇ ਸਨਮੁਖ ਪਿਆ ਹੈ। ਪਿਛਲੇ ਸਾਲ (2023) ਵਿੱਚ ਉਸ ਦੀ ਪਹਿਲੀ ਪੁਸਤਕ 'ਖਾਲੀ ਆਲ੍ਹਣਾ' ਪ੍ਰਕਾਸ਼ਿਤ ਹੋਈ ਸੀ। ਕਮਾਲ ਦੀ ਗੱਲ ਇਹ ਹੈ ਕਿ ਜਿਥੇ ਅੱਜ ਕੱਲ੍ਹ ਕਵਿਤਾ ਦੀਆਂ ਕਿਤਾਬਾਂ ਦੀ ਛਪਣ ਗਿਣਤੀ 150-200 ਤੱਕ ਮਹਿਦੂਦ ਹੋ ਕੇ ਰਹਿ ਗਈ ਹੈ, ਉਥੇ ਸੰਨੀ ਦੀਆਂ ਦੋਵੇਂ ਪੁਸਤਕਾਂ ਦੇ 1100-1100 ਦੇ ਸੰਸਕਰਣ ਖਤਮ ਵੀ ਹੋ ਚੁਕੇ ਹਨ। ਮੁੱਖ ਕਾਰਨ ਹੈ ਕਿ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ ਸੋਸ਼ਲ ਮੀਡਿਆ 'ਤੇ ਖੂਬ ਚਰਚਿਤ ਹੋ ਗਈਆਂ ਸਨ ਅਤੇ ਚੰਗੇ ਸਾਹਿਤਕ ਮੈਗਜ਼ੀਨਾਂ, ਅਖਬਾਰਾਂ ਅਤੇ ਆਨ ਲਾਈਨ ਪੇਪਰਾਂ, ਮੈਗਜ਼ੀਨਾਂ, ਟੈਲੀਵਿਜ਼ਨ ਅਤੇ ਰੇਡੀਓ ਸ਼ਟੇਸ਼ਨਾਂ ਰਾਹੀਂ ਉਹ ਪਾਠਕਾਂ ਦਾ ਧਿਆਨ ਖਿੱਚ ਚੁਕੀਆਂ ਸਨ ਅਤੇ ਸਭ ਤੋਂ ਵੱਡੀ ਗੱਲ ਉਹ ਕਹਾਣੀਆਂ, ਨਾਵਲਾਂ ਵਾਂਗ ਲੋਕ ਪੱਖੀ ਮਾਮਲਿਆਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦਾ ਹੈ। ਉਸ ਦੀਆਂ ਦੋਵੇਂ ਕਿਤਾਬਾਂ ਪੜ੍ਹਨ ਉਪਰੰਤ ਮੈਂ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਆਪਣੀ ਗੱਲ ਘੱਟ ਅਤੇ ਮਨੁੱਖੀ ਫਿਤਰਤ ਦੇ ਬੁਨਿਆਦੀ ਮਸਲਿਆਂ ਨੂੰ ਜ਼ਿਆਦਾ ਪ੍ਰਗਟਾਇਆ ਹੈ। ਆਪਣੀ ਜਨਮ ਭੂਮੀ (ਭਾਰਤ) ਦੇ ਨਾਲ-ਨਾਲ ਕਰਮ ਭੂਮੀ (ਕੈਨੇਡਾ) ਦੀ ਗੱਲ ਵੀ ਕੀਤੀ ਅਤੇ ਉਸ ਦੀ ਨਿਵੇਕਲੀ ਕਾਵਿ-ਸ਼ੈਲੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ।

'ਮੈਂ ਕੰਮੀਆਂ ਦੀ ਕੁੜੀ' ਵਿੱਚ 31 ਕਵਿਤਾਵਾਂ ਦਰਜ ਹਨ। ਹਰ ਕਵਿਤਾ ਵਿੱਚ ਹੀ ਕਰੀਬ ਇੱਕ ਕਹਾਣੀ ਬਿਆਨ ਕੀਤੀ ਗਈ। ਕਹਾਣੀ ਨੂੰ ਯਥਾਰਥਿਕ ਪੱਧਰ 'ਤੇ ਚਿਤਰਣ ਦੇ ਨਾਲ-ਨਾਲ ਲੋੜ ਪੈਣ 'ਤੇ ਵਿਅੰਗਮਈ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ। ਕਈ ਕਵਿਤਾਵਾਂ ਵਿੱਚ ਉਸ ਨੇ ਪੰਜਾਬੀ ਅਤੇ ਪੱਛਮੀ ਵਿਚਾਰਧਾਰਾ ਦੇ ਟਕਰਾਅ ਨੂੰ ਵੀ ਉਭਾਰਿਆ ਹੈ। ਅਸਲ ਵਿੱਚ ਸੰਨੀ ਧਾਲੀਵਾਲ ਆਪਣੇ ਆਲੇ-ਦੁਆਲੇ ਨੂੰ ਘੋਖਵੀਂ ਨਜ਼ਰ ਨਾਲ ਵਾਚਦਾ ਹੀ ਨਹੀਂ, ਸਗੋਂ ਪੜਚੋਲਵੀਂ ਨਜ਼ਰ ਨਾਲ ਨਿਹਾਰਦਾ ਵੀ ਹੈ। ਉਹ ਭਾਵੇਂ ਬਹੁਤ ਪਹਿਲਾਂ ਆਪਣੀ ਜਨਮ ਭੂਮੀ ਨੂੰ ਛੱਡ ਕੇ ਕੈਨੇਡਾ ਪਰਵਾਸ ਕਰ ਚੁਕਾ ਹੈ, ਪਰ ਉਸ ਦੀਆਂ ਯਾਦਾਂ ਵਿੱਚ ਆਪਣੇ ਵਤਨ ਦੇ ਹਰ ਖੇਤਰ ਦੇ ਵਰਤਾਰਿਆਂ ਦੀਆਂ ਤਸਵੀਰਾਂ ਉਭਰੀਆਂ ਹੋਈਆਂ ਹਨ।

'ਮੈਂ ਕੰਮੀਆਂ ਦੀ ਕੁੜੀ' ਵਿੱਚ ਜਾਤ-ਪਾਤ ਦੀ ਦਲਦਲ ਵਿੱਚ ਫਸੇ ਸਾਡੇ ਸਮਾਜ ਦੀ ਗੱਲ ਕੀਤੀ ਹੈ (ਇਹ ਕਿਸ ਤਰ੍ਹਾਂ ਹੋ ਸਕਦਾ/ਤੂੰ ਕੰਮੀਆਂ ਦੀ ਕੁੜੀ/ਮੈਂ ਜੱਟਾਂ ਦਾ ਮੁੰਡਾ)। ਹੱਦ ਤਾਂ ਉਦੋਂ ਹੁੰਦੀ ਹੈ, ਜਦੋਂ ਜੱਟਾਂ ਦਾ ਮੁੰਡਾ ਕਹਿੰਦਾ ਹੈ, "ਦਿਲ-ਦੁਲ ਨੂੰ ਛੱਡ/ਹਨੇਰੇ-ਸਵੇਰੇ/ਟਿਊਬਵੈਲ 'ਤੇ ਆ ਜਾਵੀਂ...।", ਪਰ ਇਹੋ ਕੰਮੀਆਂ ਦੀ ਕੁੜੀ ਜਦੋਂ ਆਪਣੀ ਮਿਹਨਤ ਨਾਲ ਐਸ.ਡੀ.ਐਮ. ਬਣ ਜਾਂਦੀ ਹੈ ਤਾਂ ਜੱਟਾਂ ਦੇ ਮੁੰਡੇ ਉਸ ਨਾਲ ਵਿਆਹ ਕਰਵਾਉਣ ਨੂੰ ਕਾਹਲੇ ਹਨ ਅਤੇ ਕਹਿੰਦੇ ਹਨ ਕਿ "ਜਾਤ-ਪਾਤ ਵਿੱਚ ਕੀ ਰੱਖਿਆ/ਸਾਰੇ ਰੱਬ ਦੇ ਜੀਅ ਹਨ।" ਇਸ ਤਰ੍ਹਾਂ ਕੁਰਸੀ ਨੂੰ ਸਲਾਮ ਵਾਲੀ ਗੱਲ ਸਹੀ ਸਾਬਤ ਹੁੰਦੀ ਹੈ ਅਤੇ ਅਖੌਤੀ ਉੱਚੀਆਂ ਜਾਤਾਂ ਵਾਲਿਆਂ ਦੀ ਮਾਨਸਿਕਤਾ 'ਤੇ ਵਿਅੰਗ ਵੀ ਹੈ।

'ਤੂੰ ਬੱਚਿਆਂ ਤੋਂ ਵੜੇਵੇਂ ਲੈਣੇ ਆ' ਕਵਿਤਾ ਵਿੱਚ ਕੈਨੇਡਾ ਵਸਦੇ ਪੰਜਾਬੀ ਬਜ਼ੁਰਗਾਂ ਨੂੰ ਸਿੱਖਿਆ ਦਿੱਤੀ ਹੈ ਕਿ ਉਹ ਸਮੇਂ ਦੀ ਮੰਗ ਅਨੁਸਾਰ ਆਪਣੇ ਕੰਮਾਂ ਵਿੱਚ ਮਸਤ ਰਹਿਣ ਦਾ ਹੀਲਾ ਕਰਨ, ਨਾ ਕਿ ਬੱਚਿਆਂ ਦੀ ਜ਼ਿੰਦਗੀ ਵਿੱਚ ਦਖ਼ਲ ਦੇਣ ਅਤੇ 'ਗੋਰਿਆਂ ਤੋਂ ਕੋਈ ਚੰਗੀ ਗੱਲ' ਸਿੱਖਣ ਦੀ ਪ੍ਰੇਰਣਾ ਦਿੰਦਾ ਹੈ। ਕਵੀ ਦਾ ਇਹ ਕਹਿਣਾ 'ਜ਼ਿੰਦਗੀ ਤਾਂ ਇੱਕ ਗਿਫਟ ਹੈ/ਇਹ ਤਾਂ ਸੰਤਰੇ ਦੀ ਤਰ੍ਹਾਂ ਹੈ/ਜੇ ਇਸ ਦਾ ਸਾਰਾ ਜੂਸ ਨਾ ਪੀਤਾ/ਤਾਂ ਪਈ-ਪਈ ਨੇ ਸੜ ਜਾਣੈ।' ਉਹ 'ਜ਼ਿੰਦਗੀ ਦੇ ਕੇਕ ਨੂੰ ਚੱਟ-ਚੱਟ ਕੇ ਖਾਣ' ਲਈ ਕਹਿੰਦਾ ਹੈ। ਇਹੋ ਜਿਹੀਆਂ ਉਦਾਹਰਣਾਂ ਨਾਲ ਗੱਲ ਸਮਝਾਉਣੀ ਸੰਨੀ ਦੇ ਕਾਵਿ-ਸਾਹਿਤ ਦੀ ਖ਼ੂਬੀ ਹੈ।

'ਬਾਪੂ ਮੋਗੇ ਦੀ ਮੰਡੀ ਲੈ ਗਿਆ' ਕਵਿਤਾ ਵਿੱਚ ਸੰਨੀ ਨੇ ਬੜੇ ਕਲਾਤਮਕ ਢੰਗ ਨਾਲ ਅੱਜ ਦੇ ਸਮੇਂ ਦੀ ਸੱਚਾਈ ਨੂੰ ਪੇਸ਼ ਕਰਦੇ ਹੋਏ ਸਾਡੇ ਸੜੇ-ਬੁਸੇ ਰਾਜਸੀ ਨੇਤਾਵਾਂ 'ਤੇ ਵਿਅੰਗ ਕੀਤਾ ਹੈ, ਆਮ ਲੋਕਾਂ ਦੀ ਸੋਚ ਨੂੰ ਵੀ ਭੰਡਿਆ ਹੈ ਜੋ ਮਾੜੇ ਨੇਤਾਵਾਂ ਨੂੰ ਵੋਟਾਂ ਦਿੰਦੇ ਹਨ, ਪਰ ਸਿਆਣੇ ਬਜ਼ੁਰਗਾਂ ਨੂੰ ਅੱਜ ਕੱਲ੍ਹ ਦੇ ਪਾੜ੍ਹਿਆਂ ਨਾਲੋਂ ਵਧੀਆ ਦਰਸਾਇਆ ਹੈ। ਵਧੀਆ ਫਸਲ ਲਈ ਚੰਗੇ ਬੀਜ ਦੀ ਲੋੜ ਦੀ ਤਰ੍ਹਾਂ ਦੇਸ ਦੀ ਤਰੱਕੀ ਲਈ ਵਧੀਆ ਲੀਡਰਾਂ ਦੀ ਚੋਣ ਨਾਲ ਤੁਲਨਾਇਆ ਹੈ, ਜੋ ਕਿ ਆਮ ਪੇਂਡੂ ਪਾਠਕਾਂ ਨੂੰ ਵੀ ਸਮਝ ਆਉਣ ਵਾਲੀ ਭਾਸ਼ਾ ਹੈ।

'ਅਸੀਂ ਵੀ ਕੀ ਚੀਜ਼ ਹਾਂ' ਕਵਿਤਾ ਵਿੱਚ ਦੋਹਰੀ ਫਿਤਰਤ ਵਾਲਿਆਂ 'ਤੇ ਚੋਟ ਕੀਤੀ ਗਈ ਹੈ। 'ਮੋਮਬੱਤੀ' ਕਵਿਤਾ ਵਿੱਚ ਕੈਨੇਡਾ ਆਏ ਪੰਜਾਬੀਆਂ ਦੇ ਵਿਆਹ ਵੇਲੇ 'ਕੈਨੇਡਾ ਲੱਗੀ ਮੋਹਰ ਦਾ ਪੂਰਾ ਫਾਇਦਾ ਉਠਾਉਣ' ਦੀ ਰੁਚੀ ਦੀ ਗੱਲ ਕਰਦਾ ਹੈ। ਪਰ ਇਸ ਕਵਿਤਾ ਵਿੱਚ ਉਹ ਇਸ਼ਾਰੇ-ਇਸ਼ਾਰੇ ਵਿੱਚ ਮੋਮਬੱਤੀ ਦੀ ਅਣਗਹਿਲੀ ਕਰਨ ਨਾਲ ਉਸ ਦੀ 'ਰਹਿੰਦੇ-ਖੂਹੰਦੇ ਚਾਨਣ ਦੀ ਲੀਕ/ਕਿਸੇ ਹੋਰ ਨੁੱਕਰ ਵਿੱਚ ਨਾ ਚਲੇ ਜਾਣ' ਦੀ ਚਿਤਾਵਨੀ ਵੀ ਦਿੰਦਾ ਹੈ।' 'ਤੱਤੀ ਤਵੀ' ਇਸ ਸੰਗ੍ਰਹਿ ਦੀਆਂ ਵਧੀਆ ਕਵਿਤਾਵਾਂ ਵਿੱਚੋਂ ਇੱਕ ਹੈ, ਜੋ ਪਾਠਕਾਂ ਦੀ ਸੋਚ ਨੂੰ ਵੀ ਟੁੰਬਦੀ ਹੈ। ਅਜਿਹੀ ਕਵਿਤਾ ਦਾ ਪ੍ਰਭਾਵ ਸਦੀਵੀ ਹੁੰਦਾ ਹੈ। ਇਸ ਵਿੱਚ ਫੋਕੀਆਂ ਰਸਮਾਂ 'ਤੇ ਚੋਟ ਵੀ ਕੀਤੀ ਹੈ (ਮੈਂ ਅੰਮ੍ਰਿਤ ਛਕ ਕੇ ਸਿੰਘ ਸਜਿਆ ਹਾਂ/ਕੀ ਮੈਂ ਸਚ ਮੁਚ ਗੁਰਮੁਖ ਹਾਂ?/ਕੀ ਮੈਂ ਮਨ ਜਿੱਤ ਲਿਆ ਹੈ?/ਕੀ ਮੈਂ ਸ਼ੇਰ ਬਣ ਗਿਆ ਹਾਂ?) ਗੱਲ ਕੀ, ਕਿਤਾਬ ਦੀਆਂ ਸਾਰੀਆਂ ਕਵਿਤਾਵਾਂ ਹੀ ਕਿਸੇ ਨਾ ਕਿਸੇ ਫ਼ਲਸਫ਼ੇ ਨੂੰ ਪੇਸ਼ ਕਰਦੀਆਂ ਹਨ।

ਕਵੀ ਦੀ ਕਾਵਿ ਸ਼ੈਲੀ ਮੌਲਿਕ ਹੈ। ਉਹ ਆਪਣੀ ਵਿਚਾਰਧਾਰਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਲਈ ਸਮ ਅਰਥੀ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਵੇਂ:-ਆ ਜਾ ਫੇਰ ਇਨ੍ਹਾਂ ਨੂੰ/ਨੱਚਣ ਦੇਈਏ/ਦੌੜਨ ਦੇਈਏ/ਰੇਸ ਲਵਾਉਣ ਦੇਈਏ/ਗਾਉਣ ਦੇਈਏ/....।; ਮੈਨੂੰ ਬਹੁਤ ਚੰਗਾ ਲੱਗਦਾ ਹੈ/ਦਿਲ ਟਪੂੰ-ਟਪੂੰ ਕਰਦਾ ਹੈ/ਹਸੂੰ-ਹਸੂੰ ਕਰਦਾ ਹੈ/ ਨੱਸੂੰ ਨੱਸੂੰ ਕਰਦਾ ਹੈ; ਗਿੱਧਾ ਪਾ ਕੇ ਆਈ ਹੋਵੇ/ਧਰਤੀ ਹਿਲਾ ਕੇ ਆਈ ਹੋਵੇ/ਅੱਡੀਆਂ ਨਾਲ ਟੋਏ ਪੁੱਟ ਕੇ ਆਈ ਹੋਵੇ/ਧੂੜ ਉਡਾ ਕੇ ਆਈ ਹੋਵੇ' ਆਦਿ। ਕਵੀ ਭਾਵੇਂ ਹਰ ਮਸਲੇ ਦੇ ਵਿਸਤਾਰ ਵਿੱਚ ਜਾਂਦਾ ਹੈ, ਪਰ ਕਿਉਂ ਜੋ ਉਸ ਦੇ ਕਹਿਣ ਦਾ ਢੰਗ ਮੌਲਿਕ ਅਤੇ ਦਿਲਚਸਪ ਹੈ, ਇਸ ਲਈ ਪਾਠਕ ਅਜਿਹੇ ਵਿਸਤਾਰ ਤੋਂ ਵੀ ਕਾਵਿਕ ਆਨੰਦ ਪ੍ਰਾਪਤ ਕਰਦਾ ਹੈ।

ਕਵੀ ਭੌਤਿਕ ਵਿਗਿਆਨ (ਫਿਜਿਕਸ) ਦਾ ਵਿਦਿਆਰਥੀ ਹੈ, ਇਸ ਲਈ ਉਹ ਬਹੁਤ ਥਾਂਵਾਂ 'ਤੇ ਇਸ ਵਿਸ਼ੇ ਦੇ ਤਕਨੀਕੀ ਸ਼ਬਦਾਂ ਦੀ ਵਰਤੋਂ ਆਮ ਹੀ ਕਰ ਜਾਂਦਾ ਹੈ ਅਤੇ ਕਈ ਵਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਵੀ ਵਰਤਦਾ ਹੈ। ਮੇਰੇ ਵਿਚਾਰ ਅਨੁਸਾਰ ਕਵੀ ਨੂੰ ਇਸ ਪੱਖੋਂ ਸੁਚੇਤ ਹੋਣ ਦੀ ਜ਼ਰੂਰਤ ਹੈ।

ਸਮੁੱਚੇ ਰੂਪ ਵਿੱਚ ਸੰਨੀ ਧਾਲੀਵਾਲ ਨੇ ਪ੍ਰਸਤੁਤ ਕਾਵਿ-ਸੰਗ੍ਰਿਹ ਨਾਲ ਪੰਜਾਬੀ ਕਾਵਿ-ਜਗਤ ਵਿੱਚ ਇੱਕ ਵਿਸ਼ੇਸ਼ ਸਥਾਨ ਹਾਸਲ ਕਰਨ ਲਈ ਇੱਕ ਹੋਰ ਪੁਲਾਂਘ ਪੱਟੀ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ। ਸੰਨੀ ਧਾਲੀਵਾਲ ਦੇ ਪਾਠਕ ਹਰ ਪੰਜਾਬੀ ਬੋਲਦੇ ਦੇਸ਼ ਵਿੱਚ ਮੌਜੂਦ ਹਨ। ਕੁਕਨਸ ਪ੍ਰਕਾਸ਼ਨ ਜਲੰਧਰ (ਰਜਿੰਦਰ ਬਿਮਲ) ਦੁਆਰਾ ਪ੍ਰਕਾਸ਼ਿਤ 144 ਪੰਨਿਆਂ ਦੀ ਇਸ ਪੁਸਤਕ ਦਾ ਮੁੱਲ 250 ਰੁਪਏ ਹੈ।

---

## ਸੁਲੱਖਣ ਸਰਹੱਦੀ

ਅੱਜ ਪਿੰਡਾਂ ਵਿੱਚ ਹਜ਼ਾਰਾਂ ਮੋਬਾਇਲ ਹਨ। ਇੰਟਰਨੈੱਟ ਹੈ। ਕੇਬਲ ਨੈੱਟਵਰਕ ਹੈ। ਵੱਡੇ-ਵੱਡੇ ਸਕੂਲ ਹਨ। ਜਿੱਥੇ ਪਿੰਡਾਂ ਨੇ ਚੰਗੇ ਪਾਸੇ ਨੂੰ ਭੌਤਿਕ ਤਰੱਕੀ ਕੀਤੀ ਹੈ, ਉਥੇ ਇਸਦੀ ਆਤਮਾ ਵਿਚਲੇ ਸਰੋਕਾਰ ਵੀ ਬਦਲੇ ਹਨ। ਧਰਮ-ਮਜ਼ਹਬ, ਤਕੀਏ, ਪੰਜ-ਪੀਰ, ਗੁਰਦੁਆਰੇ, ਮੰਦਰ ਅਤੇ ਹੋਰ ਧਾਰਮਿਕ ਅਕੀਦਿਆਂ ਵਿੱਚ ਸਿਫਤੀ ਤਬਦੀਲੀ ਵਾਪਰ ਚੁੱਕੀ ਹੈ। ਪੰਜਾਬ ਦੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਹਨ। ਮੈਂ ਕਾਹਨੂੰਵਾਨ ਦੇ ਨੇੜੇ ਰਹਿੰਦਾ ਹਾਂ, ਜਿੱਥੇ ਕਦੇ ਛੋਟਾ ਘੱਲੂਘਾਰਾ ਵਾਪਰਿਆ ਸੀ ਅਤੇ ਇਹ ਇਲਾਕਾ ਪੱਛੜਿਆ ਹੋਇਆ ਜੰਗਲੀ ਸੀ। ਅੱਜ ਮੈਂ ਸਵੇਰੇ ਘਰੋਂ ਰੋਟੀ ਖਾ ਕੇ ਬੱਸ ਰਾਹੀਂ ਚੰਡੀਗੜ੍ਹੋਂ 3-4 ਘੰਟੇ ਦਫਤਰੀ ਕੰਮ ਕਰਕੇ ਵਾਪਸ ਘਰ ਰਾਤ ਨੂੰ ਰੋਟੀ ਆਣ ਖਾਂਦਾ ਹਾਂ। ਪਿੰਡਾਂ ਦੀ ਆਤਮਾ ਅਤੇ ਸਰੀਰ ਇੰਨੀ ਤੇਜ਼ੀ ਨਾਲ ਤਬਦੀਲ ਹੋ ਰਹੇ ਹਨ ਕਿ ਅਸਾਡੀ ਅਗਲੀ ਪੀੜ੍ਹੀ ਨੂੰ ਗੌਰਵ ਕਰਨ ਲਈ ਸਥੂਲ ਵੀ ਨਹੀਂ ਬਚਣੇ। ਕੱਲ ਵਿੱਚ ਅੱਜ ਅਤੇ ਅੱਜ ਵਿੱਚ ਭਲਕ ਦਾ ਰੰਗ ਹੁੰਦਾ ਹੈ। ਪਿੰਡ ਬਦਲ ਰਹੇ ਹਨ, ਪਰ ਕਿੱਧਰ ਨੂੰ ਬਦਲ ਰਹੇ ਹਨ? ਅਤੇ ਕੀ ਵਾਪਰਨ ਨੂੰ ਜਾ ਰਿਹਾ ਹੈ? ਇਹ ਅੱਗੇ ਉਕਤ ਪੁਸਤਕ ਦਾ ਵਿਸ਼ਾ ਹੈ ਅਤੇ ਵਿਸ਼ੇ ਵਿੱਚ ਹੀ ਮੰਤਵ ਹੈ। ਮੇਰਾ ਇਹ ਗ੍ਰੰਥ 80 ਚੈਪਟਰਾਂ ਵਿੱਚ ਹੈ। 80 ਹੀ ਵਿਸ਼ੇ ਮੈਂ ਛੋਹੇ ਹਨ। ਜਦ ਵੀ ਪਿੰਡਾਂ ਬਾਰੇ ਕਿਸੇ ਕਿਤਾਬ ਦੀ ਗੱਲ ਕੀਤੀ ਜਾਂਦੀ ਹੈ, ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਦੀ ਚਰਚਾ ਹੁੰਦੀ ਹੈ। ਪਰ ਉਹ ਪੁਸਤਕ ਬਹੁਤ ਪੁਰਾਣੀ ਹੋ ਗਈ। ਹੁਣ ਪਿੰਡ ਉਸ ਪੁਸਤਕ ਤੋਂ ਕਿਤੇ ਅਗਾਂਹ ਚਲੇ ਗਏ ਹਨ। ਮੈਂ ਗਿਆਨੀ ਗੁਰਦਿੱਤ ਸਿੰਘ ਦੇ 'ਮੇਰਾ ਪਿੰਡ' ਤੋਂ ਅਗਾਂਹ ਦੀ ਗੱਲ ਕੀਤੀ ਹੈ। ਜੋ ਮੇਰੇ ਸਰੋਕਾਰ ਹਨ, ਉਹ ਗਿਆਨੀ ਗੁਰਦਿੱਤ ਸਿੰਘ ਵੇਲੇ ਹੈ ਹੀ ਨਹੀਂ।

ਪਿੰਡਾਂ ਵਿੱਚ ਜਿੱਥੇ ਬੜਾ ਕੁਝ ਚੰਗਾ ਵਾਪਰਿਆ ਹੈ, ਉਥੇ ਬੜਾ ਕੁਝ ਮਾੜਾ ਵੀ ਵਾਪਰਨ ਜਾ ਰਿਹਾ ਹੈ। ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਸੁਕਾ ਦਿੱਤਾ ਹੈ ਤੇ ਉਹ ਪੀਲੇ ਹੋ ਰਹੇ ਹਨ। ਬੇਰੁਜ਼ਗਾਰੀ ਹੱਦਾਂ ਬੰਨ੍ਹੇ ਟੱਪ ਰਹੀ ਹੈ। ਪਿੰਡਾਂ ਦੇ ਨੌਜਵਾਨ ਮਸਾਂ ਰੋ-ਧੋ ਕੇ ਦਸਵੀਂ ਜਾਂ +2 ਕਰਦੇ ਹਨ। ਕਾਲਜ ਕੋਈ ਨਹੀਂ ਜਾਂਦਾ। ਬੇਰੁਜ਼ਗਾਰੀ ਨੇ ਨਸ਼ਿਆਂ ਦੀ ਚਾਦਰ ਓੜ ਲਈ ਹੈ। ਨਿੱਕੀ ਕਿਸਾਨੀ ਨੂੰ ਵੱਡੀ ਕਿਸਾਨੀ ਨੇ ਖਾ ਲਿਆ ਹੈ। ਨਿੱਕੇ ਕਿਸਾਨ ਸ਼ਹਿਰ ਦੇ ਲੇਬਰ ਚੌਂਕਾਂ ਵਿੱਚ ਜਾ ਖਲੋਤੇ ਹਨ। ਸਾਡੇ ਪਿੰਡਾਂ ਵਿੱਚੋਂ ਸਿਆਣੇ ਲੋਕ ਸ਼ਹਿਰੀਂ ਜਾ ਵੱਸੇ ਹਨ। ਸਾਰੇ ਹੀ ਭੂਤਨੇ ਪਿੰਡਾਂ ਵਿੱਚ ਵੀ ਹਨ।

ਮੈਂ ਜੰਮਿਆਂ ਵੀ ਪਿੰਡ ਸਾਂ ਤੇ ਮਰਨ ਦਾ ਇਰਾਦਾ ਵੀ ਪਿੰਡ ਦਾ ਹੀ ਹੈ। ਮੈਂ ਪਿੰਡ ਦੀ ਰੂਹ ਨੂੰ ਜਾਣਦਾ ਹਾਂ। ਮੇਰੀ ਦਿਲੀ ਇੱਛਾ ਸੀ ਕਿ ਮੈਂ ਪਿੰਡਾਂ ਬਾਰੇ ਇੱਕ ਪੁਸਤਕ ਲਿਖਾਂ। ਇਹ ਰੀਝ ਨੈਸ਼ਨਲ ਬੁੱਕ ਟਰੱਸਟ ਦੇ ਸੰਪਾਦਕ/ਸਹਾਇਕ ਡਾਇਰੈਕਟਰ ਸ. ਬਲਦੇਵ ਸਿੰਘ ਬੱਦਣ ਨੇ ਪੂਰੀ ਕੀਤੀ। ਕਈਆਂ ਹੋਰਨਾਂ ਨੇ ਵੀ ਪਿੰਡਾਂ ਬਾਰੇ ਖਰੜੇ ਉਨ੍ਹਾਂ ਨੂੰ ਭੇਜੇ ਸਨ, ਪਰ ਉਨ੍ਹਾਂ ਮੇਰੇ ਖਰੜੇ ਨੂੰ ਹੀ ਪ੍ਰਵਾਨਗੀ ਦਿੱਤੀ। ਇਹ ਪੁਸਤਕ ਮੇਰੀ ਇਤਿਹਾਸਕ ਪੁਸਤਕ ਹੈ ਅਤੇ ਕਈ ਭਾਸ਼ਾਵਾਂ ਵਿੱਚ ਛਪੇਗੀ। ਪੰਜਾਬ ਦੇ ਪਿੰਡਾਂ ਬਾਰੇ ਸਮੁੱਚਤਾ ਨਾਲ ਜੋ ਲੋਕ ਜਾਣਕਾਰੀ ਚਾਹੁੰਦੇ ਹਨ, ਉਨ੍ਹਾਂ ਲਈ ਇਹ ਪੁਸਤਕ ਬੇਸ਼ਕੀਮਤੀ ਹੈ।

**8. 'ਆਸਟ੍ਰੇਲੀਆ ਦੇ ਸਫ਼ਰਨਾਮੇ' ਅਤੇ 'ਪਾਕਿਸਤਾਨ ਦੇ ਸਫ਼ਰਨਾਮੇ' ਵਿੱਚ ਬੁਨਿਆਦੀ ਫਰਕ ਜਾਂ ਵਿਸ਼ੇਸ਼ ਮਹੱਤਵ ਕਿਸ ਗੱਲ ਦਾ ਹੈ? ਦੋਨੋਂ ਸਫ਼ਰਨਾਮਿਆਂ ਦਾ ਸਾਹਿਤਕ ਹੁੰਗਾਰਾ ਕਿਹੋ ਜਿਹਾ ਰਿਹਾ?**

-ਹਿੰਦੂ ਮਿਥਿਹਾਸ ਪਰ ਗੌਰਵਸ਼ਾਲੀ ਮਾਨਤਾਵਾਂ ਵਿੱਚ ਇੱਕ ਤੱਥ ਨੈਤਿਕਤਾ ਦੇ ਤੌਰ ਉੱਤੇ ਸਸ਼ਕਤ ਤੌਰ 'ਤੇ ਸ਼ਾਮਲ ਹੈ ਕਿ ਗਿਆਨ ਹੀ ਕਲਿਆਣ ਹੈ। ਭਾਵ ਗਿਆਨ ਗਤੀਸ਼ੀਲਤਾ ਦਾ ਧੁਰਾ ਹੈ। ਗਿਆਨ ਬਿਨਾ ਆਦਮੀ ਖੂਹ ਦਾ ਡੱਡੂ ਹੈ। ਆਸਟ੍ਰੇਲੀਆ ਬਾਰੇ ਗਿਆਨ ਦੀਆਂ ਸ਼ੁੱਧ ਸੂਚਨਾਵਾਂ ਹਨ। ਉਸ ਦੇਸ਼ ਵਿੱਚ ਮੇਰੀਆਂ ਦੋ ਧੀਆਂ ਅਤੇ ਇੱਕ ਪੁੱਤਰ ਤੇ ਉਨ੍ਹਾਂ ਦੇ ਪਰਿਵਾਰ ਜਾ ਵੱਸੇ ਹਨ। ਮੈਂ ਕਿਸੇ ਦੀ ਸ਼ਾਦੀ 'ਤੇ ਨਹੀਂ ਸਾਂ ਗਿਆ। ਜਿਵੇਂ ਕਿ ਅਮਰੀਕਾ ਤੇ ਕੈਨੇਡਾ ਵਿੱਚ ਹੁੰਦਾ ਹੈ। ਸਪਾਂਸਰ ਕਰਨ ਵਾਲਾ ਖਰਚ ਕਰਦਾ ਹੈ ਤੇ ਸਫਰਨਾਮਾ ਲਿਖਣ ਵਾਲਾ ਉਸ ਦਾ ਮਿਰਾਸੀ ਹੋ ਜਾਂਦਾ ਹੈ। ਦੋ-ਚਾਰ ਘੋੜੀਆਂ ਗਾਉਂਦਾ ਹੈ ਤੇ ਫਿਰ ਬੱਸ। ਪਰ ਮੈਂ ਅਸਟ੍ਰੇਲੀਆ ਦੇ ਸਫ਼ਰਨਾਮੇ ਵਿੱਚ ਉਥੋਂ ਦੀ ਧਰਾਤਲ, ਰਹਿਤਲ, ਸਭਿਆਚਾਰ, ਬਾਜ਼ਾਰ, ਸਰਮਾਏਦਾਰੀ ਦੀ ਕਿਸਮ, ਰਹਿਣ-ਸਹਿਣ, ਪਸ਼ੂ-ਪੰਛੀ, ਉਥੋਂ ਦਾ ਇਤਿਹਾਸ, ਰੁੱਤਾਂ, ਮੌਸਮ ਅਤੇ ਪੰਜਾਬੀਆਂ ਦਾ ਭਵਿੱਖ ਬੜੀ ਬਾਰੀਕੀ ਨਾਲ ਉਲੀਕੇ ਹਨ। ਮੈਂ ਉਸ ਦੇਸ਼ ਦੇ ਪਿੰਡਾਂ ਵਿੱਚ ਵੀ ਗਿਆ ਤੇ ਕੈਪੀਟਲ ਸ਼ਹਿਰੀ ਵੀ। ਮੈਂ ਲੋਕਾਂ ਦੇ ਵਿਆਹਾਂ-ਸ਼ਾਦੀਆਂ 'ਤੇ ਵੀ ਗਿਆ। ਉਥੋਂ ਦੇ ਸਰਕਾਰੀ ਜਸ਼ਨਾਂ ਤੇ ਹੜਤਾਲਾਂ 'ਚ ਸ਼ਾਮਲ ਹੋਇਆ। ਉਥੋਂ ਦੇ ਵਿਦਿਅਕ ਢਾਂਚੇ ਦੀ ਅੰਤ੍ਰੀਵਤਾ 'ਤੇ ਝਾਤ ਪਾਈ। ਉਥੋਂ ਦੀ ਰਾਜਨੀਤਿਕ ਪ੍ਰਣਾਲੀ ਅਤੇ ਚੋਣ ਪ੍ਰਕ੍ਰਿਆ ਬਾਰੇ ਘੋਖ ਕੇ ਲਿਖਿਆ। ਲੋਕ ਕਿਵੇਂ ਜੀਂਦੇ ਤੇ ਥੀਂਦੇ ਹਨ? ਸਾਡੇ ਅਤੇ ਉਥੋਂ ਦੇ ਸਨਾਤਨੀ ਵਾਸੀਆਂ ਦੇ ਜੀਵਨ ਵਿੱਚ ਕੀ ਅੰਤਰ ਹੈ? ਇਹ ਸਭ ਮੈਂ ਸਹੀ ਵੇਰਵੇ ਦਿੱਤੇ। ਇਹ ਸਫਰਨਾਮਾ ਏਨਾ ਦਿਲਚਸਪ ਬਣਿਆ ਹੈ ਕਿ ਮੈਂ ਖੁਦ ਇਸ ਨੂੰ ਉਦਾਸ ਪਲਾਂ ਵਿੱਚ ਪੜ੍ਹਦਾ ਹਾਂ।

ਇਸ ਸਫਰਨਾਮੇ ਦੀ ਪਹਿਲੀ ਐਡੀਸ਼ਨ ਪਾਠਕਾਂ ਨੇ ਦੋ ਕੁ ਸਾਲਾਂ ਵਿੱਚ ਖਰੀਦ ਲਈ। ਪ੍ਰਕਾਸ਼ਕ ਦਾ ਕਹਿਣਾ ਹੈ ਕਿ ਇਸ ਸਫਰਨਾਮੇ ਨੇ ਪੰਜਾਬੀ ਦੇ ਸਫਰਨਾਮਾ ਸਾਹਿਤ ਨੂੰ ਨਵੇਂ ਆਯਾਮ ਦੇ ਕੇ ਖੜੋਤ ਤੋੜੀ ਹੈ। ਮੇਰਾ 'ਪਾਕਿਸਤਾਨੀ ਸਫਰਨਾਮਾ' ਉਕਤ ਸਫਰਨਾਮੇ ਤੋਂ ਵੱਖਰੀ ਭਾਂਤ ਦਾ ਹੈ। ਮੈਂ ਦੋ ਵਾਰ ਪਾਕਿਸਤਾਨ ਗਿਆ ਹਾਂ। ਪਹਿਲੀ ਵਾਰ ਪਾਕਿਸਤਾਨੀ ਸਰਕਾਰ ਨੇ ਕੁਝ ਸਾਹਿਤਕਾਰਾਂ ਨੂੰ ਸ. ਭਗਤ ਸਿੰਘ ਸ਼ਹੀਦ ਦੇ ਸ਼ਤਾਬਦੀ ਜਸ਼ਨਾਂ ਮੌਕੇ ਲਾਹੌਰ ਬੁਲਾਇਆ ਸੀ। ਮੈਂ ਵੀ ਉਸ ਵਫਦ ਵਿੱਚ ਸਾਂ। ਭਗਤ ਸਿੰਘ ਦੇ ਸ਼ਤਾਬਦੀ ਜਸ਼ਨਾਂ ਵਿੱਚ ਮੈਨੂੰ ਪ੍ਰਧਾਨਗੀ ਪਦ ਦੇ ਕੇ ਸਨਮਾਨਿਤ ਕੀਤਾ ਗਿਆ। ਮੈਨੂੰ ਤੇ ਹੋਰ ਲੇਖਕਾਂ ਨੂੰ ਸ਼ਹੀਦ ਭਗਤ ਸਿੰਘ ਹੈ। ਮੈਂ ਭਗਤ ਸਿੰਘ ਦੇ ਜੱਦੀ ਪਿੰਡ ਚੱਕ ਨੰ: 105 ਬੰਗਾ ਜ਼ਿਲ੍ਹਾ ਫੈਸਲਾਬਾਦ ਜਾਣ ਦਾ ਮੌਕਾ ਮਿਲਿਆ। ਇਹ ਮੇਰੇ ਲਈ ਮੱਕੇ ਜਿਹੀ ਜ਼ਿਆਰਤ ਸੀ। ਉਸਦਾ ਜਨਮ ਕਮਰਾ ਵੇਖਿਆ। ਉਸ ਦਾ ਸਕੂਲ ਵੇਖਿਆ ਅਤੇ ਉਹ ਵੇਖਿਆ, ਜਿਥੇ ਉਹ ਹਰ ਸਾਲ ਕਾਮਰੇਡਾਂ ਦਾ ਜਲਸਾ ਕਰਵਾਉਂਦਾ ਸੀ। ਇਹ ਸਾਰੇ ਵੇਰਵੇ ਮੈਂ ਆਪਣੇ ਸਫਰਨਾਮੇ ਵਿੱਚ ਲਿਖੇ ਹਨ। ਦੋਹਾਂ ਦੀ ਜਜ਼ਬਾਤੀ ਦੋਸਤੀ ਨੂੰ ਹਕੀਕਤ ਵਿੱਚ ਬਦਲਣ ਲਈ ਮੈਂ ਪੰਜਾਬੀ ਦੇ ਦੋ ਸੌ ਦੇ ਕਰੀਬ ਸਾਹਿਤਕਾਰਾਂ ਨੂੰ ਮਿਲਿਆ। ਉਨ੍ਹਾਂ ਨਾਲ ਪ੍ਰੋਗਰਾਮ ਕੀਤੇ। ਕਵੀ ਦਰਬਾਰ ਕੀਤੇ। ਅਖ਼ਬਾਰਾਂ ਨੂੰ ਇੰਟਰਵਿਊ ਦਿੱਤੇ, ਰੇਡੀਓ ਅਤੇ ਟੀ.ਵੀ. ਉੱਤੇ ਦੋਹਾਂ ਦੇਸ਼ਾਂ ਦੇ ਸਾਹਿਤਕਾਰਾਂ ਨੂੰ ਸੰਬੋਧਨ ਹੋਇਆ।

ਦੂਜੀ ਵਾਰ ਮੈਂ ਅਟਕ ਦਰਿਆ ਤੋਂ ਪਾਰ ਜਮਰੌਦ ਵੱਲ ਗਿਆ। ਡੇਰਾ ਇਸਮਾਈਲ ਖਾਂ ਤੋਂ ਪਾਰ ਗਿਆ ਅਤੇ ਪਠਾਣਾਂ ਦੇ ਰਹਿਣ-ਸਹਿਣ ਬਾਰੇ ਸੂਚਨਾਵਾਂ ਇਕੱਠੀਆਂ ਕੀਤੀਆਂ। ਤਾਲਿਬਾਨਾਂ ਬਾਰੇ ਜਾਣਿਆ। ਮੈਂ ਉਥੇ ਗਿਆ, ਜਿੱਥੇ ਹਰ ਆਦਮੀ ਕੋਲ ਅਸਾਲਟਾਂ ਨੇ। ਜਿੱਥੇ ਅੱਜ ਕਲ੍ਹ ਜੰਗ ਚੱਲ ਰਹੀ ਹੈ। ਮੈਂ ਪਾਕਿਸਤਾਨ ਦੇ ਇਸ ਸਫਰਨਾਮੇ ਨੂੰ ਵੀ ਬਾਕੀ ਰਵਾਇਤੀ ਸਫਰਨਾਮਿਆਂ ਤੋਂ ਵੱਖਰੀ ਕਿਸਮ ਦੀ ਬੁਨਿਆਦ ਵਿੱਚ ਪੇਸ਼ ਕੀਤਾ ਹੈ।

⇒ ਬਾਕੀ ਅਗਲੇ ਅੰਕ ਵਿੱਚ ਪੜ੍ਹੋ

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ, ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਇਤਫਾਕ ਹੀ ਹੈ ਕਿ ਸਮਕਾਲ ਦੀਆਂ ਘਟਨਾਵਾਂ ਇਸ ਬੇਚੈਨੀ ਦੇ ਰੰਗ ਵਿੱਚ ਰੰਗੀਆਂ ਗਈਆਂ ਹਨ। ਆਖਿਰ ਲੇਖਕ ਆਪ ਤੇ ਸਮੇਂ ਦੀ ਕੈਦ ਤੋਂ ਮੁਕਤ ਨਹੀਂ ਨਾ ਹੋ ਸਕਦਾ! ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਕਰਮਜੀਤ ਕੇ ਟੱਬਰ ਨਾਲ ਗੂੜ੍ਹੀ ਹੋ ਰਹੀ ਸਾਂਝ, ਜੁੜ ਰਹੀਆਂ ਗਹਿਰੇ ਪਿਆਰ ਦੀਆਂ ਤੰਦਾਂ ਅਤੇ ਬੱਚੇ ਦੀ ਤੋਤਲੀਆਂ ਨਾਲ ਹੁਕਮਾ ਤੇ ਨਸੀਬੋ ਟਹਿਕਣ ਲੱਗ ਪਏ। ਹੁਕਮੇ ਦੇ ਸੁਭਾਅ ਵਿੱਚੋਂ ਪਹਿਲਾਂ ਵਾਲੀ ਖਿਝਣ ਵੀ ਕੁਝ ਘਟਣ ਲੱਗ ਪਈ। ਨਸੀਬੋ ਜਦੋਂ ਨਵੀਂ ਵਿਆਹੀ ਆਈ ਸੀ, ਕੁਝ ਕੁ ਦਿਨ ਤਾਂ ਹੁਕਮਾ ਲੋਰ ਜਿਹੀ ਵਿੱਚ ਰਿਹਾ। ਫਿਰ ਘਰ ਦੇ ਵਧ ਗਏ ਖਰਚਿਆਂ ਅਤੇ ਨਸੀਬੋ ਦੀਆਂ ਸਾਦੀਆ ਜਿਹੀਆਂ ਮੰਗਾਂ ਤੋਂ ਵੀ ਉਹ ਖਿਝ ਜਾਂਦਾ। ਡਿਊਟੀ ਤੋਂ ਵਾਪਸ ਪਰਤ ਕੇ ਉਹ ਬਹੁਤੀ ਵਾਰੀ ਕਰਮੇ ਵੱਲ ਚਲਾ ਜਾਂਦਾ। ਉਦੋਂ ਕਰਮੇ ਦਾ ਬਾਪੂ ਆਤਮਾ ਸਿਉਂ ਜਿਉਂਦਾ ਸੀ। ਉਹ ਸਖਤ ਸੁਭਾਅ ਵਾਲਾ ਬੰਦਾ ਸੀ। ਜੱਟਪੁਣਾ ਵੀ ਉਹਦੇ ਵਿੱਚ ਜ਼ਿਆਦਾ ਸੀ। ਹੁਕਮੇ ਨਾਲ ਕਰਮਜੀਤ ਦੀ ਬੈਠਣੀ ਉੱਠਣੀ ਤੋਂ ਉਹ ਖਿਝਦਾ ਰਹਿੰਦਾ। 'ਐਵੇਂ ਨਿੱਕੀ ਸੁੱਕੀ ਜਾਤ ਨੂੰ ਯਾਰ ਬਣਾਈਂ ਫਿਰਦਾਂ ਤੂੰ ਕਰਮਿਆਂ, ਚੰਗੇ ਬੰਦਿਆਂ ਨਾਲ ਬੈਠੀ ਉੱਠੀਦਾ।' ਆਤਮਾ ਸਿਉਂ ਅਕਸਰ ਕਰਮੇ ਨੂੰ ਆਖਦਾ। ਆਤਮਾ ਸਿੰਘ ਕਈ ਵਾਰ ਹੁਕਮੇ ਦੇ ਮੂੰਹ 'ਤੇ ਵੀ ਕਰਮੇ ਨਾਲ ਇਹੋ ਜਿਹਾ ਬੋਲ ਬੁਲਾਰਾ ਕਰ ਦਿੰਦਾ। ਹੁਕਮਾ ਬਜ਼ੁਰਗ ਦੀਆਂ ਗੱਲਾਂ ਨੂੰ ਆਈ-ਗਈ ਕਰ ਦਿੰਦਾ। ਕਰਮੇ ਨਾਲ ਕੰਮ ਕਾਰ 'ਚ ਹੱਥ ਵਟਾ ਕੇ ਉਹ ਸਕੂਨ ਵਿੱਚ ਰਹਿੰਦਾ। ਆਤਮਾ ਸਿੰਘ ਸੁਭਾਅ ਦਾ ਮੁਢ ਤੋਂ ਹੀ ਕੌੜਾ ਸੀ, ਪਰ ਥੋੜ੍ਹੀ ਦੇਰ ਬਾਅਦ ਮੋਮ ਵਾਂਗ ਨਰਮ ਹੋ ਜਾਂਦਾ। ਨੌਕਰੀ ਮਿਲਣ ਤੋਂ ਪਹਿਲਾਂ ਤਾਂ ਹੁਕਮਾ ਤਕਰੀਬਨ ਰੋਜ਼ ਹੀ ਕਰਮੇ ਹੋਰਾਂ ਵੱਲ ਆ ਜਾਂਦਾ ਸੀ, ਪਰ ਬਾਅਦ ਵਿੱਚ ਉਹਦਾ ਆਉਣ-ਜਾਣ ਘਟ ਗਿਆ। ਫਿਰ ਵੀ ਜਦੋਂ ਸਮਾਂ ਲਗਦਾ ਉਹ ਕਰਮੇ ਹੋਰਾਂ ਵੱਲ ਗੇੜਾ ਮਾਰ ਜਾਂਦਾ।

ਬਚਪਨ ਤੋਂ ਹੀ ਉਹ ਕਰਮੇ ਦਾ ਗਹਿਰਾ ਦੋਸਤ ਬਣ ਗਿਆ ਸੀ। ਹੁਕਮੇ ਦਾ ਬਾਪੂ ਕਦੋਂ ਦਾ ਰੱਬ ਨੂੰ ਪਿਆਰਾ ਹੋ ਗਿਆ ਸੀ। ਦਾਰੂ ਦੱਪੇ ਤੋਂ ਉਹ ਬਚਿਆ ਹੋਇਆ ਸੀ। ਉਹਦਾ ਬਾਪੂ ਢਲਦੀ ਉਮਰੇ ਅਮ੍ਰਿਤਧਾਰੀ ਹੋ ਗਿਆ ਸੀ। ਪਿੰਡ ਵਿੱਚ ਵਲੈਤੀਆਂ ਦੇ ਟੱਬਰ ਨੇ ਸਾਧੂਗੜ੍ਹ ਵਾਲੇ ਸੰਤਾਂ ਦੇ ਦੀਵਾਨ ਲਵਾਏ ਅਤੇ ਅਖੀਰਲੇ ਦਿਨ ਅੰਮ੍ਰਿਤ ਛਕਾਇਆ ਗਿਆ। ਉਸ ਦੇ ਬਾਪੂ ਨੇ ਵੀ ਅੰਮ੍ਰਿਤ ਛਕ ਲਿਆ। ਹੁਕਮਾ ਉਸ ਦੀ ਛਤਰ ਛਾਇਆ ਹੇਠ ਪਲਿਆ ਅਤੇ ਨਸ਼ੇ ਪਾਣੀ ਤੋਂ ਬਚਿਆ ਰਿਹਾ। ਉਸ ਦੀ ਛੋਟੀ ਕਮਾਈ ਵਿੱਚ ਵੀ ਚੋਖੀ ਬਰਕਤ ਸੀ। ਕਰਮੇ ਦੀ ਸੰਗਤ ਨੇ ਉਸ ਵਿੱਚ ਇਮਾਨਦਾਰੀ ਅਤੇ ਦਿਆਨਤਦਾਰੀ ਵਰਗੇ ਗੁਣ ਕੁੱਟ-ਕੁੱਟ ਕੇ ਭਰੇ। ਹੁਕਮੇ ਨੂੰ ਉਦੋਂ ਹਾਲੇ ਨੌਕਰੀ ਮਿਲੀ ਨਹੀਂ ਸੀ ਜਦੋਂ ਉਹਦਾ ਬਾਪੂ ਰੱਬ ਨੂੰ ਪਿਆਰਾ ਹੋਇਆ। ਇੱਕ ਸਿਆਲ ਦਾ ਨਮੂਨੀਆ ਉਸ ਲਈ ਜਾਨਲੇਵਾ ਸਾਬਤ ਹੋਇਆ। ਬਾਪੂ ਤੋਂ ਪਿੱਛੋਂ ਬੇਬੇ ਤਿੰਨ ਕੁ ਸਾਲ ਜਿਉਂਦੀ ਰਹੀ, ਫਿਰ ਉਹ ਵੀ ਤੁਰ ਗਈ। ਦੋਹਾਂ ਮੌਕਿਆਂ 'ਤੇ ਕਰਮਾ ਹੁਕਮੇ ਨਾਲ ਹਰ ਪੱਖੋਂ ਮੋਢਾ ਡਾਹ ਕੇ ਖਲੋਤਾ। ਬੇਬੇ ਬਾਪੂ ਦੀ ਮੌਤ ਵੇਲੇ ਵੀ ਕਰਮੇ ਨੇ ਅੰਦਰ ਖਾਤੇ ਉਸ ਦੀ ਚੋਖੀ ਮੱਦਦ ਕਰ ਦਿੱਤੀ ਸੀ। ਇਸ ਤਰ੍ਹਾਂ ਉਹਨੇ ਇਹ ਮਰਨੇ ਪਰਨੇ ਚੰਗੀ ਤਰ੍ਹਾਂ ਨਬੇੜ ਲਏ ਸਨ। ਹੁਕਮੇ ਨੂੰ ਉਂਝ ਇਹ ਦੁੱਖ ਹਮੇਸ਼ਾ ਰਿਹਾ ਕਿ ਬੇਬੇ ਬਾਪੂ ਉਸ ਦਾ ਘਰ ਵਸਦਾ ਨਾ ਵੇਖ ਸਕੇ; 'ਜਾਣ ਤੋਂ ਪਹਿਲਾਂ ਪੋਤੇ ਦਾ ਮੂੰਹ ਹੀ ਵੇਖ ਲੈਂਦੇ, ਰੂਹ ਨੂੰ ਸਕੂਨ ਮਿਲ ਜਾਂਦਾ।' ਉਹ ਸੋਚਦਾ। ਫਿਰ ਉਹ ਆਪੇ ਨੂੰ ਮੱਤ ਦਿੰਦਾ, 'ਚਲੋ ਜੋ ਉਹਨੂੰ ਮਨਜ਼ੂਰ'। ਬਾਪੂ ਬੇਬੇ ਦੇ ਜਾਣ ਤੋਂ ਕੁਝ ਸਮਾਂ ਬਾਅਦ ਹੁਕਮ ਸਿਓਂ ਨੂੰ ਤਹਿਸੀਲੇ ਚਪੜਾਸੀ ਦੀ ਨੌਕਰੀ ਮਿਲ ਗਈ।

---

ਇੱਕ ਦਿਨ ਸਵੇਰੇ ਸਵਖਤੇ ਕਰਮੇ ਨੇ ਹੁਕਮੇ ਦੇ ਘਰ ਦਾ ਦਰਵਾਜ਼ਾ ਖੜਕਾਇਆ। ਕਰਮੇ ਦਾ ਚਿਹਰਾ ਜਰਦ ਜਿਹਾ ਹੋਇਆ ਪਿਆ ਸੀ। ਪਲ ਕੁ ਬੈਠਣ ਬਾਅਦ ਉਹਨੇ ਦੱਸਿਆ ਕਿ ਉਹਦਾ ਬਾਪੂ ਆਤਮਾ ਸਿੰਘ ਚਲਾਣਾ ਕਰ ਗਿਆ ਹੈ। ਰਾਤੀਂ ਦਿਲ ਦਾ ਦੌਰਾ ਪਿਆ। ਪਿੰਡ ਵਾਲੇ ਡਾਕਟਰ ਨੇ ਜੁਆਬ ਦੇ ਦਿੱਤਾ ਅਤੇ ਸ਼ਹਿਰ ਵੱਲ ਜਾਂਦਿਆਂ ਰਸਤੇ ਵਿੱਚ ਹੀ ਮੌਤ ਹੋ ਗਈ। ਹੁਕਮਾ ਸ਼ਹਿਰ ਡਿਊਟੀ 'ਤੇ ਜਾਣ ਦੀ ਤਿਆਰੀ ਵਿੱਚ ਸੀ। ਕਰਮੇ ਦੇ ਸੁਨੇਹੇ ਨੇ ਉਸ ਦਾ ਇਰਾਦਾ ਬਦਲ ਦਿੱਤਾ। ਉਹਨੇ ਦਫਤਰ ਛੁੱਟੀ ਭੇਜ ਦਿੱਤੀ। ਸ਼ਾਮ ਤਿੰਨ ਕੁ ਵਜੇ ਤਕ ਸਾਰੇ ਰਿਸ਼ਤੇਦਾਰ, ਸੰਗੀ ਸਾਥੀ ਪੁੱਜ ਗਏ ਸਨ। ਆਤਮਾ ਸਿੰਘ ਦੇ ਸਸਕਾਰ ਤੋਂ ਬਾਅਦ ਸਾਰੇ ਰਿਸ਼ਤੇਦਾਰ ਆਪੋ ਆਪਣੇ ਰਾਹ ਪੈ ਗਏ। ਹਾੜ੍ਹੀ ਦੀ ਬਿਜਾਈ ਚੱਲ ਰਹੀ ਸੀ। ਕਿਸੇ ਨੂੰ ਰੁਕਣ ਲਈ ਜ਼ੋਰ ਵੀ ਨਹੀਂ ਸਨ ਪਾ ਸਕਦੇ। ਰਾਤ ਦੇਰ ਤੱਕ ਕਰਮਜੀਤ ਤੇ ਹੁਕਮਾ ਸਿਵੇ ਦੇ ਸਿਰਹਾਣੇ ਬੈਠੇ ਰਹੇ। ਉਦੋਂ ਇਹ ਰਿਵਾਜ਼ ਜਿਹਾ ਹੀ ਸੀ ਕਿ ਲਾਸ਼ ਦੇ ਚੰਗੀ ਤਰ੍ਹਾਂ ਸੜਨ ਤੱਕ ਕੋਈ ਨਾ ਕੋਈ ਸਿਵੇ ਕੋਲ ਹਾਜ਼ਰ ਰਹਿੰਦਾ। ਜਦੋਂ ਲੱਕੜਾਂ ਅਤੇ ਪਾਥੀਆਂ ਕੋਲੇ ਵਿੱਚ ਬਦਲ ਗਈਆਂ, ਉਨ੍ਹਾਂ ਸਿਵਾ ਟੋਹ ਕੇ ਵੇਖਿਆ, ਲਾਸ਼ ਹਾਲੇ ਚੰਗੀ ਤਰ੍ਹਾਂ ਸੜੀ ਨਹੀਂ ਸੀ। ਰਾਤ ਦੇ ਦੋ ਕੁ ਵੱਜੇ ਹੋਣਗੇ, ਕਰਮੇ ਨੇ ਹੁਕਮੇ ਨੂੰ ਘਰੋਂ ਹੋਰ ਲੱਕੜਾਂ ਲੈਣ ਲਈ ਭੇਜਿਆ। ਘੰਟੇ ਕੁ ਵਿੱਚ ਹੀ ਉਹ ਲੱਕੜਾਂ ਦੀ ਰੇਹੜੀ ਲੈ ਕੇ ਵਾਪਸ ਆ ਗਿਆ। ਉਨ੍ਹਾਂ ਸਿਵੇ ਵਿੱਚ ਹੋਰ ਲੱਕੜ ਝੋਕ ਦਿੱਤੀ, ਸਵੇਰ ਤੱਕ ਸਿਵਾ ਸਵਾਹ ਵਿੱਚ ਬਦਲ ਗਿਆ ਸੀ।

ਰਾਤ ਸਿਵੇ ਦੇ ਸਿਰਹਾਣੇ ਬੈਠਿਆਂ ਕਰਮਜੀਤ ਤੇ ਹੁਕਮਾ ਆਤਮਾ ਸਿੰਘ ਦੇ ਸੁਭਾਅ ਬਾਰੇ, ਉਹਦੀ ਹਿੰਮਤ ਤੇ ਮਿਹਨਤ ਬਾਰੇ ਅਤੇ ਸਭ ਤੋਂ ਵੱਧ ਉਸ ਦੇ ਗੁਸੈਲੀ ਤਬੀਅਤ ਬਾਰੇ ਗੱਲਾਂ ਕਰਦੇ ਰਹੇ। ਫਿਰ ਕਰਮਜੀਤ ਆਪਣੀ ਮਾਂ ਦੀਆਂ ਕਹਾਣੀਆਂ ਛੂਹ ਬੈਠਾ; ਬੇਬੇ ਦੀ ਬਾਪੂ ਨਾਲ ਬਣਦੀ ਬੜੀ ਸੀ, ਪਰ ਪਤਾ ਨਹੀਂ ਕਦੋਂ ਤੇ ਕਿਹੜੀ ਗੱਲ ਤੋਂ ਇਹ ਗੁੱਸੇ ਹੋ ਜਾਂਦਾ। ਕਈ ਵਾਰ ਬੇਬੇ ਵੀ ਇਹਦੇ ਗੁਸੈਲ ਸੁਭਾਅ ਤੋਂ ਔਖੀ ਹੋ ਜਾਂਦੀ ਅਤੇ ਸਾਡੇ ਨਾਨਕੀਂ ਚਲੀ ਜਾਂਦੀ। ਦੋ ਚਾਰ ਦਿਨ ਉਥੇ ਰਹਿੰਦੀ ਤੇ ਜਦੋਂ ਗੁੱਸਾ ਢੈਲਾ ਹੋ ਜਾਂਦਾ ਤਾਂ ਮਾਮਾ ਫਿਰ ਬੇਬੇ ਨੂੰ ਪਿੰਡ ਛੱਡ ਜਾਂਦਾ। ਨਾਲੇ ਬੇਬੇ ਨੂੰ ਤਾੜਦਾ, 'ਗੁਰਮੇਲ ਕੁਰੇ, ਹੁਣ ਇਹੀ ਤੇਰਾ ਘਰ ਹੈ, ਗੁੱਸਾ ਗਿੱਲਾ ਹੋ ਈ ਜਾਂਦਾ, ਇਉਂ ਘਰ ਛੱਡ ਕੇ ਨ੍ਹੀਂ ਆਉਣਾ। ਬਾਕੀ ਕਿਸੇ ਮਦਦ ਵਗੈਰਾ ਦੀ ਲੋੜ ਐ, ਕੋਈ ਔਖ-ਸੌਖ ਐ ਤਾਂ ਦੱਸੋ, ਅਸੀਂ ਜਿਉਂਦੇ ਆਂ, ਅਗੇ ਵੀ ਖੜ੍ਹਦੇ ਈ ਰਹੇ ਆਂ ਥੁਆਡੇ ਨਾਲ।' ਬੇਵੱਸ ਬੇਬੇ ਸਤਿ ਬਚਨ ਕਹਿ ਛੱਡਦੀ। ਆਪਣੇ ਸਾਲਿਆਂ ਦੀ ਸਿਆਣਪ 'ਤੇ ਬਾਪੂ ਬਾਗੋ ਬਾਗ ਹੋ ਜਾਂਦਾ। ਜਿੰਨੀ ਛੇਤੀ ਉਸ ਨੂੰ ਗੁੱਸਾ ਆਉਂਦਾ ਸੀ, ਉਨੀ ਛੇਤੀ ਢੈਲਾ ਵੀ ਹੋ ਜਾਂਦਾ। ਬਾਪੂ ਜਦੋਂ ਮੋਮ ਹੋ ਜਾਂਦਾ ਸੀ ਤਾਂ ਉਸ ਤੋਂ ਅਸੀਂ ਜੋ ਮਰਜ਼ੀ ਮੰਗ ਲੈਂਦੇ, ਉਹ ਲਿਆ ਦਿੰਦਾ ਸੀ; ਪਰ ਗੁੱਸੇ ਵਿੱਚ ਅੱਗ ਦੀ ਨਾਲ ਹੋ ਜਾਂਦਾ। ਅਖੀਰਲੇ ਸਾਲਾਂ ਵਿੱਚ ਬੇਬੇ ਉਸ ਦੇ ਸੁਭਾਅ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲੱਗ ਪਈ ਸੀ। ਜਦੋਂ ਵੀ ਉਹ ਗੁੱਸੇ ਹੋ ਜਾਂਦਾ, ਬੇਬੇ ਝੱਟ ਹੀ ਉਹਦੇ ਗੁੱਸੇ ਦੀ ਅੱਗ 'ਤੇ ਪਾਣੀ ਤਰੌਂਕ ਲੈਂਦੀ ਸੀ। ਬਾਪੂ ਜਿਵੇਂ ਪਲਾਂ ਵਿੱਚ ਸਾਂਵਾਂ ਹੋ ਜਾਂਦਾ। ਬਾਪੂ ਨੂੰ ਵਿਰਾਸਤ ਵਿੱਚ ਪੰਜ ਕਿੱਲੇ ਜ਼ਮੀਨ ਮਿਲੀ ਸੀ, ਸਾਨੂੰ ਉਹ ਆਪਣੀ ਹਿੰਮਤ, ਸਰਫੇ ਅਤੇ ਅਕਲ ਨਾਲ 10 ਕਿੱਲੇ ਬਣਾ ਕੇ ਦੇ ਗਿਆ। ਸਾਥੋਂ ਵੇਖ ਲੈ ਇੱਕ ਵਿੱਸਵਾ ਵੀ ਹੋਰ ਨ੍ਹੀਂ ਲਿਆ ਗਿਆ।' ਕਰਮੇ ਨੇ ਆਤਮਾ ਸਿੰਘ ਦੇ ਗੁਣਾਂ-ਔਗੁਣਾਂ ਨੂੰ ਇੱਕ ਛੋਟੀ ਜਿਹੀ ਕਹਾਣੀ ਵਿੱਚ ਸਮੇਟ ਦਿੱਤਾ ਸੀ।

ਅਗਲੇ ਦਿਨ ਫੁੱਲ ਚੁਗਣ ਅਤੇ ਸਹਿਜ ਪਾਠ ਅਰੰਭ ਕਰਨ ਵੇਲੇ ਵੀ ਹੁਕਮਾ ਕਰਮੇ ਦੇ ਨਾਲ ਰਿਹਾ। ਫਿਰ ਉਹ ਸ਼ਹਿਰ ਆਪਣੇ ਕੰਮ 'ਤੇ ਜਾਣ ਲੱਗ ਪਿਆ। ਆਤਮਾ ਸਿੰਘ ਦੇ ਭੋਗ ਵਾਲੇ ਦਿਨ ਕਰਮੇ ਨੇ ਫਿਰ ਹੁਕਮੇ ਦੀ ਛੁੱਟੀ ਕਰਵਾ ਲਈ। ਆਤਮਾ ਸਿੰਘ ਦੀ ਸਮਾਜਕ ਸੰਬੰਧਾਂ ਦੀ ਵਾਹਵਾ ਵੱਡੀ ਲੜੀ ਸੀ। ਭੋਗ 'ਤੇ ਭਰਵਾਂ ਇਕੱਠ ਹੋ ਗਿਆ। ਅਰਦਾਸ ਤੋਂ ਬਾਅਦ ਪਾਠੀ ਸਿੰਘ ਨੇ ਸਭ ਨੂੰ ਲੰਗਰ ਛਕ ਕੇ ਜਾਣ ਦੀ ਬੇਨਤੀ ਕੀਤੀ। ਲੰਗਰ ਛਕਣ ਬਾਅਦ ਸਾਰੇ ਸਾਕ ਸੰਬੰਧੀ ਆਪੋ ਆਪਣੇ ਟਿਕਾਣਿਆਂ ਵੱਲ ਪਰਤ ਗਏ। ਕਰਮੇ ਨੇ ਪਰ ਹੁਕਮੇ ਨੂੰ ਥੋੜ੍ਹੀ ਦੇਰ ਰੁਕਣ ਲਈ ਕਿਹਾ, 'ਨਵਜੋਤ ਸੁਰਖ ਜੀ ਕਰਕੇ ਚਾਹ ਲਿਆਈਂ ਬਈ ਦੋ ਕੱਪ।' ਜਾਮਣ ਦੀ ਗੂੜ੍ਹੀ ਛਾਂ ਹੇਠਾਂ ਪਏ ਮੰਜੇ 'ਤੇ ਬੈਠਦਿਆਂ ਕਰਮੇ ਨੇ ਘਰਵਾਲੀ ਨੂੰ ਆਵਾਜ਼ ਮਾਰੀ। ਹੁਕਮਾ ਪਰ੍ਹਾਂ ਮੋਟਰ ਦੇ ਚੁਬੱਚੇ ਦੀ ਕੰਧ 'ਤੇ ਬੈਠਣ ਲੱਗਾ। ਕਰਮੇ ਨੇ ਉਹਦੇ ਮੋਢਿਆਂ ਤੋਂ ਦੀ ਆਪਣੀ ਬਾਂਹ ਘੁਮਾਈ ਤੇ ਆਪਣੇ ਮੰਜੇ 'ਤੇ ਬਿਠਾ ਲਿਆ। 'ਹੁਕਮ ਸਿਆਂ, ਤੇਰੀ ਵਹੁਟੀ ਤੇ ਬਾਲ ਨਾਲ ਨਵਜੋਤ ਦਾ ਵਾਹਵਾ ਦਿਲ ਲੱਗ ਗਿਐ। ਬਾਪੂ ਤਾਂ ਹੁਣ ਤੁਰ ਈ ਗਿਆ, ਮੈ ਚਾਹੁੰਨਾ ਤੁਸੀਂ ਹੁਣ ਅਕਸਰ ਆਉਂਦੇ ਜਾਂਦੇ ਰਹੋਂ।' ਨਸੀਬੋ ਪਹਿਲਾਂ ਹੀ ਨਵਜੋਤ ਨਾਲ ਘੁਲ-ਮਿਲ ਗਈ ਸੀ। ਦੂਜਾ, ਬੱਚੇ ਦੀ ਸੰਗਤ ਨਾਲ ਨਵਜੋਤ ਦੀ ਰੂਹ ਵਿੱਚ ਜਿਵੇਂ ਰੌਣਕ ਪਰਤਣ ਲੱਗੀ ਸੀ। ਕਰਮਾ ਪਿਛਲੇ ਕਾਫੀ ਸਮੇਂ ਤੋਂ ਅਜਿਹੀ ਤੰਦਰੁਸਤੀ ਨੂੰ ਤਰਸਦਾ ਰਿਹਾ ਸੀ।

ਥੋੜ੍ਹੀ ਦੇਰ ਉਹ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ, ਫਿਰ ਹੁਕਮਾ ਨਸੀਬ ਕੁਰ ਨੂੰ ਨਾਲ ਲੈ ਕੇ ਘਰ ਨੂੰ ਚਲ ਪਿਆ। ਨਸੀਬੋ ਅੱਜ ਸਵੇਰ ਦੀ ਕਰਮੇ ਹੋਰਾਂ ਵੱਲ ਹੀ ਸੀ। ਘਰ ਆਏ-ਗਏ ਦੀ ਸਾਰੀ ਸੇਵਾ-ਸੰਭਾਲ ਉਸੇ ਨੇ ਹੀ ਕੀਤੀ ਸੀ। ਨਵਜੋਤ ਤਾਂ ਦੇਖ-ਰੇਖ ਵਿੱਚ ਹੀ ਲੱਗੀ ਰਹੀ ਸੀ। ਨਸੀਬ ਕੁਰ ਜਦੋਂ ਹੁਕਮੇ ਨਾਲ ਪਿੰਡ ਵੱਲ ਤੁਰੀ ਤਾਂ ਥਕੇਵੇਂ ਨਾਲ ਚੂਰ ਹੋਈ ਪਈ ਸੀ। ਵੀਰਦੀਪ ਉਹਨੇ ਹੁਕਮੇ ਨੂੰ ਫੜਾ ਦਿੱਤਾ। ਉਹ ਪਿੰਡ ਨੂੰ ਮੁੜਦੇ ਨਿੱਕਿਆਂ ਨਿੱਕੀਆਂ ਗੱਲਾਂ ਕਰਦੇ ਰਹੇ। ਕਦੀ ਕਦੀ ਵੀਰਦੀਪ ਉਨ੍ਹਾਂ ਦੀ ਗੱਲਬਾਤ ਵਿੱਚ ਖਲਲ ਪਾਉਂਦਾ। ਜਿਵੇਂ ਆਪਣੀ ਹੋਂਦ ਦਰਸਾਉਣ ਦੀ ਜ਼ਿਦ ਕਰ ਰਿਹਾ ਹੋਵੇ। ਥੋੜ੍ਹੀ ਦੇਰ ਦੋਵੇਂ ਉਹਨੂੰ ਪਰਚਾਉਣ ਦਾ ਯਤਨ ਕਰਦੇ, ਫਿਰ ਆਪਸ ਵਿੱਚ ਗੱਲਾਂ ਕਰਨ ਲਗਦੇ। ਪਿੰਡ ਤੱਕ ਆਉਂਦਿਆਂ ਵੀਰਦੀਪ ਨਸੀਬ ਕੁਰ ਦੇ ਮੋਢੇ ਨਾਲ ਲੱਗ ਕੇ ਸੌਂ ਗਿਆ। ਨਸੀਬੋ ਨੇ ਉਸ ਨੂੰ ਛੋਟੀ ਮੰਜੀ 'ਤੇ ਪਾਇਆ ਅਤੇ ਆਪਣਾ ਤੇ ਹੁਕਮੇ ਦਾ ਮੰਜਾ ਡਾਹੁਣ ਲੱਗੀ। ਹੁਕਮਾ ਵੀ ਅੱਜ ਕੁਝ ਥਕੇਂਵਾਂ ਮਹਿਸੂਸ ਕਰ ਰਿਹਾ ਸੀ। ਉਹ ਜੁੜ ਕੇ ਡਠੇ ਮੰਜਿਆਂ 'ਤੇ ਲੰਮੇ ਪੈ ਗਏ। ਜਦੋਂ ਥੋੜ੍ਹੀ ਜਿਹੀ ਪਿੱਠ ਸਿੱਧੀ ਹੋਈ ਤਾਂ ਹੁਕਮੇ ਨੇ ਕਰਮੇ ਵਾਲੀ ਗੱਲ ਤੋਰੀ, 'ਕਰਮਾ ਕਹਿੰਦਾ ਸੀ ਨਵਜੋਤ ਢਿੱਲੀ ਮੱਠੀ ਰਹਿੰਦੀ, ਨਸੀਬੋ ਨੂੰ ਆਖੀਂ ਕੰਮ 'ਚ ਹੱਥ ਵਟਾ ਜਿਆ ਕਰੇ।'

'ਉਹ ਤੇ ਆਪਾਂ ਵਟਾਈ ਜਾਨੇਂ ਆਂ' ਸਿੱਧੀ ਸਾਦੀ ਨਸੀਬੋ ਨੇ ਅਣਭੋਲਪੁਣੇ ਵਿੱਚ ਜੁਆਬ ਦਿੱਤਾ।

'ਉਹਦੇ ਕਹਿਣ ਦਾ ਮਤਲਬ ਆ ਬਈ ਬਾਪੂ ਦੇ ਜਾਣ ਨਾਲ ਉਹ ਵੀ 'ਕੱਲਾ ਰਹਿ ਗਿਆ, ਨਵਜੋਤ ਤੋਂ ਬਹੁਤਾ ਕੰਮ ਹੁੰਦਾ ਨ੍ਹੀਂ, ਤੂੰ ਆਪਣਾ ਘਰ ਦਾ ਕੰਮ ਮੁਕਾ ਕੇ ਰੋਜ਼ ਈ ਉਨ੍ਹਾਂ ਵੱਲ ਜਾ ਆਇਆ ਕਰੇਂ।'

'ਤੂੰ ਫੇਰ ਕੀ ਜਵਾਬ ਦਿੱਤਾ?' ਨਸੀਬੋ ਪੁਛਣ ਲੱਗੀ।

'ਮੈਂ ਆਖਿਆ ਬੀ ਅੱਜ ਦਾ ਦਿਨ ਦਿਉ ਸੋਚ ਕੇ ਦੱਸਦੇ ਆਂ।'

'ਸੋਚਣਾ ਸਾਚਣਾ ਕੀ ਆ, ਹਾਂ ਕਰ ਦੇਣੀ ਸੀ, ਜਾ ਆਇਆ ਕਰੂੰ ਮੈਂ, ਇੱਥੇ ਸਾਰੀ ਦਿਹਾੜੀ ਕੰਧਾਂ ਹੀ ਵੇਖਣੀਆਂ।' ਨਸੀਬੋ ਤੋਂ ਖੁਸ਼ੀ ਸਾਂਭੀ ਨਾ ਗਈ।

'ਮੈਂ ਸੋਚਿਆ ਬੀ ਤੇਰੇ ਨਾਲ ਵੀ ਮਸ਼ਵਰਾ ਕਰ ਲਵਾਂ, ਮੈਨੂੰ ਵੀ ਠੀਕ ਈ ਲਗਦਾ ਉਦਾਂ ਤਾਂ...।' ਹੁਕਮੇ ਨੇ ਵੀ ਢਿੱਡ ਦੀ ਗੱਲ ਆਖੀ।

'ਨਾਲੇ ਨਵਜੋਤ ਭੈਣਜੀ ਵੀ ਵੀਰਦੀਪ ਦਾ ਬਹੁਤ ਕਰਨ ਲੱਗ ਪਈ ਆ। ਮੇਰੇ ਨਾਲ ਵੀ ਬਥੇਰੀ ਬਣਦੀ ਉਹਦੀ। ਵੀਰਦੀਪ ਤਾਂ ਖਹਿੜਾ ਈ ਨ੍ਹੀਂ ਛੱਡਦਾ ਉਹਦਾ। ਪੱਲਾ ਚੁੱਕ ਕੇ ਦੁਧ ਚੁੰਘਣ ਲੱਗ ਪੈਂਦਾ। ਹਾਰ ਕੇ ਵਿਚਾਰੀ ਚੁੰਘਣੀ ਲਿਆਈ ਏਹਦੇ ਲਈ। ਜਦੋਂ ਇਹ ਉਹਦੇ ਦੁੱਧ ਨੂੰ ਮੂੰਹ ਪਾਉਂਦਾ ਤਾਂ ਉਹ ਦੁੱਧ ਵਾਲੀ ਚੁੰਘਣੀ ਵੀ ਪਾ ਦਿੰਦੀ ਇਹਦੇ ਮੂੰਹ 'ਚ। ਕਦੀ ਕਦੀ ਤਾਂ ਮੈਂ ਡਰ ਜਾਨੀ ਆਂ ਬਈ ਮੁੰਡਾ ਭੁੱਲ ਈ ਨਾ ਜਾਵੇ ਸਾਨੂੰ।' ਨਸੀਬੋ ਸਹਿਜ ਸੁਭਾਅ ਬੋਲਦੀ ਚਲੀ ਗਈ।

'ਇਓਂ ਕਿਉਂ ਕਰਨ ਦਿਨੀਂ ਇਹਨੂੰ, ਅਗਲੇ ਪਤਾ ਨ੍ਹੀਂ ਕੀ ਸੋਚਣਗੇ, ਬਈ ਮਜ਼੍ਹਬੀਆਂ ਦਾ ਮੁੰਡਾ ਸਾਨੂੰ ਮੂੰਹ ਮਾਰੀ ਜਾਂਦਾ।'

'ਸੋਚਣਾ ਕੀ ਉਨ੍ਹਾਂ, ਨਵਜੋਤ ਭੈਣ ਤਾਂ ਹੱਸਦੀ ਸਾਹ ਨ੍ਹੀਂ ਲੈਂਦੀ, ਲਾਲੀਆਂ ਚੜ੍ਹ ਜਾਂਦੀਆਂ ਉਹਨੂੰ ਤਾਂ ਜਿਵੇਂ।' ਨਸੀਬੋ ਨੇ ਆਖਰੀ ਗੱਲ ਕਹੀ, ਤੇ ਫਿਰ ਉਹ ਹੋਰ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਸੌਂ ਗਏ। ਸੌਣ ਤੋਂ ਪਹਿਲਾਂ ਨਸੀਬੋ ਨੇ ਵੀਰਦੀਪ ਨੂੰ ਆਪਣੇ ਨਾਲ ਪਾ ਲਿਆ ਤੇ ਆਪ ਹੁਕਮੇ ਵਾਲੇ ਮੰਜੇ 'ਤੇ ਹੋ ਗਈ।

ਸਵੇਰੇ ਉੱਠੇ ਤਾਂ ਘਰ ਦਾ ਕੰਮ-ਕਾਰ ਨਬੇੜ ਕੇ ਨਸੀਬੋ ਕਰਮੇ ਹੋਰਾਂ ਵੱਲ ਚਲੀ ਗਈ। ਵੀਰਦੀਪ ਹੁਣ ਨਸੀਬੋ ਨੇ ਮੋਢੇ ਲਾਇਆ ਹੋਇਆ ਸੀ। ਨਸੀਬੋ ਦੇ ਮੋਢੇ ਨਾਲ ਲੱਗ ਕੇ ਮੁੰਡਾ ਸੌਂ ਗਿਆ। ਨਵਜੋਤ ਵੀਰਦੀਪ ਨੂੰ ਇੱਕ ਤਰ੍ਹਾਂ ਨਾਲ ਉਡੀਕਣ ਲੱਗ ਪਈ ਸੀ। 'ਇਹ ਕਿਸ ਕਿਸਮ ਦਾ ਲਗਾਓ ਐ?' ਕਈ ਵਾਰ ਉਹ ਸੋਚਦੀ, 'ਸ਼ਾਇਦ ਮੇਰਾ ਬਾਂਝ ਹੋਣਾ ਹੀ ਇਸ ਦਾ ਕਾਰਨ ਹੋਵੇ।' ਇੱਦਾਂ ਦੀਆਂ ਸੋਚਾਂ ਵਿੱਚ ਬਹੁਤ ਵਾਰ ਉਹ ਕਾਫੀ ਦੂਰ ਨਿਕਲ ਕੇ ਵਾਪਸ ਪਰਤਦੀ। ਫਿਰ ਆਪੇ ਆਖਦੀ, 'ਛੱਡ ਮਨਾਂ, ਦਿਲ ਲੱਗਿਆ ਹੋਇਆ, ਲਗਾਈ ਰੱਖ, ਰੱਬ ਨੇ ਬਹਾਨਾ ਦੇ ਦਿੱਤੈ।'

---

ਕਰਮਜੀਤ ਤੇ ਹੁਕਮ ਸਿਉਂ ਕਿਆਂ ਦੀ ਇਹ ਵਿੜ੍ਹੀ ਚਾਰ ਕੁ ਸਾਲ ਇਵੇਂ ਚੱਲਦੀ ਰਹੀ। ਲੈਣ-ਦੇਣ ਤੇ ਪੈਸੇ ਧੇਲੇ ਤੋਂ ਲੈ ਕੇ, ਇੱਕ ਦੂਜੇ ਦੇ ਅਣਖ ਇੱਜ਼ਤ ਤੱਕ ਦੋਨੋ ਪਰਿਵਾਰ ਇੱਕ-ਦੂਜੇ ਦੇ ਭਾਈਵਾਲ ਬਣ ਗਏ। ਇਉਂ ਆਪਸੀ ਰਿਸ਼ਤਾ ਸਗੋਂ ਗੂੜ੍ਹਾ ਹੁੰਦਾ ਚਲਾ ਗਿਆ। ਵੀਰਦੀਪ ਨੂੰ ਛੇਵਾਂ ਸਾਲ ਲੱਗ ਗਿਆ ਸੀ। ਆਪਣੀ ਮਾਂ ਤੇ ਨਵਜੋਤ ਕੁਰ ਕੋਲੋਂ ਹੁਣ ਉਹਦੀਆਂ ਪਹਿਲਾਂ ਵਾਲੀਆਂ ਮੰਗਾਂ ਤਾਂ ਮੁੱਕ ਗਈਆਂ ਸਨ, ਪਰ ਹੋਰ ਨਵੀਆਂ ਉਭਰ ਆਈਆਂ। ਤਰ੍ਹਾਂ-ਤਰ੍ਹਾਂ ਦੇ ਖਿਡਾਉਣਿਆਂ ਲਈ ਉਹ ਜ਼ਿੱਦ ਕਰਦਾ। ਉਹ ਪਿੰਡ ਵਾਲੇ ਮਿਡਲ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹਨ ਲੱਗ ਪਿਆ ਸੀ। ਸਕੂਲ ਦੇ ਹੈਡਮਾਸਟਰ ਨੇ ਤਿੰਨ ਚਾਰ ਫੁੱਟਬਾਲਾਂ ਲਿਆ ਰੱਖੀਆਂ ਸਨ। ਇੱਕ ਪੀਰੀਅਡ ਖੇਡਾਂ ਦਾ ਹੁੰਦਾ। ਸਕੂਲ ਨਾਲ ਲਗਦੀ ਗਰਾਊਂਡ ਵਿੱਚ ਵੱਡੇ ਬੱਚੇ ਪਾਲੇ ਵੰਡ ਕੇ ਖੇਡਣ ਲਗਦੇ। ਮੁੰਡੇ ਕਬੱਡੀ ਤੇ ਫੁੱਟਬਾਲ ਖੇਡਦੇ, ਕੁੜੀਆਂ ਖੋਹ-ਖੋਹ ਖੇਡਣ ਲਗਦੀਆਂ। ਵੀਰਦੀਪ ਸਾਈਡ 'ਤੇ ਬੈਠਾ ਵੇਖਦਾ ਰਹਿੰਦਾ। ਉਹਦਾ ਜੀ ਕਰਦਾ ਬਈ ਉਹ ਵੀ ਖੇਡੇ ਪਰ ਵੱਡੇ ਬੱਚੇ ਉਸ ਦੇ ਪੱਬ ਨਾ ਲੱਗਣ ਦਿੰਦੇ। ਉਹ ਘਰ ਆਉਂਦਾ ਤਾਂ ਹੁਕਮੇ ਤੋਂ ਫੁੱਟਬਾਲ ਦੀ ਮੰਗ ਕਰਨ ਲਗਦਾ। ਹੁਕਮੇ ਤੋਂ ਉਹ ਥੋੜ੍ਹਾ ਝਕਦਾ ਜਿਹਾ ਰਹਿੰਦਾ, ਪਰ ਨਸੀਬੋ ਨੂੰ ਫੁੱਟਬਾਲ ਲਿਆਉਣ ਨੂੰ ਕਹਿੰਦਾ। ਨਸੀਬੋ ਹੁਕਮੇ ਨੂੰ ਆਖਦੀ। 'ਲਿਆ ਦਿਆਂਗੇ' ਹੁਕਮਾ ਸਰਸਰੀ ਕਹਿ ਛੱਡਦਾ। ਉਹਨੂੰ ਸੀ ਕਿ ਮੁੰਡਾ ਹਾਲੇ ਨਿਆਣਾ। ਦਿਨ ਲੰਘਦੇ ਗਏ, ਵੀਰਦੀਪ ਦੀ ਮੰਗ ਟਲਦੀ ਰਹੀ, ਪਰ ਖੇਡਣ ਦੀ ਤ੍ਰਿਸ਼ਨਾ ਉਸ ਦੀ ਤੇਜ਼ ਹੁੰਦੀ ਗਈ। ਸਕੂਲ ਦੀ ਇੱਕ ਕੰਧ ਗੁਰਦੁਆਰੇ ਨਾਲ ਲਗਦੀ ਸੀ। ਅੱਖ ਬਚਾ ਕੇ ਵੀਰਦੀਪ ਨੇ ਸਕੂਲ ਦੇ ਸਟੋਰ ਵਿੱਚੋਂ ਫੁੱਟਬਾਲ ਚੁੱਕੀ ਤੇ ਗੁਰਦੁਆਰੇ ਵਾਲੇ ਪਾਸੇ ਸੁੱਟ ਦਿੱਤੀ, ਗੁਰਦੁਆਰੇ ਵੱਲੇ ਇਹ ਜ਼ਮੀਨ ਹਾਲੇ ਬੇਅਬਾਦ ਹੀ ਪਈ ਸੀ। ਝਾੜ ਝੋਕੇ ਉੱਗੇ ਹੋਏ ਸਨ। ਛੁੱਟੀ ਵੇਲੇ ਉਹ ਘਰ ਚਲਾ ਗਿਆ। ਮੂੰਹ 'ਨ੍ਹੇਰਾ ਜਿਹਾ ਹੋਏ ਉਸ ਨੇ ਘਰ ਪਿਆ ਰੇਹ ਵਾਲਾ ਥੈਲਾ ਕੱਛੇ ਮਾਰਿਆ ਤੇ ਗੁਰਦੁਆਰੇ ਵਾਲੇ ਪਾਸੇ ਪਈ ਫੁੱਟਬਾਲ ਉਹਦੇ ਵਿੱਚ ਪਾ ਕੇ ਘਰੇ ਲੈ ਆਇਆ। ਫੁੱਟਬਾਲ ਉਹਨੇ ਉਵੇਂ ਬੋਰੀ ਵਿੱਚ ਪਾ ਕੇ ਵੱਖੀ ਵਾਲੀ ਕੱਚੀ ਕੋਠੜੀ ਦੀ ਪਰਛੱਤੀ 'ਤੇ ਰੱਖ ਦਿੱਤੀ। ਅਗਲੇ ਦਿਨ ਸਕੂਲੋਂ ਆਣ ਕੇ ਆਪਣੇ ਘਰ ਦੇ ਨਿੱਕੇ ਜਿਹੇ ਵਿਹੜੇ ਵਿੱਚ ਉਹ ਫੁਟਬਾਲ ਨੂੰ ਕਿੱਕਾਂ ਮਾਰਨ ਲੱਗਾ। ਬਾਲ ਕੰਧ ਨਾਲ ਲੱਗ ਕੇ ਵਾਪਸ ਪਰਤ ਆਉਂਦੀ। ਨਸੀਬੋ ਨੇ ਕਰਮੇ ਕਿਆਂ ਵਲੋਂ ਆਣ ਕੇ ਘਰ ਦਾ ਬਚਦਾ ਕੰਮ ਨਬੇੜਿਆ ਅਤੇ ਸੌਂ ਗਈ। ਬਾਲ ਕੰਧ ਨਾਲ ਵਾਰ ਵਾਰ ਲੱਗਣ ਨਾਲ ਉਸ ਦੀ ਜਾਗ ਖੁੱਲ੍ਹ ਗਈ। ਬੱਚੇ ਨੂੰ ਫੁੱਟਬਾਲ ਨਾਲ ਖੇਡਦਾ ਵੇਖ ਕੇ ਉਹ ਹੈਰਾਨ ਰਹਿ ਗਈ। 'ਬਾਪੂ ਜੀ ਨੇ ਲਿਆ ਕੇ ਦਿਤੀ?' ਮਾਂ ਨੇ ਪੁਛਿਆ।

'ਨਹੀਂ ਮੈਂ ਆਪੇ ਲੈ ਆਇਆਂ', ਵੀਰਦੀਪ ਨੇ ਅਣਸਹਿਮੀ ਆਵਾਜ਼ ਵਿੱਚ ਕਿਹਾ।

'ਮਾਸਟਰ ਨੇ ਦਿੱਤੀ?' ਮਾਂ ਦਾ ਅਗਲਾ ਸਵਾਲ ਸੀ।

'ਨਹੀਂ ਮੈ ਚੁੱਕ ਕੇ ਗੁਰਦੁਆਰੇ ਵਾਲੇ ਪਾਸੇ ਸੁੱਟ ਲਈ, ਤੇ ਫਿਰ ਚੱਕ ਲਿਆਇਆ ਘਰੇ।'

ਨਸੀਬੋ ਨੇ ਠਾਹ ਕਰਦੀ ਮੁੰਡੇ ਦੇ ਮੂੰਹ 'ਤੇ ਚਪੇੜ ਮਾਰੀ, 'ਚੋਰੀ ਕਰਕੇ ਲਿਆਇਆਂ?' ਉਹ ਚੀਖੀ।

'ਤੁਸੀਂ ਤਾਂ ਲਿਆ ਕੇ ਨ੍ਹੀਂ ਦਿੱਤੀ, ਹੋਰ ਮੈਂ ਕੀ ਕਰਦਾ', ਡੁਸਕਦੇ ਵੀਰਦੀਪ ਨੇ ਜਵਾਬ ਦਿੱਤਾ। ਮੁੰਡੇ ਦਾ ਚਿੱਤ ਗੁਨਾਹ ਦੇ ਅਹਿਸਾਸ ਤੋਂ ਹਾਲਾਂ ਵੀ ਦੂਰ ਸੀ।

'ਖ਼ਬਰਦਾਰ ਜੇ ਚੋਰੀ ਦੀ ਬਾਲ ਨਾਲ ਖੇਡਿਆ, ਆਪੇ ਤੇਰਾ ਬਾਪੂ ਸਵੇਰੇ ਲਿਆ ਦੂ,' ਉਹ ਵੀਰਦੀਪ ਨੂੰ ਬਾਹੋਂ ਫੜ ਕੇ ਅੰਦਰ ਖਿੱਚ ਲਿਆਈ ਅਤੇ ਫੁੱਟਬਾਲ ਡੱਠੇ ਪਏ ਮੰਜੇ ਹੇਠਾਂ ਧੱਕ ਦਿੱਤੀ। ਉਹਦਾ ਗੁੱਸਾ ਢੈਲਾ ਨਹੀਂ ਸੀ ਹੋਇਆ। ਉਹਦਾ ਦਿਲ ਕੀਤਾ ਕਿ ਦੋ ਚਾਰ ਹੋਰ ਛੱਡੇ, ਪਰ ਮੁੰਡੇ ਦਾ ਵਿਚਾਰਾ ਜਿਹਾ ਮੂੰਹ ਵੇਖ ਕੇ ਉਸ ਨੂੰ ਤਰਸ ਆ ਗਿਆ। ਗੁੱਸਾ ਢੈਲਾ ਹੋਇਆ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਮੁੰਡਾ ਕਿੰਨੇ ਦਿਨਾਂ ਦਾ ਮੰਗੀ ਜਾਂਦਾ, ਅਸੀਂ ਲਿਆ ਨ੍ਹੀਂ ਸਕੇ ਫੁੱਟਬਾਲ। ਫਿਰ ਉਸ ਨੇ ਵੀਰਦੀਪ ਨੂੰ ਬੁੱਕਲ ਵਿੱਚ ਲੈ ਲਿਆ। ਚਪੇੜ ਨਾਲ ਵੀਰਦੀਪ ਦਾ ਮੂੰਹ ਲਾਲ ਹੋ ਗਿਆ ਸੀ। ਉਹ ਉਹਦਾ ਮੂੰਹ ਚੁੰਮਣ ਲੱਗੀ। 'ਦੇਖ ਪੁੱਤ ਘਰਾਂ 'ਚ ਔਖ-ਸੌਖ ਵੀ ਹੁੰਦੀ, ਦੇਰ-ਸਵੇਰ ਵੀ, ਪਰ ਇਹਦਾ ਮਤਲਬ ਇਹ ਥੋੜ੍ਹੀ ਤੁਸੀਂ ਚੋਰੀ ਕਰਨ ਲੱਗੋ।' ਪਿਆਰ ਨਾਲ ਸਮਝਾਉਣ 'ਤੇ ਮੁੰਡਾ ਵੀ ਹੁਣ ਉਹਦੀ ਗੱਲ ਧਿਆਨ ਨਾਲ ਸੁਣਨ ਲੱਗ ਪਿਆ। ਉਹ ਮੰਜੇ 'ਤੇ ਟੇਢੀ ਹੋ ਗਈ ਤੇ ਵੀਰਦੀਪ ਨੂੰ ਸਹਿਲਾਉਣ ਲੱਗੀ। ਵੀਰਦੀਪ ਨੂੰ ਨੀਂਦ ਆ ਗਈ। ਪਾਠੀ ਬੋਲ ਪਿਆ ਸੀ। ਹੁਕਮਾ ਡਿਊਟੀ ਤੋਂ ਆਉਣ ਬਾਅਦ ਕਰਮੇ ਹੋਰਾਂ ਵੱਲ ਚਲਾ ਗਿਆ। ਉਹਦੇ ਆਉਣ ਵਿੱਚ ਹਾਲੇ ਦੇਰ ਸੀ। ਉਹਨੇ ਉੱਠ ਕੇ ਹਾਰੇ ਵਿੱਚ ਭੰਨ ਕੇ ਪਾਥੀਆਂ ਸੁੱਟੀਆਂ ਤੇ ਕੁਝ ਡੱਕੇ ਜਿਹੇ ਵੀ, ਥੋੜ੍ਹਾ ਜਿਹਾ ਮਿੱਟੀ ਦਾ ਤੇਲ ਪਾ ਕੇ ਅੱਗ ਬਾਲ ਦਿੱਤੀ। ਜਦੋਂ ਅੱਗ ਚੰਗੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸ਼ਾਨਾਂਮੱਤਾ ਹੈ ਨਿਹੰਗ ਸੰਪਰਦਾ ਦਾ ਇਤਿਹਾਸ

**ਵਿਸ਼ੇਸ਼**

ਹਰਦੀਪ ਸਿੰਘ ਹੈਪੀ ਪੰਡਵਾਲਾ
ਫੋਨ: +91-9814095400



ਪੁਰਾਤਨ ਸਮੇਂ 'ਚ ਨਿਹੰਗ ਸਜਣ ਦਾ ਅਰਥ ਸੀ- ਖ਼ਾਲਸਾ ਫ਼ੌਜ ਦਾ 24 ਘੰਟੇ ਦਾ ਸਿਪਾਹੀ, ਗ੍ਰਿਹਸਥੀ ਜੀਵਨ ਤੋਂ ਦੂਰ ਰਹਿੰਦਿਆਂ ਵੀ ਸਮਾਜ ਨੂੰ ਨਾਲ ਲੈ ਕੇ ਚੱਲਣਾ, ਲੋਹੇ ਦੇ ਭਾਂਡਿਆਂ 'ਚ ਛਕਣਾ ਤੇ ਹਰ ਸਮੇਂ ਲੜਨ ਲਈ ਤਿਆਰ ਰਹਿਣਾ। ਜੰਗੀ ਸੁਵਿਧਾ ਲਈ ਵਿਸ਼ੇਸ਼ ਕਿਸਮ ਦੀ ਭਾਸ਼ਾ (ਬੋਲੇ) ਤਿਆਰ ਕਰਨੀ ਨਿਹੰਗ ਫ਼ੌਜਾਂ ਦੀ ਖ਼ਾਸੀਅਤ ਸੀ, ਪਰ ਹੁਣ ਨਾ ਉਹ ਸਮਾਂ ਰਿਹਾ ਤੇ ਨਾ ਹੀ ਨਿਹੰਗ। ਸਮੇਂ ਦੇ ਬਦਲਣ ਨਾਲ ਨਿਹੰਗਾਂ ਦੇ ਹੱਥਾਂ 'ਚ ਤਲਵਾਰਾਂ, ਬਰਛਿਆਂ ਦੀ ਗਿਣਤੀ ਘੱਟ ਗਈ ਅਤੇ ਰਫ਼ਲਾਂ, ਬੰਦੂਕਾਂ ਵੱਧ ਗਈਆਂ। ਘੋੜਿਆਂ, ਹਾਥੀਆਂ ਦੀ ਥਾਂ ਜੀਪਾਂ, ਕਾਰਾਂ ਨੇ ਲੈ ਲਈ। ਪਹਿਲਾਂ ਪਹਿਲ ਨਿਹੰਗ ਛਾਉਣੀਆਂ 'ਚ ਰਹਿੰਦੇ ਸਨ, ਪਰ ਹੁਣ ਜਿੱਥੇ ਥਾਂ ਮਿਲੇ ਡੇਰਾ ਜਮਾਂ ਲੈਂਦੇ ਹਨ। ਜੇ ਨਿਹੰਗਾਂ ਦੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਜ਼ਿਆਦਾਤਰ ਨਿਹੰਗ ਸਿੰਘਾਂ ਦੇ ਦੱਸਣ ਮੁਤਾਬਕ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਇੱਕ ਦਿਨ ਸੋਹਣਾ ਉਚ ਦੁਮਾਲਾ ਅਤੇ ਨੀਲਾ ਬਾਣਾ ਸਜਾ ਕੇ ਦਸਮ ਪਾਤਸ਼ਾਹ ਦੇ ਸਾਹਮਣੇ ਆਏ ਤਾਂ ਮਹਾਰਾਜ ਬਹੁਤ ਪ੍ਰਸੰਨ ਹੋਏ ਤੇ ਕਿਹਾ ਇਸ ਲਿਬਾਸ ਵਾਲਾ ਇੱਕ ਨਿਹੰਗ ਪੰਥ ਹੋਵੇਗਾ। ਇਹ ਵੀ ਪ੍ਰਚੱਲਿਤ ਹੈ ਕਿ ਦਸਮ ਪਿਤਾ ਨੇ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਥਾਪਨਾ ਕਰਕੇ ਨਿਹੰਗ ਸਰੂਪ ਬਾਣਾ ਬਖ਼ਸਿਸ਼ ਕੀਤਾ ਸੀ, ਜਿਸ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਬਚਦੀ ਕਿ ਨਿਹੰਗ ਸਿੰਘਾਂ ਦਾ ਸਰੂਪ ਸਿਰਜਣ ਵਾਲੇ ਦਸਮ ਪਿਤਾ ਹੀ ਹਨ।

ਇੱਕ ਹੋਰ ਮੱਤ ਅਨੁਸਾਰ ਜਦੋਂ ਗੁਰੂ ਜੀ ਉਚ ਦਾ ਪੀਰ ਬਣ ਕੇ ਜਾ ਰਹੇ ਸਨ ਤਾਂ ਉਨ੍ਹਾਂ ਨੀਲਾ ਬਾਣਾ ਪਹਿਨਿਆ ਹੋਇਆ ਸੀ, ਪਰ ਇਨ੍ਹਾਂ ਸਾਖ਼ੀਆਂ ਦਾ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਮੁਤਾਬਕ ਨਿਹੰਗ ਸ਼ਬਦ ਦਾ ਅਰਥ ਖ਼ੜਗ, ਤਲਵਾਰ ਦੱਸਿਆ ਗਿਆ ਹੈ, ਜਦਕਿ ਸੰਸਕ੍ਰਿਤ ਭਾਸ਼ਾ 'ਚ ਇਸ ਦਾ ਅਰਥ ਨਿਡਰ ਸ਼ਬਦ ਦੀ ਪੂਰਤੀ ਕਰਦਾ ਹੈ। ਪੁਰਾਤਨ ਸਮੇਂ 'ਚ ਨਿਹੰਗ ਸਿੰਘਾਂ ਨੂੰ ਦੋ ਗਰੁੱਪਾਂ- ਬੁੱਢਾ ਦਲ ਤੇ ਤਰਨਾ ਦਲ 'ਚ ਵੰਡਿਆ ਗਿਆ। 40 ਸਾਲਾਂ ਤੋਂ ਜ਼ਿਆਦਾ ਉਮਰ ਵਾਲੇ ਸਿੰਘ ਬੁੱਢਾ ਦਲ 'ਚ ਸ਼ਾਮਿਲ ਕੀਤੇ ਗਏ। ਇਨ੍ਹਾਂ ਦਾ ਕੰਮ ਗੁਰੂ ਘਰਾਂ ਦੀ ਸੰਭਾਲ ਤੇ ਰੱਖਿਆ ਕਰਨਾ ਸੀ। 40 ਸਾਲ ਤੋਂ ਘੱਟ ਉਮਰ ਦੇ ਸਿੰਘ ਤਰਨਾ ਦਲ 'ਚ ਸ਼ਾਮਿਲ ਕੀਤੇ ਗਏ, ਜੋ ਅੱਗੇ ਵੱਧ ਕੇ ਜੰਗੀ ਮੋਰਚੇ ਸਰ ਕਰਦੇ ਸਨ। ਇਸੇ ਤਰ੍ਹਾਂ ਤਰਨਾ ਦਲ ਨੂੰ ਅੱਗੇ 5 ਜਥਿਆਂ 'ਚ ਵੰਡਿਆ ਗਿਆ। ਇਨ੍ਹਾਂ ਜਥਿਆਂ ਦਾ ਕੰਮ ਪੰਥ ਨੂੰ ਚੜ੍ਹਦੀ ਕਲਾ 'ਚ ਰੱਖਣਾ ਤੇ ਵੈਰੀ ਨਾਲ ਲੋਹਾ ਲੈਣਾ ਸੀ। ਹਰ ਇੱਕ ਜਥੇ ਵਿੱਚ 13 ਸੌ ਤੋਂ ਲੈ ਕੇ 2 ਹਜ਼ਾਰ ਦੇ ਕਰੀਬ ਹਥਿਆਰਬੰਦ ਸਿੰਘ ਸ਼ਾਮਿਲ ਹੁੰਦੇ ਸਨ। ਜਦੋਂ ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੇ ਪਹਿਲਾਂ ਨਵਾਬੀ ਤੇ ਜਾਗੀਰ ਦਾ ਖਿੱਲਤ ਪੇਸ਼ ਕਰਕੇ ਸਿੱਖਾਂ ਨਾਲ ਸੰਪਰਕ ਬਣਾਇਆ, ਫਿਰ ਵਿਸ਼ਵਾਸਘਾਤ ਕਰਕੇ ਉਸ ਨੇ ਸਿੱਖਾਂ 'ਤੇ ਦੁਬਾਰਾ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਸਮੇਂ ਅਨੁਸਾਰ ਦੋਹਾਂ ਦਲਾਂ ਦੇ ਸੂਰਬੀਰ ਜੰਗਲਾਂ, ਪਹਾੜਾਂ ਵੱਲ ਖਿੱਲਰ ਗਏ। ਇੱਧਰ-ਉਧਰ ਖਿੰਡਣ ਨਾਲ ਇਨ੍ਹਾਂ ਦੇ ਕਈ ਛੋਟੇ-ਛੋਟੇ ਜਥੇ ਬਣਦੇ ਗਏ।

ਸਮਾਂ ਬੀਤਦਾ ਗਿਆ। 1748 ਦੀ ਵਿਸਾਖੀ ਨੂੰ ਸਾਰੇ ਜਥੇ ਅੰਮ੍ਰਿਤਸਰ ਇਕੱਠੇ ਹੋਏ ਤੇ ਸਰਬੱਤ ਖਾਲਸੇ ਦੇ ਗੁਰਮਤੇ ਨਾਲ ਵੱਡੀ ਜਥੇਬੰਦੀ ਦੀ ਸਥਾਪਨਾ ਕੀਤੀ, ਜਿਸਦਾ ਨਾਂ ਦਲ ਖ਼ਾਲਸਾ ਰੱਖਿਆ ਗਿਆ ਅਤੇ ਇਸਦੀ ਸਰਦਾਰੀ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੀ। ਦਲ ਖ਼ਾਲਸਾ ਦੀ ਸਥਾਪਨਾ ਨਾਲ ਸਾਰੇ ਛੋਟੇ-ਛੋਟੇ ਜਥਿਆਂ ਨੂੰ 11 ਟੋਲ਼ਿਆਂ 'ਚ ਵੰਡ ਦਿੱਤਾ ਅਤੇ ਇਨ੍ਹਾਂ ਟੋਲ਼ਿਆਂ ਨੂੰ ਮਿਸਲਾਂ ਦਾ ਨਾਂ ਦਿੱਤਾ ਗਿਆ। ਸਰਹਿੰਦ ਸੂਬੇ ਨੂੰ ਜਿੱਤਣ ਤੋਂ ਬਾਅਦ ਹਰ ਇੱਕ ਮਿਸਲ ਨੇ ਆਪਣੀਆਂ-ਆਪਣੀਆਂ ਰਿਆਸਤਾਂ ਕਾਇਮ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਮਿਸਲਦਾਰਾਂ ਦੀ ਆਪਸੀ ਖ਼ਾਰਬਾਜ਼ੀ ਤੇ ਵੈਰ ਵਧਣਾ ਸ਼ੁਰੂ ਹੋ ਗਿਆ। ਅਸਲ 'ਚ ਇਨ੍ਹਾਂ ਮਿਸਲਾਂ ਦੀ ਸਥਾਪਨਾ ਨਾਲ ਬੁੱਢਾ ਤੇ ਤਰਨਾ ਦਲ ਦੇ ਨਾਂਵਾਂ ਦੀ ਅਹਿਮੀਅਤ ਘਟਦੀ ਗਈ।

ਜਦੋਂ ਨਿਹੰਗ ਜਥੇਬੰਦੀਆਂ ਦਾ ਸੰਗਠਨਤਾਮਕ ਢਾਂਚਾ ਤੈਅ ਕੀਤਾ ਗਿਆ, ਉਦੋਂ ਤੱਕ ਬੁੱਢਾ ਦਲ ਤੇ 5 ਤਰਨਾ ਦਲ ਹੁੰਦੇ ਸਨ, ਪਰ 1984 ਦੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਤੋਂ ਬਾਅਦ ਬੁੱਢਾ ਦਲ ਦੇ ਮੁਖੀ ਬਾਬਾ ਸੰਤਾ ਸਿੰਘ ਨੇ ਸਰਕਾਰ ਨਾਲ ਮਿਲ ਕੇ ਕਾਰਸੇਵਾ ਸ਼ੁਰੂ ਕਰਵਾਈ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਪ੍ਰਵਾਨ ਨਹੀਂ ਕੀਤਾ। ਬਾਬਾ ਸੰਤਾ ਸਿੰਘ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਅਤੇ ਅਕਾਲੀਆਂ ਨੇ ਬਾਬਾ ਸੰਤਾ ਸਿੰਘ ਦੀ ਜਥੇਬੰਦੀ ਦੇ ਬਰਾਬਰ ਇੱਕ ਹੋਰ ਬੁੱਢਾ ਦਲ ਨੂੰ ਮਾਨਤਾ ਦੇ ਦਿੱਤੀ, ਪਰ ਬੁੱਢਾ ਦਲ ਦਾ ਰਲੇਵਾਂ ਨਹੀਂ ਹੋ ਸਕਿਆ। ਇਸ ਸਮੇਂ ਸ਼੍ਰੋਮਣੀ ਕਮੇਟੀ ਦੀ ਮਾਨਤਾ ਪ੍ਰਾਪਤ ਬੁੱਢਾ ਦਲ ਦੀ ਜਥੇਦਾਰੀ ਬਾਬਾ ਬਲਬੀਰ ਸਿੰਘ ਕੋਲ ਹੈ। ਬੁੱਢਾ ਦਲ ਵਾਂਗ ਤਰਨਾ ਦਲ ਵੀ ਪਾਟੋਧਾੜ ਹੈ। ਇਨ੍ਹਾਂ ਦੇ ਗਰੁੱਪਾਂ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਇਨ੍ਹਾਂ ਜਥੇਬੰਦੀਆਂ ਵਿੱਚ ਤਰਨਾ ਦਲ ਹਰੀਆਂ ਵੇਲਾਂ ਵਰਗੇ ਵੀ ਸੰਗਠਨ ਹਨ, ਜੋ ਸਮੇਂ ਨਾਲ ਬਦਲੇ ਸਮਾਜ ਵਿੱਚ ਆਪਣਾ ਰੋਲ ਅਦਾ ਕਰ ਰਹੇ ਹਨ।

# ਸ਼ਾਹਸਵਾਰ

ਤਰ੍ਹਾਂ ਸੁਲਘ ਗਈ, ਤੌੜੀ ਵਿੱਚ ਮੋਠਾਂ ਦੀ ਦਾਲ ਰੱਖ ਦਿੱਤੀ ਤੇ ਮੁੜ ਆਣ ਕੇ ਵੀਰਦੀਪ ਨਾਲ ਪੈ ਗਈ। ਟਾਈਮ ਅੱਠ ਤੋਂ ਉਪਰ ਹੋ ਚੁੱਕਾ ਸੀ। ਹੁਕਮਾ ਹਾਲੇ ਆਇਆ ਨਹੀਂ ਸੀ। ਉਹਨੂੰ ਚਿੰਤਾ ਹੋਣ ਲੱਗੀ। 15 ਕੁ ਮਿੰਟ ਬਾਅਦ ਦਰਵਾਜ਼ਾ ਖੜਕਿਆ, ਹੁਕਮਾ ਅੰਦਰ ਵੜਿਆ। 'ਰੋਟੀ ਮੈਂ ਅੱਜ ਬਾਈ ਹੋਰਾਂ ਵੱਲੀਂ ਖਾ ਆਇਆਂ, ਤੁਸੀਂ ਆਪਣੀ ਖਾ ਲੈਣੀ ਸੀ ਨਸੀਬ ਕੁਰੇ। ਵੀਰਦੀਪ ਕਿੱਥੇ ਆ?' ਉਹਨੇ ਇਕੋ ਸਾਹ ਪੁੱਛਿਆ। ਵੀਰਦੀਪ ਬਹੁਤੀ ਵਾਰ ਬਾਪੂ ਦੇ ਆਉਣ ਬਾਅਦ ਹੀ ਸੌਂਇਆ ਕਰਦਾ ਸੀ। ਹੁਕਮੇ ਦਾ ਮੱਥਾ ਠਣਕਿਆ, 'ਕਿਉਂ ਢਿੱਲਾ ਮੱਠਾ' ਉਹਨੇ ਪੁੱਛਿਆ।

'ਨਹੀਂ' ਨਸੀਬੋ ਨੇ ਇੱਕ ਸ਼ਬਦ ਵਿੱਚ ਉੱਤਰ ਦਿੱਤਾ।

'ਮਖਾਂ ਅੱਜ ਜਲਦੀ ਸੌਂ ਗਿਆ,' ਹੁਕਮੇ ਦਾ ਧੀਮਾ ਜਿਹਾ ਸਵਾਲ ਸੀ।

'ਹੋਰ ਈ ਕਾਰਾ ਕਰ ਆਇਆ ਅੱਜ ਇਹ ਤਾਂ, ਫਿਰ ਮੇਰੇ ਤੋਂ ਇੱਕ ਦੋ ਧਰੀਆਂ ਗਈਆਂ, ਰੋਂਦਾ ਜਿਹਾ ਸੌਂ ਗਿਆ ਫਿਰ।'

'ਇਹ ਜੁਆਕ ਜਿਹਾ ਕੀ ਕਾਰਾ ਕਰ ਸਕਦਾ,' ਹੁਕਮੇ ਨੇ ਗੱਲ ਆਈ ਗਈ ਕਰਨੀ ਚਾਹੀ।

'ਥੋਡੇ ਭਾਅ ਦਾ ਜੁਆਕ ਆ ਇਹ!' ਨਸੀਬੋ ਬੋਲੀ।

'ਕੁਸ਼ ਦੱਸੇਂਗੀ ਵੀ ਕਿ ਬੁਝਾਰਤਾਂ ਜਿਹੀਆਂ ਈ ਪਾਈ ਜਾਏਂਗੀ!' ਹੁਕਮਾ ਕਾਹਲਾ ਪੈ ਗਿਆ।

'ਸਕੂਲੋਂ ਫੁੱਟਬਾਲ ਚੋਰੀ ਕਰ ਲਿਆਇਆ ਤੇਰਾ ਲਾਡਲਾ।' ਨਸੀਬੋ ਨੇ ਬੁਰਾ ਜਿਹਾ ਮੂੰਹ ਬਣਾ ਕੇ ਦੱਸਿਆ।

ਹੁਕਮ ਸਿਉਂ ਥੋੜ੍ਹੀ ਦੇਰ ਸੋਚਦਾ ਰਿਹਾ ਅਤੇ ਫਿਰ ਤਾੜੀ ਮਾਰੀ ਤੇ ਖਿੜ ਖਿੜਾ ਕੇ ਹੱਸ ਪਿਆ, 'ਚੋਰੀ ਨ੍ਹੀਂ ਇਹ ਕਹਿ ਬਈ ਸਕੂਲੋਂ ਫੁੱਟਬਾਲ ਚੁੱਕ ਲਿਆਇਆ।' ਉਹਦੇ ਹਾਸੇ ਨਾਲ ਵੀਰਦੀਪ ਜਾਗ ਪਿਆ ਸੀ।

'ਖਾਣ ਪੀਣ ਵਾਲੀਆਂ ਤੇ ਨਿੱਕੀਆਂ ਮੋਟੀਆਂ ਲੋੜ ਦੀਆਂ ਚੀਜ਼ਾਂ ਦੀ ਕਾਹਦੀ ਚੋਰੀ! ਸੂਰਮਾ ਮੇਰਾ ਪੁੱਤ ਸੂਰਮਾ', ਹੁਕਮੇ ਨੇ ਅੱਧ-ਸੁੱਤੇ ਜਿਹੇ ਵੀਰਦੀਪ ਦਾ ਮੱਥਾ ਚੁੰਮਿਆ। ਇੰਜ ਹੁਕਮੇ ਦੀ ਬੁੱਕਲ ਵਿੱਚ ਸੁਤ ਉਨੀਂਦਰੇ ਜਿਹੇ ਨੂੰ ਹੀ ਨਸੀਬੋ ਨੇ ਰੋਟੀ ਖੁਆ ਦਿੱਤੀ। ਰੋਟੀ ਖਾਣ ਬਾਅਦ ਉਹ ਫਿਰ ਗੂੜ੍ਹੀ ਨੀਂਦੇ ਸੌਂ ਗਿਆ।

ਜੁੜ ਕੇ ਡੱਠੀਆਂ ਮੰਜੀਆਂ 'ਤੇ ਪਏ ਉਹ ਕਈ ਦੇਰ ਤੱਕ ਵੀਰਦੀਪ ਬਾਰੇ ਗੱਲਾਂ ਕਰਦੇ ਰਹੇ।

'ਕਿੰਨੇ ਦਿਨ ਹੋ ਗਏ ਇਹਨੂੰ ਫੁੱਟਬਾਲ ਮੰਗਦੇ ਨੂੰ, ਆਪਾਂ ਕਿਹੜਾ ਲਿਆ ਕਿ ਦਿੱਤੀ, ਆਖਰ ਵਿਚਾਰੇ ਨੇ ਆਪੇ ਹੀਲਾ ਕੀਤਾ' ਹੁਣ ਨਸੀਬੋ ਵੀ ਜਿਵੇਂ ਹੁਕਮ ਸਿਉਂ ਵਾਲੀ ਬੋਲੀ ਬੋਲਣ ਲੱਗੀ ਸੀ।

'ਓ ਯਾਰ ਐਵੇਂ ਘੌਲ-ਘੌਲ ਵਿੱਚ ਈ ਰਹਿ ਗਏ। ਕੱਲ੍ਹ ਨੂੰ ਲੈਂਦਾ ਆਵਾਂਗਾ।' ਹੁਕਮੇ ਨੇ ਭੁੱਲ ਬਖਸ਼ਾਉਣ ਵਾਂਗ ਕਿਹਾ।

'ਕੱਲ੍ਹ ਨੂੰ ਥੋੜ੍ਹਾ ਲੇਟ ਚਲਾ ਜਾਵੀਂ ਕੰਮ 'ਤੇ, ਇਹ ਫੁੱਟਬਾਲ ਮੋੜ ਕੇ ਆਵੀਂ ਸਕੂਲੇ ਤੇ ਇਹਨੂੰ ਛੱਡ ਆਵੀਂ, ਨਾਲੇ ਬੱਚੇ ਦੀ ਗਲਤੀ ਤੇ ਮਾਫੀ ਮੰਗ ਆਵੀਂ।'

'ਇਡੀ ਕਿੱਡੀ ਕੁ ਗੱਲ ਐ ਇਹ, ਛੱਡ ਪਰ੍ਹਾਂ ਹੁਣ' ਹੁਕਮੇ ਨੇ ਗੱਲ ਆਈ ਗਈ ਕਰਨ ਦਾ ਯਤਨ ਕੀਤਾ।

'ਨਹੀਂ ਨਹੀਂ, ਗੁਰਦੁਆਰੇ ਵਾਲੇ ਪਾਸੇ ਸਿੱਟ ਲਈ ਸੀ ਬਾਲ ਇਹਨੇ ਕੱਲ੍ਹ, ਫਿਰ ਮੂੰਹ ਨ੍ਹੇਰੇ ਰੇਹ ਵਾਲੇ ਥੈਲੇ ਵਿੱਚ ਪਾ ਲਿਆਇਆ, ਪਤਾ ਨ੍ਹੀਂ ਕਿਸੇ ਨੇ ਦੇਖ ਈ ਲਿਆ ਹੋਵੇ।' ਨਸੀਬੋ ਬਦਨਾਮੀ ਤੋਂ ਡਰਦੀ ਸੀ।

'ਊਂ ਸਾਲਾ ਸਕੀਮੀ ਤਾਂ ਬੜਾ', ਹੁਕਮੇ ਨੂੰ ਮੁੰਡੇ ਦੀ ਹਿੰਮਤ ਨੇ ਵਜਦ ਵਿੱਚ ਲੈ ਆਂਦਾ ਸੀ।'

'ਚਲ ਚੰਗਾ ਮੋੜ ਆਵਾਂਗੇ, ਆ ਜਾ ਹੁਣ ਸੌਣ ਜੋਗੇ ਹੋਜੀਏ।' ਹੁਕਮਾ ਮਜ਼ਾਕ ਦੇ ਮੂਡ ਵਿੱਚ ਸੀ।

---

ਸਵੇਰੇ ਉੱਠਿਆ ਤਾਂ ਹੁਕਮਾ ਨਸੀਬੋ ਵਲੋਂ ਸੁਣਾਈ ਮੁੰਡੇ ਵਾਲੀ ਕਹਾਣੀ ਭੁੱਲ ਭੁਲਾ ਗਿਆ। ਅੱਠ ਕੁ ਵਜੇ ਉਹ ਦਫਤਰ ਵੱਲ ਜਾਣ ਲਈ ਤਿਆਰ ਹੋਣ ਲੱਗਾ ਤਾਂ ਨਸੀਬ ਕੁਰ ਨੇ ਫਿਰ ਟੋਕਿਆ ਕਿ ਮੁੰਡੇ ਨੂੰ ਸਕੂਲੇ ਛੱਡ ਕੇ ਜਾਵੀਂ। ਉਹ ਨਸੀਬੋ ਦਾ ਆਖਿਆ ਟਾਲਣ ਦੇ ਮੂਡ ਵਿੱਚ ਸੀ, ਪਰ ਉਹ ਅੜ ਗਈ। ਉਹਦੇ ਜ਼ੋਰ ਪਾਉਣ ਤੇ ਉਹ ਰੁਕ ਗਿਆ। ਉਹਨੇ ਨੌਕੀਆ ਦਾ ਮੋਬਾਈਲ ਕੱਢਿਆ ਤੇ ਦਫਤਰ ਆਪਣੇ ਸੁਪਰਡੈਂਟ ਨੂੰ ਆਖ ਦਿੱਤਾ ਕਿ ਮੈਂ ਘੰਟਾ ਕੁ ਲੇਟ ਆਵਾਂਗਾ। ਹੁਕਮਾ ਸਿੱਧਾ ਹੈਡਮਾਸਟਰ ਨੂੰ ਮਿਲਿਆ। ਹੈਡਮਾਸਟਰ ਹਾਜ਼ਰੀ ਰਜਿਸਟਰ ਚੈਕ ਕਰਨ ਵਿੱਚ ਰੁਝਿਆ ਹੋਇਆ ਸੀ। ਥੋੜ੍ਹੀ ਦੇਰ ਬਾਅਦ ਉਹਨੇ ਹੁਕਮੇ ਨੂੰ ਅੰਦਰ ਬੁਲਾਇਆ ਤੇ ਸਾਹਮਣੀ ਕੁਰਸੀ 'ਤੇ ਬਿਠਾ ਲਿਆ। 'ਹਾਂ ਜੀ ਕਿਵੇਂ ਆਉਣੇ ਹੋਏ?' ਮਾਸਟਰ ਨੇ ਸਵਾਲੀਆ ਨਜ਼ਰਾਂ ਨਾਲ ਉਹਦੇ ਵੱਲ ਵੇਖਿਆ।

'ਮਾਹਟਰ ਜੀ ਗੱਲ ਤਾਂ ਊਂ ਮੈਨੂੰ ਦੱਸਦੇ ਨੂੰ ਵੀ ਸੰਗ ਆਉਂਦੀ, ਪਰ ਮੇਰਾ ਮੁੰਡਾ ਥੋਡੇ ਕੋਲ ਪੜ੍ਹਦਾ, ਕੱਲ੍ਹ ਕਿਤੇ ਸਕੂਲੋਂ ਫੁੱਟਬਾਲ ਚੁੱਕ ਕੇ ਲੈ ਗਿਆ। ਘਰ ਜਾ ਕਿ ਖੇਡਣ ਲੱਗਿਆ ਤਾਂ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਮੈਂ ਇਸ ਮੁੰਡੇ ਵਲੋਂ ਕੀਤੀ ਗਲਤੀ ਦੀ ਮਾਫੀ ਮੰਗਦਾਂ ਤੇ ਆਹ ਫੁੱਟਬਾਲ ਵਾਪਸ ਕਰਨ ਆਇਆਂ।' ਵੀਰਦੀਪ ਦਫਤਰ ਦੇ ਬਾਹਰ ਖੜ੍ਹਾ ਸੀ। ਉਸ ਦੇ ਚਿਹਰੇ 'ਤੇ ਕੋਈ ਹਾਵਭਾਵ ਨਹੀਂ ਸੀ।

'ਕਿੱਥੇ ਆ ਮੁੰਡਾ?' ਮਾਸਟਰ ਨੇ ਪੁੱਛਿਆ।

'ਜੀ ਬਾਹਰ ਖੜ੍ਹਾ, ਹੁਣ ਨਾ ਇਹਨੂੰ ਕੁਸ਼ ਕਿਹੋ, ਇਹਦੀ ਮਾਂ ਨੇ ਇਹਦੀ ਬਥੇਰੀ ਡੰਡਾ ਪਰੇਡ ਕਰਤੀ,' ਹੁਕਮੇ ਨੇ ਗੱਲ ਕੁਝ ਵਧਾ ਕੇ ਦੱਸੀ।

ਮੁੰਡਾ ਜਦੋਂ ਅੰਦਰ ਆਇਆ ਤਾਂ ਮਾਸਟਰ ਨੇ ਵੀਰਦੀਪ ਨੂੰ ਸਿਰ ਤੋਂ ਪੈਰਾਂ ਤੱਕ ਜਾਂਚਿਆ ਤੇ ਫਿਰ ਮੁਸਕਰਾਉਣ ਲੱਗਾ, 'ਇਹ ਮੁੰਡਾ ਘੂਰਨ ਵਾਲਾ ਥੋੜ੍ਹਾ, ਇਹ ਤਾਂ ਇਦਾਂ ਦਾ ਖਿਡਾਰੀ ਬਣੂ, ਥੋਡਾ ਵੀ ਨਾਂ ਰੌਸ਼ਨ ਕਰੂ, ਤੇ ਥੁਆਡੇ ਪਿੰਡ ਦਾ ਵੀ।'

ਮਾਸਟਰ ਮੁੰਡੇ ਦੀ ਖੇਡਣ ਪ੍ਰਤੀ ਲਗਨ ਦਾ ਕਾਇਲ ਹੋ ਗਿਆ ਸੀ, ਵੀਰਦੀਪ ਇਸ ਦੌਰਾਨ ਨੀਵੀਂ ਪਾ ਕੇ ਖੜ੍ਹਾ ਰਿਹਾ।

'ਕੀ ਨਾਂ ਇਹਦਾ?' ਮਾਸਟਰ ਨੇ ਪੁੱਛਿਆ।

'ਜੀ ਵੀਰਦੀਪ ਸਿੰਘ।' ਹੁਕਮੇ ਨੇ ਜਵਾਬ ਦਿੱਤਾ।

'ਮੂੰਹ ਉੱਪਰ ਚੁੱਕ ਬਈ ਵੀਰਦੀਪ,' ਮਾਸਟਰ ਦੇ ਬੁਲਾਉਣ ਤੇ ਸੰਗਦੇ ਸੰਗਦੇ ਵੀਰਦੀਪ ਨੇ ਮੂੰਹ ਸਿੱਧਾ ਕੀਤਾ।

'ਖੇਡਾਂ ਦਾ ਪੀਰੀਅਡ ਹੁੰਦਾ, ਉਹਦੇ ਵਿੱਚ ਮੁੰਡੇ ਖੇਡਦੇ, ਤੂੰ ਵੀ ਖੇਡ ਲਿਆ ਕਰ।'

'ਜੀ ਉਹ ਮੈਨੂੰ ਖਿਡਾਉਂਦੇ ਨ੍ਹੀਂ, ਕਹਿੰਦੇ ਤੂੰ ਹਾਲੇ ਛੋਟਾਂ,' ਵੀਰਦੀਪ ਨੇ ਟੁੱਟਵੇਂ ਜਿਹੇ ਅੱਖਰਾਂ ਵਿੱਚ ਜੁਆਬ ਦਿੱਤਾ।

'ਮੈਂ ਕਹਿ ਦਿਨਾਂ ਇੰਚਾਰਜ ਮਾਸਟਰ ਨੂੰ, ਤੂੰ ਅੱਜ ਤੋਂ ਈ ਖੇਡਣਾ ਸ਼ੁਰੂ ਕਰ।' ਹੁਕਮਾ ਮਾਸਟਰ ਦੇ ਪ੍ਰਤੀਕਰਮ ਤੋਂ ਹੈਰਾਨ ਰਹਿ ਗਿਆ। ਉਹਨੂੰ ਸੀ ਬਈ ਹੈਡਮਾਸਟਰ ਮੁੰਡੇ ਨੂੰ ਬੁਰਾ ਭਲਾ ਕਹੇਗਾ, ਤੇ ਮੇਰੀ ਵੀ ਲਾਹਪਾਹ ਕਰੇਗਾ ਬਈ ਕੀ ਸਿਖਾਉਨੇ ਓਂ ਤੁਸੀਂ ਜੁਆਕ ਨੂੰ; ਪਰ ਕਹਾਣੀ ਬਿਲਕੁਲ ਉਲਟ ਵਾਪਰ ਗਈ ਸੀ।

ਦੁਪਹਿਰੋਂ ਬਾਅਦ ਜਦੋਂ ਖੇਡਾਂ ਦਾ ਪੀਰੀਅਡ ਆਇਆ ਤਾਂ ਇੰਚਾਰਜ ਮਾਸਟਰ ਆਪ ਪਹਿਲੀ ਕਲਾਸ ਵਿੱਚ ਆਇਆ ਤੇ ਵੀਰਦੀਪ ਨੂੰ ਨਾਲ ਗਰਾਉਂਡ ਵਿੱਚ ਲੈ ਗਿਆ। ਮਿਡਲ ਕਲਾਸਾਂ ਵਾਲੇ ਤੇ ਇੱਕ-ਦੋ ਪੰਜਵੀਂ ਵਾਲੇ ਮੁੰਡੇ ਖੇਡ ਮਾਸਟਰ ਨੇ ਦੋ ਪਾਲਿਆਂ ਵਿੱਚ ਬਰਾਬਰ ਬਰਾਬਰ ਵੰਡ ਦਿੱਤੇ। ਵੀਰਦੀਪ ਨੂੰ ਉਹਨੇ ਖੱਬੇ ਵਾਲੇ ਪਾਸੇ ਦੇ ਮੁੰਡਿਆਂ ਵਿੱਚ ਵਾਧੂ ਮੈਂਬਰ ਵਜੋਂ ਖਿਡਾ ਦਿੱਤਾ। ਉਹ ਖੇਡ ਰਹੇ ਮੁੰਡਿਆਂ ਵਿੱਚ ਸਾਰਿਆਂ ਤੋਂ ਛੋਟਾ ਸੀ। ਉਹ ਦੋਹਾਂ ਫੁੱਲ ਬੈਕਾਂ ਦੇ ਲਾਗੇ ਖੇਡਣ ਲੱਗਾ। ਬਾਲ ਨੂੰ ਉਹਦਾ ਪੈਰ ਘੱਟ ਵੱਧ ਹੀ ਲਗਦਾ, ਪਰ ਉਹ ਵੱਡੇ ਮੁੰਡਿਆਂ ਨਾਲ ਭਿੜਨ ਦਾ ਯਤਨ ਕਰਦਾ। ਬਿਲਕੁਲ ਸਹਿਜ, ਜਿਵੇਂ ਉਮਰ ਦਾ ਕੋਈ ਫਰਕ ਉਸ ਦੇ ਦਿਮਾਗ ਵਿੱਚ ਨਾ ਹੋਵੇ। ਇੱਕ ਦੋ ਵਾਰ ਉਹਦੇ ਆੜੀਆਂ ਨੇ ਜਾਣ-ਬੁਝ ਕੇ ਉਸ ਵੱਲ ਬਾਲ ਸਰਕਾਈ। ਉਹਨੇ ਸਹਿਜ ਨਾਲ ਰੋਕੀ ਤੇ ਕਿੱਕ ਮਾਰ ਕੇ ਬਾਲ ਦੇਣ ਵਾਲੇ ਖਿਡਾਰੀ ਵੱਲ ਹੀ ਮੁੜ ਧੱਕ ਦਿੱਤੀ। ਹਾਲੇ ਉਹਨੂੰ ਆਪਣੇ ਖਿਡਾਰੀਆਂ ਨੂੰ ਪਾਸ ਦੇਣ ਦਾ ਵੱਲ ਨਹੀਂ ਸੀ, ਪਰ ਜਿਸ ਤਰ੍ਹਾਂ ਉਸ ਨੇ ਬਾਲ ਰੋਕੀ ਤੇ ਮੋੜ ਕੇ ਉਸੇ ਖਿਡਾਰੀ ਨੂੰ ਦਿੱਤੀ, ਉਸ ਤੋਂ ਖੇਡ ਮਾਸਟਰ ਹੈਰਾਨ ਰਹਿ ਗਿਆ।



ਫਿਰ ਖੇਡਾਂ ਦੇ ਪੀਰੀਅਡ ਵਿੱਚ ਉਹ ਰੋਜ਼ ਗਰਾਊਂਡ ਆਉਣ ਲੱਗਾ। ਕੁਝ ਮਹੀਨੇ ਗੁਜ਼ਰਨ ਬਾਅਦ ਉਹ ਮੁੰਡਿਆਂ ਨਾਲ ਗੇਮ ਵਿੱਚ ਹਿੱਸੇਦਾਰੀ ਕਰਨ ਲੱਗਾ ਸੀ। ਬਾਲ ਰੋਕਦਿਆਂ ਉਹ ਕਈ ਵਾਰ ਪੰਜਵੀਂ ਛੇਵੀਂ ਵਾਲੇ ਮੁੰਡਿਆਂ ਨਾਲ ਭਿੜ ਜਾਂਦਾ। ਕਈ ਵਾਰ ਆਪਣੇ ਛੋਹਲੇ ਪੈਰਾਂ ਨਾਲ ਉਨ੍ਹਾਂ ਤੋਂ ਬਾਲ ਖੋਹ ਵੀ ਲੈਂਦਾ। ਵੱਡੇ ਮੁੰਡੇ ਖਿਝ ਜਾਂਦੇ। ਇੰਚਾਰਜ ਮਾਸਟਰ ਹਾਜ਼ਰ ਨਾ ਹੁੰਦਾ ਤਾਂ ਉਹ ਉਹਨੂੰ ਡਰਾਉਣ ਦੀ ਕੋਸ਼ਿਸ਼ ਵੀ ਕਰਦੇ। ਵੀਰਦੀਪ ਬੋਲਦਾ ਕੁਝ ਨਾ, ਪਰ ਉਹਦੇ ਚਿਹਰੇ 'ਤੇ ਸਹਿਮ ਦਾ ਕੋਈ ਨਿਸ਼ਾਨ ਵੇਖਣ ਨੂੰ ਨਾ ਮਿਲਦਾ। ਉਹ ਆਪਣੀ ਲੈਅ ਵਿੱਚ ਖੇਡਦਾ ਰਹਿੰਦਾ। ਬਾਲ ਭਾਵੇਂ ਘੱਟ ਵੱਧ ਹੀ ਪੈਰ ਨੂੰ ਲਗਦੀ, ਪਰ ਉਹ ਹਰ ਪਾਸੇ ਤੋਂ ਬਾਲ 'ਤੇ ਝਪਟਣ ਦਾ ਯਤਨ ਕਰਦਾ। ਵਿਰੋਧੀ ਖਿਡਾਰੀ ਭਾਵੇਂ ਵੱਡਾ ਹੋਵੇ ਜਾਂ ਛੋਟਾ। ਕੋਚਿੰਗ ਵਾਲਾ ਮਾਸਟਰ ਉਹਦੀ ਖੇਡ ਤੋਂ ਹੈਰਾਨ ਹੁੰਦਾ। ਖਾਸ ਕਰਕੇ ਉਸ ਦੇ ਸੁਭਾਅ ਅਤੇ ਐਟੀਚਿਊਟ ਤੋਂ। ਮਾਸਟਰ ਨੂੰ ਉਹਦੇ ਵਿੱਚ ਕੋਈ ਵੱਡਾ ਖਿਡਾਰੀ ਵਿਖਾਈ ਦੇਣ ਲੱਗਾ ਸੀ। ਸਕੂਲ ਵਿੱਚ ਕੁਝ ਨਵੀਆਂ ਫੁੱਟਬਾਲਾਂ ਆ ਗਈਆਂ ਸਨ। ਹੋਰ ਨਵੇਂ ਮੁੰਡੇ ਖੇਡਣ ਲੱਗੇ। ਗਰਾਊਂਡ ਵਿੱਚ ਇੱਕ ਪਾਸੇ ਨੈਸ਼ਨਲ ਸਟਾਈਲ ਕਬੱਡੀ ਦਾ ਗਰਾਊਂਡ ਸੀ। ਕਬੱਡੀ ਦੇ ਸ਼ੌਕੀਨ ਮੁੰਡੇ ਉਧਰ ਖੇਡਣ ਲੱਗਦੇ। ਬਹੁਤੇ ਫੁੱਟਬਾਲ ਨੂੰ ਲੱਤਾਂ ਮਾਰਨ ਵਾਲੇ ਹੀ ਸਨ। ਕਈ ਵਾਰ ਛੋਟੇ-ਵੱਡੇ ਪਾੜ੍ਹਿਆਂ ਵਿਚਕਾਰ ਚਾਰ ਟੀਮਾਂ ਵੀ ਖੇਡਦੀਆਂ ਰਹਿੰਦੀਆਂ। ਕੁੜੀਆਂ ਖੋਹ-ਖੋਹ ਖੇਡਣ ਲਗਦੀਆਂ। ਕਈ ਛੋਟੀਆਂ ਕੁੜੀਆਂ ਵਾਹਵਾ ਵਧੀਆ ਖੇਡਦੀਆਂ। ਸਗੋਂ ਜਿੰਨੀਆਂ ਨਿੱਕੇ ਕੱਦ ਦੀਆਂ ਹੁੰਦੀਆਂ, ਉਨੀਆਂ ਵੱਧ ਤਿੱਖੀਆਂ ਹੁੰਦੀਆਂ। ਖੇਡਾਂ ਦਾ ਪੀਰੀਅਡ ਬੱਚਿਆਂ ਲਈ ਜਿਵੇਂ ਮੇਲਾ ਜਿਹਾ ਬਣ ਜਾਂਦਾ। ਸਾਰੇ ਦਿਨ ਦੀ ਬੋਰੀਅਤ ਲਹਿ ਜਾਂਦੀ। ਇਹ ਆਖਰੀ ਪੀਰੀਅਡ ਹੁੰਦਾ, ਉਸ ਤੋਂ ਬਾਅਦ ਛੁੱਟੀ ਦਾ ਟਾਈਮ ਹੋ ਜਾਂਦਾ।

ਸਕੂਲੋਂ ਛੁੱਟੀ ਹੋਣ ਬਾਅਦ ਬੱਚੇ ਕੂੰਜਾਂ ਦੀਆਂ ਡਾਰਾਂ ਵਾਂਗ ਘਰਾਂ ਨੂੰ ਪਰਤਦੇ। ਕੁਝ ਕੁ ਸਭ ਤੋਂ ਅੱਗੇ, ਬਹੁਤੇ ਵਿਚਕਾਰ ਜਿਹੇ ਅਤੇ ਕਈ ਹਮਾਤੜ ਪਿਛਾਂਹ ਰਹਿ ਜਾਂਦੇ। ਵੀਰਦੀਪ ਪੈਰਾਂ ਦਾ ਤਿੱਖਾ ਸੀ, ਪਰ ਤੁਰਨ ਵੇਲੇ ਉਹ ਸਹਿਜ ਨਾਲ ਤੁਰਦਾ। ਦੌੜਨ ਵੇਲੇ ਸਭ ਤੋਂ ਅੱਗੇ-ਅੱਗੇ ਘਰ ਵੱਲ ਦੌੜਦਾ। ਉਹਦਾ ਬਾਪੂ ਹੱਡਾਂ ਦਾ ਚੀੜ੍ਹਾ ਸੀ। ਸ਼ਾਇਦ ਇਹ ਗੁਣ ਉਸ ਨੂੰ ਵਿਰਸੇ ਵਿੱਚ ਮਿਲੇ ਹੋਣ। ਮਿਸਤਰੀਆਂ ਦੀ ਸਿਮਰਨ ਵੀ ਉਹਦੇ ਨਾਲ ਹੀ ਸਕੂਲ ਵਿੱਚ ਦਾਖਲ ਹੋਈ ਸੀ। ਉਹ ਸਭ ਤੋਂ ਅਖੀਰਲੇ ਦੋਂਹ ਚਹੁੰ ਵਿੱਚ ਹੁੰਦੀ। ਪੀਲੀ ਤੇ ਪਤਲੀ ਜਿਹੀ ਚਮੜੀ ਵਿੱਚ ਲਿਪਟੀ ਉਹ ਉਂਝ ਕਮਜ਼ੋਰ ਜਿਹੀ ਲਗਦੀ। ਹੌਲੀ-ਹੌਲੀ ਪੈਰ ਪੁੱਟਦੀ। ਜਿਵੇਂ ਤੁਰਦਿਆਂ ਸਾਹ ਚੜ੍ਹਦਾ ਹੋਵੇ। ਪਰ ਮਾਸਟਰਾਂ ਦੇ ਸਮਝਾਏ ਨੁਕਤਿਆਂ ਨੂੰ ਤੇਜ਼ੀ ਨਾਲ ਸਮਝਦੀ। ਉਹਦਾ ਆਪਣਾ ਪਿਤਾ ਵੀ ਹਾਈ ਸਕੂਲ ਵਿੱਚ ਪੰਜਾਬੀ ਅਧਿਆਪਕ ਸੀ। ਵੀਰਦੀਪ ਨਾਲ ਉਸ ਦਾ ਕੁਝ ਵੀ ਮਿਲਦਾ ਨਹੀਂ ਸੀ- ਨਾ ਰੰਗ ਰੂਪ, ਨਾ ਸੂਝ ਬੂਝ, ਨਾ ਕੋਈ ਸਰੀਰਕ ਬਣਤਰ। ਬਿਲਕੁਲ ਹੀ ਇੱਕ ਦੂਜੇ ਦੇ ਉਲਟ ਦਿਸਦੇ ਸਨ।

ਸਰਕਾਰ ਨੇ ਪੰਜਾਬੀ ਤੇ ਹਿੰਦੀ ਦੇ ਨਾਲ ਨਾਲ ਅੰਗਰੇਜ਼ੀ ਭਾਸ਼ਾ ਵੀ ਪਹਿਲੀ ਕਲਾਸ ਤੋਂ ਲਾਗੂ ਕਰ ਦਿੱਤੀ ਸੀ। ਵੀਰਦੀਪ ਪੰਜਾਬੀ ਤਾਂ ਚੰਗੀ ਤਰ੍ਹਾਂ ਪੜ੍ਹ ਲੈਂਦਾ, ਪਰ ਅੰਗਰੇਜ਼ੀ ਦੇ ਅੱਖਰ ਉਠਾਲਣੇ ਉਸ ਨੇ ਮੁਸ਼ਕਲ ਨਾਲ ਸਿੱਖੇ। ਹਿਸਾਬ ਵੀ ਉਹਦਾ ਕਮਜ਼ੋਰ ਜਿਹਾ ਹੀ ਸੀ। ਪੰਜਵੀਂ ਤੱਕ ਇਨ੍ਹਾਂ ਵਿਸ਼ਿਆਂ ਦੀ ਕਮਜ਼ੋਰੀ ਉਸ ਨੂੰ ਰੜਕਣ ਲੱਗ ਪਈ ਸੀ। ਸਿਮਰਨ ਇਨ੍ਹਾਂ ਵਿਸ਼ਿਆਂ ਵਿੱਚ ਤੇਜ਼ ਨਿਕਲੀ। ਵੀਰਦੀਪ ਸਾਇੰਸ, ਅੰਗਰੇਜ਼ੀ ਤੇ ਹਿਸਾਬ ਨੂੰ ਸਮਝਣ ਲਈ ਸਿਮਰਨ ਦਾ ਸਹਾਰਾ ਲੈਂਦਾ। ਕਲਾਸ ਦੇ ਕਈ ਹੋਰ ਬੱਚੇ ਵੀ ਸਿਮਰਨ ਤੋਂ ਕਿਸੇ ਨਾ ਕਿਸੇ ਵਿਸ਼ੇ ਬਾਰੇ ਪੁੱਛਦੇ ਰਹਿੰਦੇ। ਇਹ ਕਮਜ਼ੋਰ ਜਿਹੀ ਕੁੜੀ ਪੜ੍ਹਨ ਨੂੰ ਤੇਜ਼ ਨਿਕਲ ਆਈ ਸੀ।

ਖੇਡਾਂ ਦੇ ਪੀਰੀਅਡ ਵਿੱਚ ਵੀਰਦੀਪ ਫੁੱਟਬਾਲ ਖੇਡਦਾ ਤੇ ਸਿਮਰਨ ਗਰਾਊਂਡ ਦੇ ਇੱਕ ਖੂੰਜੇ ਵਿੱਚ ਨਿੰਮ ਦੀ ਛਾਂ ਹੇਠਾਂ ਖੱਡਾ ਗੀਟੀ ਖੇਡਦੀ ਰਹਿੰਦੀ। ਉਹਨੂੰ ਵੱਡੀਆਂ ਖੇਡਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਆਪਣੇ ਵਰਗੀਆਂ ਪੜ੍ਹਾਕੂ ਕੁੜੀਆਂ ਹੀ ਉਸ ਦੀਆਂ ਸਹੇਲੀਆਂ ਸਨ। ਉਹ ਰਵਾਇਤੀ ਖੇਡਾਂ ਨਾਲ ਦਿਲ ਪਰਚਾ ਛੱਡਦੀਆਂ। ਪੰਜਵੀਂ ਤੱਕ ਪਹੁੰਚਦਿਆਂ ਵੀਰਦੀਪ ਚੰਗਾ ਖੇਡਣ ਲੱਗਾ ਸੀ। ਹੁਣ ਉਸ ਦਾ ਬਾਲ 'ਤੇ ਕੰਟਰੋਲ ਵੀ ਕਾਫੀ ਹੋ ਗਿਆ ਸੀ ਅਤੇ ਆਪਣੀ ਟੀਮ ਨਾਲ ਤਾਲਮੇਲ ਬਿਠਾਉਣ ਵਿੱਚ ਵੀ ਮਾਹਿਰ ਹੋ ਗਿਆ। ਕਈ ਆਪਣੀ ਉਮਰ ਤੋਂ ਵੱਡੇ ਖਿਡਾਰੀਆਂ ਨੂੰ ਮਾਤ ਦੇਣ ਵਿੱਚ ਵੀ ਕਾਮਯਾਬ ਹੋ ਜਾਂਦਾ।

(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)

*ਪੌਣੇ ਦੋ ਸੌ ਸਾਲ ਪੁਰਾਣੀ ਸਾਂਝ*

# ਸਿੰਗਾਪੁਰ ਵਿੱਚ ਵੀ ਰੁਤਬਾਦਾਰ ਨੇ ਪੰਜਾਬੀ

**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਏਸ਼ੀਆਈ ਮੁਲਕ ਸਿੰਗਾਪੁਰ ਨਾਲ ਪੰਜਾਬੀਆਂ ਦੀ ਸਾਂਝ 175 ਸਾਲ ਪੁਰਾਣੀ ਹੈ, ਜਦੋਂ ਕਿ ਸਿੰਗਾਪੁਰ ਤੇ ਭਾਰਤੀ ਸੱਭਿਆਚਾਰ ਦੀ ਸਾਂਝ ਦੋ ਸੌ ਤੋਂ ਵੀ ਵੱਧ ਵਰ੍ਹੇ ਪੁਰਾਣੀ ਹੈ। ਪਹਿਲੀ ਐਂਗਲੋ-ਸਿੱਖ ਜੰਗ ਵਿੱਚ ਸਿੱਖਾਂ ਵੱਲੋਂ ਵਿਖਾਈ ਗਈ ਸੂਰਮਗਤੀ ਦੇ ਅੰਗਰੇਜ਼ ਬੜੇ ਪ੍ਰਸ਼ੰਸਕ ਸਨ। ਇਸ ਕਰਕੇ ਉਨ੍ਹਾਂ ਨੇ ਪੰਜਾਬੀ ਸਿੱਖ ਨੌਜਵਾਨਾਂ ਨੂੰ ਪੁਲਿਸ ਵਿੱਚ ਭਰਤੀ ਕਰਕੇ ਸਿੰਗਾਪੁਰ ਭੇਜਣਾ ਸ਼ੁਰੂ ਕਰ ਦਿੱਤਾ। ਪੇਸ਼ ਹੈ, ਸਿੰਗਾਪੁਰ ਨਾਲ ਪੰਜਾਬੀਆ ਦੀ ਸਾਂਝ ਦਾ ਸੰਖੇਪ ਵੇਰਵਾ...**

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਸਿੰਗਾਪੁਰ ਦੀ ਕੁੱਲ ਆਬਾਦੀ ਦਾ 9 ਫ਼ੀਸਦੀ ਹਿੱਸਾ ਭਾਰਤੀਆਂ ਦੇ ਹਿੱਸੇ ਆਉਂਦਾ ਹੈ ਤੇ ਇਹ ਇੱਥੇ ਵੱਸਣ ਵਾਲੀ ਤੀਜੀ ਵੱਡੀ ਕੌਮ ਹੋਣ ਦਾ ਸ਼ਰਫ਼ ਰੱਖਦੇ ਹਨ। ਇੱਥੇ ਵੱਸਣ ਵਾਲੇ ਵਧੇਰੇ ਭਾਰਤੀ ਲੋਕ ਦੱਖਣ ਭਾਰਤੀ ਮੂਲ ਦੇ ਹਨ, ਜਿਸ ਕਰਕੇ ਦੱਖਣ ਭਾਰਤੀ ਸੰਸਕ੍ਰਿਤੀ ਦਾ ਸਿੰਗਾਪੁਰ ਦੀ ਸੰਸਕ੍ਰਿਤੀ 'ਤੇ ਖ਼ਾਸਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਸੰਨ 1819 ਦੇ ਆਸ-ਪਾਸ ਭਾਰਤੀਆਂ ਦਾ ਇੱਥੇ ਆਗਮਨ ਹੋਇਆ ਸੀ। ਇਹ ਭਾਰਤੀ ਲੋਕ ਬਤੌਰ ਮਜ਼ਦੂਰ ਜਾਂ ਸੈਨਿਕ ਦੱਖਣ ਭਾਰਤ ਤੋਂ ਇੱਥੇ ਪੁੱਜੇ ਸਨ। ਇੱਥੇ ਤਾਮਿਲ ਲੋਕ ਬਹੁ-ਸੰਖਿਆ ਵਿੱਚ ਹਨ। ਸਿੰਗਾਪੁਰ ਤੇ ਭਾਰਤੀ ਸੱਭਿਆਚਾਰ ਦੀ ਸਾਂਝ ਦੋ ਸੌ ਤੋਂ ਵੀ ਵੱਧ ਵਰ੍ਹੇ ਪੁਰਾਣੀ ਹੈ ਅਤੇ ਇੱਥੇ ਵੱਸਦੇ ਭਾਰਤੀਆਂ ਦਾ ਸਿਆਸਤ, ਸਿੱਖਿਆ, ਕਾਨੂੰਨ, ਖੇਡਾਂ ਤੇ ਕੂਟਨੀਤੀ ਵਿੱਚ ਪੂਰਾ ਬੋਲਬਾਲਾ ਹੈ।


ਸਿੰਗਾਪੁਰ ਪੁੱਜਣ ਵਾਲੇ ਸਭ ਤੋਂ ਪਹਿਲੇ ਪੰਜਾਬੀ ਦੀ ਜੇ ਗੱਲ ਕੀਤੀ ਜਾਵੇ ਤਾਂ ਮਹਾਨ ਯੋਧੇ ਭਾਈ ਮਹਾਰਾਜ ਸਿੰਘ ਦਾ ਨਾਂ ਸਭ ਤੋਂ ਮੂਹਰੇ ਆਉਂਦਾ ਹੈ। ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਬਰਤਾਨਵੀ ਹਾਕਮਾਂ ਨੇ ਸੰਨ 1850 ਵਿੱਚ ਭਾਈ ਮਹਾਰਾਜ ਸਿੰਘ ਅਤੇ ਉਸਦੇ ਸਾਥੀ ਭਾਈ ਖੜਕ ਸਿੰਘ ਨੂੰ ਸਿਆਸੀ ਕੈਦੀਆਂ ਵਜੋਂ ਭਾਰਤ ਦੇ ਰਾਜ ਕਲਕੱਤਾ ਤੋਂ ਸਿੰਗਾਪੁਰ ਤਬਦੀਲ ਕਰ ਦਿੱਤਾ ਸੀ। ਸੰਨ 1856 ਵਿੱਚ ਸਿੰਗਾਪੁਰ ਵਿਖੇ ਹੀ ਭਾਈ ਮਹਾਰਾਜ ਸਿੰਘ ਦਾ ਦੇਹਾਂਤ ਹੋ ਗਿਆ ਸੀ ਤੇ ਉਨ੍ਹਾਂ ਦਾ ਅੰਤਿਮ ਸਸਕਾਰ ਕਰਕੇ ਉਨ੍ਹਾਂ ਦੀਆਂ ਅਸਥੀਆਂ ਸਿੰਗਾਪੁਰ ਵਿੱਚ ਹੀ ਇਕ ਕਬਰ ਬਣਾ ਕੇ ਸਾਂਭ ਦਿੱਤੀਆਂ ਗਈਆਂ ਸਨ। ਭਾਈ ਮਹਾਰਾਜ ਸਿੰਘ ਦੀ ਯਾਦਗਾਰ ਇਸ ਵਕਤ ਸਿੱਲਟ ਰੋਡ ਵਿਖੇ ਸਥਿਤ ਗੁਰਦੁਆਰਾ ਸਾਹਿਬ ਅੰਦਰ ਮੌਜੂਦ ਹੈ। ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਿੰਗਾਪੁਰ ਤਾਂ ਮਲਾਇਆ ਦਾ ਹੀ ਇਕ ਹਿੱਸਾ ਹੋਇਆ ਕਰਦਾ ਸੀ ਤੇ ਬਰਤਾਨਵੀ ਰਾਜ ਦੇ ਅਧੀਨ ਸੀ। ਬੜੀ ਦਿਲਚਸਪ ਗੱਲ ਹੈ ਕਿ ਬਾਅਦ ਵਿੱਚ ਕਈ ਸਿੱਖ ਨੌਜਵਾਨ ਬਤੌਰ ਪੁਲਿਸ ਕਰਮਚਾਰੀ ਇੱਥੇ ਪੁੱਜੇ ਸਨ ਤੇ ਕਈ ਅਜਿਹੇ ਵੀ ਸਨ, ਜਿਨ੍ਹਾਂ ਨੂੰ ਭਾਰਤ ਅੰਦਰ ਬਰਤਾਨਵੀ ਸੈਨਿਕਾਂ ਦੇ ਕਤਲ ਕਰਨ ਜਾਂ ਉਨ੍ਹਾਂ 'ਤੇ ਹਮਲਾ ਕਰਨ ਅਤੇ ਬਰਤਾਨਵੀ ਹਾਕਮਾਂ ਦੀਆਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣ ਆਦਿ ਦੇ ਜੁਰਮਾਂ 'ਚ ਸਜ਼ਾ ਭੁਗਤਣ ਲਈ ਬਰਤਾਨਵੀ ਫ਼ੌਜ ਦੇ ਅਧਿਕਾਰੀਆਂ ਵੱਲੋਂ ਸਿੰਗਾਪੁਰ ਭੇਜ ਦਿੱਤੇ ਗਏ ਸਨ ਤੇ ਇੱਥੇ ਲਿਆ ਕੇ ਉਨ੍ਹਾਂ ਨੂੰ ਸਿੰਗਾਪੁਰ ਦੀਆਂ ਜੇਲ੍ਹਾਂ 'ਚ ਬੰਦ ਕਰ ਦਿੱਤਾ ਗਿਆ ਸੀ। 1857 ਵਿੱਚ ਕੈਦੀਆਂ ਨੂੰ ਭਾਰਤ ਤੋਂ ਸਿੰਗਾਪੁਰ ਭੇਜਣ ਦੀ ਕਵਾਇਦ ਬੰਦ ਕਰ ਦਿੱਤੀ ਗਈ ਸੀ, ਕਿਉਂਕਿ ਕੈਦੀਆਂ ਨੂੰ ਰੱਖਣ ਲਈ ਅੰਡੇਮਾਨ ਵਿਖੇ ਜੇਲ੍ਹ ਬਣਾ ਦਿੱਤੀ ਗਈ ਸੀ।

ਇਹ ਵੀ ਸੱਚ ਹੈ ਕਿ ਬਰਤਾਨਵੀ ਹਾਕਮ ਪੰਜਾਬੀਆਂ ਦੀ ਬਹਾਦਰੀ ਅਤੇ ਸਿਰੜ ਦੇ ਕਾਇਲ ਵੀ ਸਨ। 11 ਦਸੰਬਰ 1845 ਤੋਂ ਲੈ ਕੇ 9 ਮਾਰਚ 1846 ਤੱਕ ਚੱਲੀ ਪਹਿਲੀ ਐਂਗਲੋ-ਸਿੱਖ ਜੰਗ ਵਿੱਚ ਸਿੱਖਾਂ ਵੱਲੋਂ ਵਿਖਾਈ ਗਈ ਸੂਰਮਗਤੀ ਦੇ ਅੰਗਰੇਜ਼ ਬੜੇ ਪ੍ਰਸ਼ੰਸਕ ਸਨ ਅਤੇ ਸਿੱਖਾਂ ਦੇ ਉੱਚੇ-ਲੰਮੇ ਕੱਦ, ਭਰਵੇਂ ਜੁੱਸੇ ਤੇ ਮੁਸ਼ਕਿਲਾਂ 'ਚ ਵੀ ਖਿੜਖਿੜਾਉਂਦੇ ਚਿਹਰੇ ਉਨ੍ਹਾਂ ਨੂੰ ਬੜੇ ਚੰਗੇ ਲੱਗਦੇ ਸਨ। ਇਸ ਕਰਕੇ ਉਨ੍ਹਾਂ ਨੇ ਪੰਜਾਬੀ ਸਿੱਖ ਨੌਜਵਾਨਾਂ ਨੂੰ ਸਿੰਗਾਪੁਰ ਪੁਲਿਸ ਵਿੱਚ ਭਰਤੀ ਕਰਨ ਦਾ ਫ਼ੈਸਲਾ ਲਿਆ ਤੇ ਪੰਜਾਬ ਵਿੱਚ ਨੌਜਵਾਨਾਂ ਨੂੰ ਭਰਤੀ ਕਰਕੇ ਸਿੰਗਾਪੁਰ ਭੇਜਣਾ ਸ਼ੁਰੂ ਕਰ ਦਿੱਤਾ। ਇਸਦੇ ਨਾਲ ਹੀ ਸਿੰਗਾਪੁਰ ਦੇ ਲੋਕਾਂ ਵੱਲੋਂ ਬਰਤਾਨਵੀ ਹਾਕਮਾਂ ਖ਼ਿਲਾਫ਼ ਕੀਤੇ ਜਾਣ ਵਾਲੇ ਵਿਦਰੋਹਾਂ ਕਰਕੇ ਉਹ ਸਿੰਗਾਪੁਰ ਵਾਸੀਆਂ ਨੂੰ ਸਿੰਗਾਪੁਰ ਪੁਲਿਸ ਵਿੱਚ ਭਰਤੀ ਨਹੀਂ ਕਰਨਾ ਚਾਹੁੰਦੇ ਹਨ। ਸੋ ਉਹ ਵੱਡੀ ਗਿਣਤੀ ਵਿੱਚ ਪੰਜਾਬ ਤੋਂ ਸਿੱਖ ਨੌਜਵਾਨਾਂ ਨੂੰ ਬਤੌਰ ਪੁਲਿਸ ਕਰਮਚਾਰੀ ਭਰਤੀ ਕਰਕੇ ਮਲਾਇਆ ਅਤੇ ਸਿੰਗਾਪੁਰ ਵਿਖੇ ਲੈ ਆਏ ਸਨ। 26 ਮਾਰਚ 1881 ਨੂੰ 54 ਸਿੱਖ ਪੁਲਿਸ ਕਰਮਚਾਰੀਆਂ ਦੀ ਪਹਿਲੀ ਟੁਕੜੀ ਇੱਥੇ ਪੁੱਜ ਗਈ ਸੀ ਤੇ 65 ਸਿੱਖ ਸਿਪਾਹੀਆਂ ਦੀ ਦੂਜੀ ਟੁਕੜੀ ਅਗਸਤ 1881 ਵਿੱਚ ਸਿੰਗਾਪੁਰ ਦੀ ਧਰਤੀ 'ਤੇ ਉਤਰੀ ਸੀ। ਇਨ੍ਹਾਂ ਬਹਾਦਰ ਸਿਪਾਹੀਆਂ ਨੂੰ ਚੀਨ ਦੀਆਂ ਖ਼ੁਫ਼ੀਆਂ ਏਜੰਸੀਆਂ ਨਾਲ ਸਿੱਝਣ ਦੇ ਨਾਲ-ਨਾਲ ਬੰਦਰਗਾਹਾਂ ਅਤੇ ਗੁਦਾਮਾਂ ਦੀ ਰਾਖੀ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਸ਼ਾਤਿਰ ਦਿਮਾਗ ਅੰਗਰੇਜ਼ ਹਾਕਮਾਂ ਨੇ ਇੱਥੇ ਸਿਰਫ ਉਹੀ ਨੌਜਵਾਨ ਭਰਤੀ ਕਰਕੇ ਭੇਜੇ ਸਨ, ਜਿਨ੍ਹਾਂ ਦੀ ਉਮਰ 25 ਸਾਲ ਤੋਂ ਘੱਟ ਸੀ ਅਤੇ ਜਿਹੜੇ ਸਿਰੇ ਦੇ ਮਿਹਨਤੀ ਤੇ ਹਿੰਮਤੀ ਕਿਸਾਨ ਪਰਿਵਾਰਾਂ ਨਾਲ ਸਬੰਧਿਤ ਸਨ; ਪਰ ਅੰਗਰੇਜ਼ੀ ਬਿਲਕੁਲ ਨਹੀਂ ਜਾਣਦੇ ਸਨ। ਇੱਥੇ ਲਿਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਵਫ਼ਾਦਾਰ ਰਹਿਣ ਦੀ ਸਹੁੰ ਚੁਕਾਈ ਜਾਂਦੀ ਸੀ ਤੇ ਉਹ ਜਾਣਦੇ ਸਨ ਕਿ ਪੰਜਾਬੀ ਲੋਕ ਆਪਣੇ ਵਚਨ ਦੇ ਪੱਕੇ ਰਹਿੰਦੇ ਹਨ। ਅਜਿਹੇ ਅਨਪੜ੍ਹਾਂ ਨੂੰ ਭਰਤੀ ਕਰਨ ਦਾ ਮੁੱਖ ਮਕਸਦ ਉਨ੍ਹਾਂ ਨੂੰ ਸਦਾ ਆਪਣੇ ਅਧੀਨ ਰੱਖਣ ਦੀ ਘਾਗ ਸੋਚ ਵੀ ਸੀ। ਬਾਅਦ ਵਿੱਚ ਪੰਜਾਬ ਦੇ ਕੁਝ ਧਨਾਢ ਤੇ ਦਰਮਿਆਨੇ ਵਪਾਰੀ ਵੀ ਵਪਾਰ ਦੇ ਸਿਲਸਿਲੇ ਵਿੱਚ ਇੱਥੇ ਪੁੱਜੇ ਸਨ ਤੇ ਕੁਝ ਸਮੇਂ ਬਾਅਦ ਇੱਥੇ ਹੀ ਵੱਸ ਗਏ ਸਨ। ਗ਼ੌਰਤਲਬ ਹੈ ਕਿ ਉਨ੍ਹਾਂ ਵਪਾਰੀਆਂ ਦੇ ਵੰਸ਼ਜ ਅਜੋਕੇ ਸਮੇਂ ਵਿੱਚ ਵੀ ਸਿੰਗਾਪੁਰ ਵਿੱਚ ਵਪਾਰ ਕਰਦੇ ਹਨ।


ਸਿੰਗਾਪੁਰ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡਾ ਯੋਗਦਾਨ ਪਾਇਆ ਹੈ, ਜਿਸ ਕਰਕੇ ਸਿੰਗਾਪੁਰ ਦੀ ਸਰਕਾਰ ਅਤੇ ਪ੍ਰਸ਼ਾਸਨ ਪੰਜਾਬੀਆਂ ਦੀ ਬੜੀ ਕਦਰ ਤੇ ਸਿਫ਼ਤ ਕਰਦਾ ਹੈ। ਇੱਥੇ 'ਸਿੱਖ ਫ਼ਾਊਂਡੇਸ਼ਨ' ਅਤੇ 'ਪੰਜਾਬੀ ਫ਼ਾਊਂਡੇਸ਼ਨ' ਨਾਮ ਦੀਆਂ ਦੋ ਮਹੱਤਵਪੂਰਨ ਜਥੇਬੰਦੀਆਂ ਸਰਗਰਮ ਹਨ, ਜੋ ਸਿੰਗਾਪੁਰ ਵਿੱਚ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਤੇ ਵਿਰਸੇ ਨੂੰ ਸੰਭਾਲਣ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ। ਸਿੰਗਾਪੁਰ ਖਾਲਸਾ ਐਸੋਸੀਏਸ਼ਨ ਵੀ ਸਰਗਰਮ ਹੈ। ਇੱਥੇ ਵੱਸਦੇ ਸ. ਚੂੜ੍ਹ ਸਿੰਘ ਨੂੰ ਸੁਪਰੀਮ ਕੋਰਟ ਦਾ ਪਹਿਲਾ ਸਿੱਖ ਜੱਜ ਬਣਨ ਦਾ ਸ਼ਰਫ਼ ਹਾਸਿਲ ਹੋ ਚੁੱਕਾ ਹੈ। ਇਸੇ ਤਰ੍ਹਾਂ ਹੱਡੀਆਂ ਦੇ ਰੋਗਾਂ ਦੀ ਮਾਹਿਰ ਡਾ. ਕੰਵਲਜੀਤ ਨੂੰ ਵੀ ਪਹਿਲੀ ਸੰਸਦ ਮੈਂਬਰ (ਨਾਮਜ਼ਦ), ਸ. ਜਸਵੰਤ ਸਿੰਘ ਗਿੱਲ ਨੂੰ ਸਿੰਗਾਪੁਰ ਜਲ ਸੈਨਾ ਦੇ ਪਹਿਲੇ ਸਿੱਖ ਕਮਾਂਡਰ ਅਤੇ ਮੇਜਰ ਜਨਰਲ ਰਵਿੰਦਰ ਸਿੰਘ ਨੂੰ ਸਿੰਗਾਪੁਰ ਫ਼ੌਜ ਦੇ ਮੁਖੀ ਬਣਨ ਦਾ ਮਾਣ ਪ੍ਰਾਪਤ ਹੋ ਚੁੱਕਾ ਹੈ। ਇਨ੍ਹਾਂ ਮਾਣਮੱਤੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਸ. ਇੰਦਰਜੀਤ ਸਿੰਘ, ਸ. ਦਵਿੰਦਰ ਸਿੰਘ ਅਤੇ ਸ. ਅਜੀਤ ਸਿੰਘ ਗਿੱਲ ਵੀ ਬਤੌਰ ਸੰਸਦ ਮੈਂਬਰ ਆਪਣੀ ਸੇਵਾ ਬਾਖ਼ੂਬੀ ਨਿਭਾਅ ਚੁੱਕੇ ਹਨ ਤੇ ਓਲੰਪੀਅਨ ਸ. ਅਜੀਤ ਸਿੰਘ ਗਿੱਲ ਨੇ ਹਾਕੀ ਵਿੱਚ ਵਿਸ਼ਵ ਪੱਧਰ 'ਤੇ ਚੋਖਾ ਨਾਮਣਾ ਖੱਟਣ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ।

ਅੱਜ ਤੋਂ ਲਗਪਗ ਸੌ ਸਾਲ ਪਹਿਲਾਂ ਸਿੰਗਾਪੁਰ ਵਿਖੇ ਪੰਜਾਬੀਆਂ ਵੱਲੋਂ ਸਿਲਟ ਰੋਡ ਵਿਖੇ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ, ਜਿਸਨੂੰ 'ਸਿੰਗਾਪੁਰ ਸਿੱਖ ਪੁਲਿਸ ਟੈਂਪਲ' ਦੇ ਨਾਂ ਨਾਲ ਸਿੰਗਾਪੁਰ ਵਿੱਚ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 518ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਇੱਥੇ 'ਸੈਂਟਰਲ ਸਿੱਖ ਟੈਂਪਲ' ਨਾਮਕ ਸ਼ਾਨਦਾਰ ਗੁਰਦੁਆਰਾ ਸਾਹਿਬ ਦਾ ਨਿਰਮਾਣ ਕੀਤਾ ਗਿਆ ਸੀ, ਜੋ ਅੱਜ ਵੀ ਪਰੰਪਰਾਗਤ ਅਤੇ ਆਧੁਨਿਕ ਭਵਨ ਨਿਰਮਾਣ ਕਲਾ ਦਾ ਸੁੰਦਰ ਸੰਗਮ ਪੇਸ਼ ਕਰਦਾ ਹੈ। ਇੱਥੇ 13 ਮੀਟਰ ਚੌੜੇ ਗੁੰਬਦ ਹੇਠਾਂ ਗੁਰੂ ਗ੍ਰੰਥ ਸਾਹਿਬ ਨੂੰ ਸੁਭਾਇਮਾਨ ਕੀਤਾ ਗਿਆ ਹੈ।



ਗੁਰਦੁਆਰਾ ਸਿੱਲਟ ਰੋਡ, ਸਿੰਗਾਪੁਰ ਦੇ ਬਹਾਰ ਸਟਰੇਟਸ ਸੈਟਲਮੈਂਟਲ ਪੁਲਿਸ ਫੋਰਸ ਦੇ ਮੈਂਬਰ। ਇਹ ਤਸਵੀਰ ਕਰੀਬ ਸੌ ਸਾਲ ਪਹਿਲਾਂ ਖਿੱਚੀ ਗਈ ਸੀ।

ਸੰਨ 2010 ਦੀ ਜਨਗਣਨਾ ਅਨੁਸਾਰ ਉਸ ਵੇਲੇ ਇੱਥੇ ਵੱਸਣ ਵਾਲੇ ਸਿੱਖ ਪੰਜਾਬੀਆਂ ਦੀ ਸੰਖਿਆ 12,952 ਸੀ, ਜਦੋਂ ਕਿ ਗ਼ੈਰ-ਸਿੱਖ ਪੰਜਾਬੀਆਂ ਦੀ ਸੰਖਿਆ 5672 ਸੀ। ਸੰਨ 2020 ਦੀ ਜਨਗਣਨਾ ਅਨੁਸਾਰ ਸਿੰਗਾਪੁਰ ਵਿੱਚ ਪੰਜਾਬੀਆਂ ਦੀ ਸੰਖਿਆ 12,051 ਸੀ। ਇਹ ਆਬਾਦੀ ਸਿੰਗਾਪੁਰ ਦੀ ਕੁੱਲ ਆਬਾਦੀ ਦਾ 0.35 ਫ਼ੀਸਦੀ ਬਣਦੀ ਸੀ ਤੇ ਸਿੱਖ ਸਮਾਜ ਇੱਥੇ ਛੇਵਾਂ ਸਭ ਤੋਂ ਵੱਡਾ ਧਰਮ ਸੀ। ਇੱਕ ਅੰਦਾਜ਼ੇ ਅਨੁਸਾਰ ਵਰਤਮਾਨ ਸਮੇਂ ਅੰਦਰ 12 ਤੋਂ 15 ਹਜ਼ਾਰ ਦੇ ਦਰਮਿਆਨ ਪੰਜਾਬੀ ਲੋਕ ਸਿੰਗਾਪੁਰ ਵਿਖੇ ਵੱਸਦੇ ਹਨ ਤੇ ਖ਼ੁਸ਼ਹਾਲ ਜੀਵਨ ਬਤੀਤ ਕਰਦੇ ਹਨ।



**ਇੱਥੇ ਵੱਸਦੇ ਸ. ਚੂੜ੍ਹ ਸਿੰਘ ਨੂੰ ਸੁਪਰੀਮ ਕੋਰਟ ਦਾ ਪਹਿਲਾ ਸਿੱਖ ਜੱਜ ਬਣਨ ਦਾ ਸ਼ਰਫ਼ ਹਾਸਿਲ ਹੋ ਚੁੱਕਾ ਹੈ। ਇਸੇ ਤਰ੍ਹਾਂ ਹੱਡੀਆਂ ਦੇ ਰੋਗਾਂ ਦੀ ਮਾਹਿਰ ਡਾ. ਕੰਵਲਜੀਤ ਨੂੰ ਵੀ ਪਹਿਲੀ ਸੰਸਦ ਮੈਂਬਰ (ਨਾਮਜ਼ਦ), ਸ. ਜਸਵੰਤ ਸਿੰਘ ਗਿੱਲ ਨੂੰ ਸਿੰਗਾਪੁਰ ਜਲ ਸੈਨਾ ਦੇ ਪਹਿਲੇ ਸਿੱਖ ਕਮਾਂਡਰ ਅਤੇ ਮੇਜਰ ਜਨਰਲ ਰਵਿੰਦਰ ਸਿੰਘ ਨੂੰ ਸਿੰਗਾਪੁਰ ਫ਼ੌਜ ਦੇ ਮੁਖੀ ਬਣਨ ਦਾ ਮਾਣ ਪ੍ਰਾਪਤ ਹੋ ਚੁੱਕਾ ਹੈ।**



ਸ. ਚੂੜ੍ਹ ਸਿੰਘ



ਸ. ਜਸਵੰਤ ਸਿੰਘ ਗਿੱਲ



ਦਾਸਤਾਂ-ਏ-ਸਫਰ

ਨਿੰਮਾ ਡੱਲੇਵਾਲ
ਫੋਨ:513-432-9754

# ਪੀੜ ਪਰਦੇਸੀ ਦੀ

ਆਪਣੀ ਜਨਮ ਭੋਇੰ ਛੱਡ ਕੇ ਕਿਸੇ ਪਰਾਏ ਮੁਲਕ ਵਿੱਚ ਜਾ ਵੱਸਣ ਨਾਲ ਇਨਸਾਨ ਪਰਦੇਸੀ ਬਣ ਜਾਂਦਾ ਹੈ। ਕਿਸ ਦਾ ਦਿਲ ਕਰਦਾ ਹੈ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਛੱਡਣ ਨੂੰ ਤੇ ਕਿਸ ਦਾ ਦਿਲ ਕਰਦਾ ਹੈ ਲਾਲ ਚੂੜੇ ਵਾਲੀ ਤੋਂ ਵਿਛੜਨ ਨੂੰ! ਜੇ ਨਾ ਹੋਣ ਮਜਬੂਰੀਆਂ ਤਾਂ ਕਾਹਨੂੰ ਪੈਣ ਦੂਰੀਆਂ। ਕੁਝ ਸਧਰਾਂ, ਕੁਝ ਮਨ ਦੀਆਂ ਇੱਛਾਵਾਂ ਹੁੰਦੀਆਂ ਹਨ, ਜੋ ਬਿਗਾਨੇ ਮੁਲਕਾਂ ਦੇ ਰਾਹ ਤੋਰ ਦਿੰਦੀਆਂ ਹਨ। ਵਿਦਾਇਗੀ ਵਾਲੇ ਆਖਰੀ ਪਲ ਹਰ ਪਰਦੇਸੀ ਲਈ ਕਦੀ ਵੀ ਨਾ-ਭੁੱਲਣ ਵਾਲੇ ਪਲ ਹੁੰਦੇ ਹਨ। ਉਸ ਵੇਲੇ ਸਭਨਾਂ ਦੇ ਦਿਲਾਂ ਦਿਆਂ ਅੰਬਰਾਂ ਉੱਤੇ ਵਿਛੋੜੇ ਦੀਆਂ ਘਟਾਵਾਂ ਅਤੇ ਨੈਣਾਂ ਵਿੱਚ ਹੰਝੂਆਂ ਦੇ ਮੀਂਹ ਦੀਆਂ ਕਣੀਆਂ ਹੁੰਦੀਆਂ ਹਨ, ਤੇ ਉਨ੍ਹਾਂ ਹੰਝੂਆਂ ਦੀਆਂ ਕਣੀਆਂ ਦੇ ਪਿੱਛੇ ਛੁਪੇ ਹੁੰਦੇ ਹਨ ਕੁਝ ਰੰਗ ਬਰੰਗੇ ਸੁਪਨੇ, ਜੋ ਖੁੱਲ੍ਹੀਆਂ ਅੱਖਾਂ ਨੇ ਵੇਖੇ ਹੁੰਦੇ ਹਨ। ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਤਾਂਘ ਲੈ ਕੇ ਪਰਵਾਸ ਦੇ ਰਾਹ ਪੈ ਜਾਂਦਾ ਹੈ। ਇੱਕ ਅੱਖ ਵਿੱਚ ਹੰਝੂ ਤੇ ਦੂਜੀ ਅੱਖ ਵਿੱਚ ਸੁਨਹਿਰੀ ਖਾਅਬ, ਦਿਲ ਦੇ ਇੱਕ ਕੋਨੇ ਵਿੱਚ ਬਾਹਰ ਜਾਣ ਦਾ ਚਾਅ ਤੇ ਦੂਜੇ ਕੋਨੇ ਵਿੱਚ ਪਰਿਵਾਰ ਤੋਂ ਵੱਖ ਹੋਣ ਦੀ ਚੀਸ। ਪਹਿਲੀ ਵਾਰ ਜਹਾਜ਼ ਵਿੱਚ ਬੈਠ ਕੇ ਉਡਣ ਦੀ ਖੁਸ਼ੀ ਵਿੱਚ ਪਰਦੇਸੀ ਹੋ ਰਹੇ ਇਨਸਾਨ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸਦੇ ਆਪਣੇ ਖੰਭ ਕੱਟੇ ਜਾਣੇ ਨੇ। ਜਹਾਜ਼ ਦੀ ਪਹਿਲੀ ਉਡਾਣ ਭਰਨ ਵੇਲੇ ਦਿਲ ਕੁਝ ਹਉਕੇ ਤਾਂ ਜ਼ਰੂਰ ਭਰਦਾ ਹੈ। ਜਿਵੇਂ-ਜਿਵੇਂ ਜਹਾਜ਼ ਅਸਮਾਨ ਵੱਲ ਪੁਲਾਂਘਾਂ ਪੁੱਟਦਾ ਹੈ, ਤਿਵੇਂ-ਤਿਵੇਂ ਵੱਡੀਆਂ-ਵੱਡੀਆਂ ਬਿਲਡਿੰਗਾਂ ਛੋਟੀਆਂ ਹੁੰਦੀਆਂ ਵੇਖ ਕੇ ਇੱਕ ਵਾਰ ਫਿਰ ਅੱਖ ਭਰਦੀ ਹੈ। ਅੰਬਰੀਂ ਉਡਿਆ ਪਰਦੇਸੀ ਸੋਚਾਂ ਦੇ ਗਹਿਰੇ ਸਮੁੰਦਰਾਂ ਵਿੱਚ ਡੁੱਬਿਆ ਸੋਚਦਾ ਹੈ- ਪਤਾ ਨਹੀਂ ਮੁੜ ਕਦੋਂ ਵਤਨਾਂ ਦੀ ਧਰਤੀ ਉਤੇ ਪੈਰ ਪੈਣਗੇ!

ਚੰਗੇ ਭਾਗ ਉਨ੍ਹਾਂ ਦੇ, ਜੋ ਆਪਣੇ ਮੁਲਕ ਤੋਂ ਚੜ੍ਹਦੇ ਸਿੱਧੇ ਪਰਦੇਸਾਂ ਦੀ ਧਰਤੀ ਉੱਤੇ ਆਣ ਪੈਰ ਧਰਦੇ ਹਨ। ਕਈ ਵਿਚਾਰੇ ਗਲਤ ਏਜੰਟਾਂ ਦੀਆਂ ਚਾਲਾਂ ਦੇ ਸ਼ਿਕਾਰ ਹੋਏ ਅਸਮਾਨੋਂ ਡਿੱਗ ਖਜੂਰ 'ਤੇ ਲਟਕ ਜਾਂਦੇ ਹਨ। ਉਨ੍ਹਾਂ ਨੂੰ ਰੋਟੀ ਤੋਂ ਭੁੱਖੇ ਤੇ ਜੰਗਲਾਂ ਦੀਆਂ ਠੋਕਰਾਂ ਖਾਧੇ ਬਿਨਾ ਮੰਜ਼ਿਲਾਂ ਨਸੀਬ ਨਹੀਂ ਹੁੰਦੀਆਂ। ਕਈ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ ਘਰੋਂ ਤਾਂ ਸੁਨਹਿਰੀ ਸੁਪਨੇ ਲੈ ਕੇ ਚੱਲੇ ਸਨ, ਪਰ ਅਫਸੋਸ ਆਪਣੇ ਪਰਿਵਾਰਾਂ ਲਈ ਸੁਪਨੇ ਹੀ ਬਣ ਕੇ ਰਹਿ ਗਏ। ਬਰੂਹਾਂ ਵਿੱਚ ਤੇਲ ਚੋਅ ਕੇ ਵਿਦਾ ਕਰਨ ਵਾਲੀਆਂ ਮਾਵਾਂ ਖੁਦ ਅੱਥਰੂ ਬਣ ਕੇ ਰਹਿ ਜਾਂਦੀਆਂ ਹਨ।

ਕਿਸੇ ਨਾ ਕਿਸੇ ਤਰੀਕੇ ਪਰਦੇਸ ਪਹੁੰਚੇ ਪਰਦੇਸੀ ਨੂੰ ਕੁਝ ਦਿਨਾਂ ਵਿੱਚ ਹੀ ਸਾਕ-ਸਬੰਧੀਆਂ ਤੇ ਆਪਣੇ-ਪਰਾਇਆਂ ਦਾ ਪਤਾ ਲੱਗ ਜਾਂਦਾ ਹੈ। ਪਤਾ ਲੱਗ ਜਾਂਦਾ ਕਿ ਆਪਣੇ ਵਤਨ ਦਾ ਲਾਲ ਲਹੂ ਇੱਥੇ ਆ ਕੇ ਕਿੰਨਾ ਸਫੈਦ ਹੋ ਗਿਆ ਹੈ। ਇਨਸਾਨ ਜੋ ਸੋਚ ਪੰਜਾਬ ਤੋਂ ਲੈ ਕੇ ਚੱਲਦਾ ਹੈ, ਇੱਥੇ ਪਰਦੇਸਾਂ ਵਿੱਚ ਕਈ ਵਾਰ ਉਸ ਤੋਂ ਬਿਲਕੁਲ ਉਲਟ ਹੁੰਦਾ ਹੈ। ਸਭ ਭੁਲੇਖੇ ਛੇਤੀ ਹੀ ਦੂਰ ਹੋ ਜਾਂਦੇ ਹਨ, ਪਰ ਇਹ ਕੌੜਾ ਸੱਚ ਉਸ ਨਵੇਂ ਨਕੋਰ ਪਰਦੇਸੀ ਦੇ ਸੱਪ ਵਾਂਗੂ ਲੜ ਜਾਂਦਾ ਹੈ, ਕਿਉਂਕਿ ਉਹ ਇੱਥੋਂ ਦੀ ਜ਼ਿੰਦਗੀ ਬਾਰੇ ਅਨਜਾਣ ਹੁੰਦਾ ਹੈ; ਪਰ ਅੱਖਾਂ ਤੋਂ ਇੱਕ ਹੋਰ ਪੱਟੀ ਜ਼ਰੂਰ ਖੁੱਲ੍ਹ ਜਾਂਦੀ ਹੈ।

ਮੁਲਕ ਪਰਾਇਆ ਪੈਰ-ਪੈਰ 'ਤੇ ਪੈਂਦੇ ਦਰਦ ਹੰਢਾਉਣੇ।
ਆਪਣੇ ਵੀ ਜਿੱਥੇ ਗੈਰ ਬਣੇ, ਉਥੇ ਕਿਸ ਨੇ ਦਰਦ ਵੰਡਾਉਣੇ।
ਪਰਦੇਸੀ ਤੇ ਗਮ ਚੰਦਰੇ ਸਾਰੇ, ਸੌਂਦੇ ਦੌਣ ਸਰਹਾਣੇ।
ਆਪਣੀ ਵੀ ਤੇ ਸਭਨਾਂ ਦੀ, ਸੱਚ ਨਿੰਮੇ ਕਹੀ ਨਿਮਾਣੇ।



ਆਪਣੇ ਮੁਲਕ ਦੀਆਂ ਪੜ੍ਹੀਆਂ ਇੱਥੇ ਆ ਕੇ ਨਾਂ-ਮਾਤਰ ਜਿਹੀਆਂ ਬਣ ਜਾਂਦੀਆਂ ਹਨ। ਕੰਮ ਲੱਗਣ ਸਾਰ ਹੀ ਘੱਟ ਕੀਤੀ ਪੜ੍ਹਾਈ ਦਾ ਅਹਿਸਾਸ ਹੋਣ ਲੱਗ ਜਾਂਦਾ ਹੈ। ਅਕਸਰ ਪੰਜਾਬ ਨਾਲ ਸਬੰਧਤ ਮੇਰੇ ਵਰਗਿਆਂ ਨੂੰ ਸਕੂਲੋਂ ਘਰ ਨੂੰ ਭੱਜਣ ਵਾਲਾ ਵਕਤ ਯਾਦ ਆ ਜਾਂਦਾ ਹੈ ਕਿ ਕਾਸ਼! ਕੁਝ ਹੋਰ ਪੜ੍ਹ ਲੈਂਦੇ। ਪਰਦੇਸ ਵਿੱਚ ਆ ਕੇ ਹਰ ਕੋਈ ਪੜ੍ਹਨੇ ਪੈ ਜਾਂਦਾ ਹੈ। ਅਲਾਰਮ ਦੀ ਘੰਟੀ ਜਦੋਂ ਬਾਂਹੋ ਫੜ ਕੇ ਉਠਾਉਂਦੀ ਹੈ ਤਾਂ ਇੱਕ ਕਹਾਵਤ ਯਾਦ ਆਉਂਦੀ ਹੈ, 'ਜੋ ਸੁਖ ਛੱਜੂ ਦੇ ਚੁਬਾਰੇ, ਉਹ ਨਾ ਬਲਖ ਨਾ ਬੁਖਾਰੇ।' ਉਦੋਂ ਬਾਪੂ ਜ਼ਰੂਰ ਯਾਦ ਆਉਂਦਾ ਹੈ, ਜਿਸਦੀ ਛਤਰ ਛਾਇਆ ਹੇਠ ਮੌਜਾਂ ਮਾਣੀਆਂ ਹੁੰਦੀਆਂ ਹਨ। ਇੱਥੇ ਦੀ ਤੇਜ਼ ਰਫ਼ਤਾਰ ਨਾਲ ਚਲਦੀ ਜ਼ਿੰਦਗੀ ਪਰਦੇਸੀ ਦੇ ਖਾਨੇ ਪਾ ਦਿੰਦੀ ਹੈ ਕਿ Time is Money. ਉਦੋਂ ਭੁਲੇਖਾ ਦੂਰ ਹੁੰਦਾ ਹੈ ਕਿ ਬਾਹਰੋਂ ਪੈਸੇ ਘੱਲ ਕੇ ਮਹਿਲਾਂ ਵਰਗੀਆਂ ਕੋਠੀਆਂ ਇੰਨੀਆਂ ਸੌਖੀਆਂ ਨਹੀਂ ਬਣਦੀਆਂ। ਇੰਝ ਲੱਗਦਾ ਜਿਵੇਂ 'ਕੱਲੀ-'ਕੱਲੀ ਇੱਟ ਖੂਨ-ਪਸੀਨੇ ਵਿੱਚ ਚਿਣ ਕੇ ਬਣਦੀਆਂ ਹੋਣ। ਸੋਚਾਂ ਵਧ ਜਾਂਦੀਆਂ ਹਨ ਤੇ ਨੀਂਦਾਂ ਘਟ ਜਾਂਦੀਆਂ ਹਨ। ਇੱਕ ਪਾਸੇ ਫਿਕਰ ਕਮਾਈਆਂ ਦਾ, ਦੂਜੇ ਪਾਸੇ ਦਰਦ ਜੁਦਾਈਆਂ ਦਾ; ਗਹਿਣੇ ਪਈ ਜ਼ਮੀਨ ਦੀ ਚਿੰਤਾ, ਸਿਰ ਕਰਜ਼ੇ ਦੀ ਪੰਡ ਦਾ ਭਾਰ ਪਰਦੇਸੀ ਨੂੰ ਹਿੱਲਣ ਜੋਗਾ ਨਹੀਂ ਛੱਡਦਾ।

ਇੱਕ 'ਕੱਲੀ ਕਹਿਰੀ ਜਾਨ ਉਤੋਂ ਸਾਲਾਂ ਦੇ ਵਿਛੋੜੇ।
ਲੱਖ ਰੋਕਿਆਂ ਵੀ ਹੰਝੂ, ਵਗ ਪੈਣ ਥੋੜ੍ਹੇ-ਥੋੜ੍ਹੇ।
ਇੱਥੇ ਲੋੜੇ ਪਰਦੇਸੀ, ਉੱਥੇ ਚੂੜੇ ਵਾਲੀ ਲੋੜੇ।
ਜਾਣੇ ਕੋਈ ਵੀ ਨਾ ਕਦੋਂ, ਪੈਣ ਵਤਨਾਂ ਨੂੰ ਮੋੜੇ।

ਇੱਕ ਸਮਾਂ ਹੁੰਦਾ ਸੀ, ਜਦੋਂ ਪਿੰਡ ਵਿੱਚ ਕਿਸੇ-ਕਿਸੇ ਘਰ ਹੀ ਫੋਨ ਹੋਇਆ ਕਰਦਾ ਸੀ। ਘੰਟਿਆਂ ਬੱਧੀ ਕੋਸ਼ਿਸ਼ ਤੋਂ ਬਾਅਦ ਫੋਨ ਮਿਲਣਾ ਤਾਂ ਸੁਨੇਹਾ ਦੇਣਾ ਕਿ ਮੇਰੇ ਘਰੋਂ ਮੇਰੀ ਮਾਂ ਨੂੰ ਬੁਲਾਇਓ। ਜਿੰਨੇ ਨੂੰ ਮਾਂ ਨੇ ਆਉਣਾ, ਇੰਨੇ ਨੂੰ ਫੋਨ ਆਖਰੀ ਦਮਾਂ 'ਤੇ ਹੋ ਜਾਂਦਾ ਸੀ। ਜੇ ਕੱਟ ਕੇ ਲਾਉਣਾ ਤਾਂ ਦੁਬਾਰਾ ਨਾ ਮਿਲਣਾ। ਮਾਂ ਵਿਚਾਰੀ ਨੇ ਪੁੱਤ ਨਾਲ ਕਰਨ ਵਾਲੀਆਂ ਗੱਲਾਂ ਦਿਲ ਵਿੱਚ ਲੈ ਮੁੜ ਘਰ ਚਲੀ ਜਾਣਾ ਤੇ ਇੱਧਰ ਕਰਮਾਂ ਮਾਰੇ ਪਰਦੇਸੀ ਨੇ ਭਰਿਆ ਮਨ ਲੈ ਕੇ ਸੌਣ ਦੀ ਕੋਸ਼ਿਸ਼ ਕਰਨੀ। ਹੁਣ ਤਾਂ ਜਿੰਨੇ ਘਰ ਵਿੱਚ ਜੀਅ, ਉਨੇ ਹੀ ਫੋਨ। ਪਿਛਲੇ ਪਰਦੇਸੀਆਂ ਵੱਲ ਝਾਤੀ ਮਾਰੀਏ ਤਾਂ ਉਹ ਅੱਖਰਾਂ ਵਿੱਚ ਪਰੋ ਕੇ ਚਿੱਠੀਆਂ ਵਿੱਚ ਬੰਦ ਕਰਕੇ ਆਪਣਾ ਦਰਦ ਆਪਣੇ ਪਰਿਵਾਰ ਨੂੰ ਘੱਲਦੇ ਸਨ। ਅੱਗੋਂ ਵਿਚਾਰੀ ਅਨਪੜ੍ਹ ਮਾਂ ਨੇ ਕਿਸੇ ਪੜ੍ਹੇ ਲਿਖੇ ਕੋਲੋਂ ਚਿੱਠੀ ਸੁਣਨੀ ਤੇ ਆਪ ਮੁਹਾਰੇ ਆਏ ਅੱਥਰੂ ਚੁੰਨੀ ਦੇ ਪੱਲੇ ਨਾਲ ਪੂੰਝਣੇ। ਜੇ ਲਾਲ ਚੂੜੇ ਵਾਲੀ ਦਾ ਖਤ ਹੋਣਾ ਤਾਂ ਉਸਨੇ ਚਾਈਂ-ਚਾਈਂ ਚਿੱਠੀ ਪੜ੍ਹਨ ਦੀ ਖੁਸ਼ੀ ਵਿੱਚ ਘਰ ਦਾ ਕੰਮ ਛੇਤੀ-ਛੇਤੀ ਨਿਬੇੜ ਕੇ ਆਪਣੇ ਕਮਰੇ ਵਿੱਚ ਜਾ ਕੇ ਚਿੱਠੀ ਪੜ੍ਹਨੀ ਤੇ ਮਾਹੀ ਦੇ ਲਿਖੇ ਸ਼ਬਦਾਂ ਵਿੱਚੋਂ ਮਾਹੀ ਨੂੰ ਲੱਭਣ ਦੀ ਕੋਸ਼ਿਸ਼ ਕਰਨੀ; ਪਰ ਇੰਟਰਨੈੱਟ ਦੇ ਯੁੱਗ ਵਿੱਚ ਚਿੱਠੀਆਂ ਤਾਂ ਅਲੋਪ ਹੀ ਹੋ ਗਈਆਂ।

ਪਰਦੇਸਾਂ ਵਿੱਚ ਆ ਕੇ ਪਰਦੇਸੀ ਦੀਆਂ ਅੱਖਾਂ ਤੋਂ ਕਈ ਪੱਟੀਆਂ ਖੁਲ੍ਹਦੀਆਂ ਹਨ ਤੇ ਇੱਕ ਪੱਟੀ ਉਹ ਖੁਦ ਅੱਖਾਂ 'ਤੇ ਬੰਨ੍ਹ ਕੇ ਕਮਾਈਆਂ ਕਰ-ਕਰ ਪਿਛੇ ਘੱਲੀ ਜਾਂਦਾ ਹੈ ਤੇ ਉਹ ਪੱਟੀ ਉਸ ਦੀਆਂ ਅੱਖਾਂ ਤੋਂ ਵਾਪਸ ਜਾਣ ਸਾਰ ਹੀ ਖੁੱਲ੍ਹ ਜਾਂਦੀ ਹੈ, ਪਰ ਉਦੋਂ ਵਕਤ ਗੁਜ਼ਰ ਚੁੱਕਿਆ ਹੁੰਦਾ ਹੈ। ਸੱਚੀ ਨੀਤ ਤੇ ਸਾਫ ਦਿਲ ਨਾਲ ਫਰਜ਼ ਨਿਭਾਉਂਦੇ ਪਰਦੇਸੀ ਨੂੰ ਕਿਤੋਂ ਅਕਲ ਦੀ ਬੁਰਕੀ ਮਿਲ ਜਾਂਦੀ ਹੈ ਤਾਂ ਲੱਖਾਂ ਘੱਲਦਾ-ਘੱਲਦਾ ਪਰਦੇਸੀ ਪੈਸੇ ਘੱਲਣੇ ਘੱਟ ਕਰ ਦਿੰਦਾ ਹੈ; ਪਰ ਫਿਰ ਵੀ ਉਹ ਪਰਦੇਸੀ ਕੋਸ਼ਿਸ਼ ਕਰਦਾ ਹੈ ਕਿ ਇਹ ਪੱਟੀ ਪੱਟੀ ਹੀ ਬਣੀ ਰਹੇ ਤਾਂ ਕਿ ਪਰਿਵਾਰ ਨਾ ਬਿਖਰੇ, ਪਰਿਵਾਰ ਵਿੱਚ ਏਕਾ ਬਣਿਆ ਰਹੇ। ਕਿਉਂਕਿ ਉਹ ਪਰਦੇਸੀ ਪੈਸੇ ਨਾਲ ਤਾਂ ਰੱਜ ਪੁੱਜ ਜਾਂਦਾ ਹੈ, ਪਰ ਪਰਿਵਾਰ ਦੇ ਪਿਆਰ ਦੀ ਭੁੱਖ ਉਸਨੂੰ ਹਮੇਸ਼ਾ ਰਹਿੰਦੀ ਹੈ। ਪਰਦੇਸਾਂ ਵਿੱਚ ਉਮਰ ਦੇ ਸਾਲ ਗਵਾਕੇ ਪੈਸੇ ਕਮਾਉਣ ਦੇ ਨਾਲ-ਨਾਲ ਉਹ ਇੱਕ ਮੋਹ-ਮੁਹੱਬਤ ਦੀ ਖੱਟੀ ਵੀ ਖੱਟਦਾ ਹੈ, ਜੋ ਜਿਹੜੀ ਪਿਛਲਿਆਂ ਪ੍ਰਤੀ ਲਹੂ ਨੂੰ ਸਫ਼ੈਦ ਨਹੀਂ ਹੋਣ ਦਿੰਦੀ।

ਸੌ ਸੁੱਖਾਂ ਤੇ ਲੱਖ ਅਰਦਾਸਾਂ ਤੋਂ ਬਾਅਦ ਹਰ ਪਰਦੇਸੀ ਦੀ ਜ਼ਿੰਦਗੀ ਦੇ ਵਿੱਚ ਆਖਿਰ ਉਹ ਦਿਨ ਆ ਹੀ ਜਾਂਦਾ ਹੈ, ਜਿਸ ਦੀ ਉਡੀਕ ਉਸਨੂੰ ਪਰਦੇਸਾਂ ਦੀ ਧਰਤੀ 'ਤੇ ਪੈਰ ਧਰਨ ਸਾਰ ਹੀ ਲੱਗ ਜਾਂਦੀ ਹੈ। ਕਈ ਦੁੱਖ-ਸੁੱਖ, ਤੱਤੀਆਂ ਠੰਡੀਆਂ ਹਵਾਵਾਂ, ਮੁਸੀਬਤਾਂ ਪ੍ਰੇਸ਼ਾਨੀਆਂ ਤੇ ਜ਼ਿੰਦਗੀ ਦੇ ਹਰ ਪੜਾਅ ਵਿੱਚੋਂ ਲੰਘਦਾ ਹੋਇਆ ਵਤਨਾਂ ਵੱਲ ਮੋੜੇ ਪਾਉਂਦਾ ਹੈ। ਜਦੋਂ ਦਿੱਲੀ ਏਅਰਪੋਰਟ 'ਤੇ ਪਹੁੰਚਦਾ ਹੈ ਤਾਂ ਫੁੱਲਾਂ ਦੇ ਹਾਰ ਲੈ ਕੇ ਸਾਰਾ ਪਰਿਵਾਰ ਖੜ੍ਹਾ ਹੁੰਦਾ ਹੈ। ਉਹੀ ਮਾਂ, ਉਹੀ ਬਾਪ, ਉਹੀ ਭੈਣ-ਭਰਾ, ਸਭ ਉਹੀ ਪਰ ਫਰਕ ਬਹੁਤ ਵੱਡਾ। ਮਾਂ-ਬਾਪ ਜਵਾਨੀ ਵਿੱਚੋਂ ਬੁਢਾਪੇ ਵਿੱਚ ਪਹੁੰਚੇ ਹੁੰਦੇ ਹਨ। ਕਾਲੇ ਵਾਲਾਂ ਵਿੱਚ ਸਫੈਦੀ ਭਰ ਗਈ ਹੁੰਦੀ ਏ। ਛੋਟੇ ਭੈਣ-ਭਰਾ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਕੇ ਖੜ੍ਹੇ ਹੁੰਦੇ ਹਨ। ਹੰਝੂ ਆਪ ਮੁਹਾਰੇ ਅੱਖੀਂ ਭਰ ਆਉਂਦੇ ਹਨ, ਪਰ ਇਨ੍ਹਾਂ ਹੰਝੂਆਂ ਵਿੱਚੋਂ ਇੱਕ ਖੁਸ਼ੀ ਝਲਕ ਰਹੀ ਹੁੰਦੀ ਹੈ। ਕਿਸੇ ਸਮੇਂ ਇਨ੍ਹਾਂ ਪਿੱਛੇ ਲੁਕੇ ਸੁਪਨੇ ਇਨ੍ਹਾਂ ਅੱਗੇ ਆਏ ਹੁੰਦੇ ਹਨ। ਸੁਪਨੇ ਪੂਰੇ ਕਰਕੇ ਆਏ ਪਰਦੇਸੀ ਦਾ ਚਾਅ ਚੁੱਕਿਆ ਨਹੀਂ ਜਾਂਦਾ। ਮਾਂ ਨੂੰ ਇੰਝ ਲੱਗਦਾ ਕਿ ਪੁੱਤ ਕਾਮਯਾਬੀ ਵਿਆਹ ਕੇ ਲਿਆਇਆ ਤੇ ਇੱਕ ਵਾਰ ਫਿਰ ਉਹ ਦਰਾਂ ਵਿੱਚ ਤੇਲ ਚੋਅ ਕੇ ਪੁੱਤਰ ਨੂੰ ਅੰਦਰ ਵਾੜਦੀ ਹੈ।

ਵਰ੍ਹਿਆਂ ਦੇ ਵਿਛੋੜੇ ਤੋਂ ਬਾਅਦ ਇਕੱਠੇ ਹੋਏ ਪਰਿਵਾਰ ਦੀ ਹਰ ਇੱਕ ਨੂੰ ਖੁਸ਼ੀ ਹੁੰਦੀ ਹੈ; ਪਰ ਦਿਨੋ ਦਿਨ ਇਹ ਖੁਸ਼ੀ ਪ੍ਰਛਾਵਿਆਂ ਵਾਂਗ ਢਲਣਾ ਸ਼ੁਰੂ ਕਰ ਦਿੰਦੀ ਹੈ। ਕੁਝ ਹਫ਼ਤਿਆਂ-ਮਹੀਨਿਆਂ ਦੀ ਮਹਿਮਾਨ-ਨਿਵਾਜੀ ਤੋਂ ਬਾਅਦ ਦਿਲੀ ਜਜ਼ਬਾਤ ਦਾ ਕਤਲ ਹੋਣਾ ਸ਼ੁਰੂ ਹੋ ਜਾਂਦਾ ਹੈ। ਪੁਰਖਾਂ ਦੀ ਚੱਲਦੀ ਰੀਤ, ਬਟਵਾਰੇ ਦੀ ਗੱਲ ਚੱਲਦੀ ਹੈ ਤਾਂ ਪਰਦੇਸੀ ਆਪਣੀ ਘੱਲੀ ਕਮਾਈ ਭੇਜੇ ਪੈਸਿਆਂ ਦੀ ਗੱਲ ਕਰਦਾ ਹੈ ਤਾਂ ਰਿਸ਼ਤਿਆਂ ਵਿੱਚ ਲਕੀਰਾਂ ਖਿੱਚੀਆਂ ਜਾਂਦੀਆਂ ਹਨ। ਮੱਧ ਵਰਗੀ ਪਰਿਵਾਰ ਦੀਆਂ ਇੱਛਾਵਾਂ ਜੇ ਆਪਣੇ ਮੁਲਕ ਵਿੱਚ ਪੂਰੀਆਂ ਹੁੰਦੀਆਂ ਹੋਣ ਤਾਂ ਕਿਉਂ ਕੋਈ ਪਰਦੇਸੀ ਹੋਵੇ! ਆਪਣੇ ਪਰਿਵਾਰ ਲਈ ਸਭ ਕੁਝ ਕਰਨ ਵਾਲਾ ਪਰਦੇਸੀ ਆਪਣੇ ਪਰਿਵਾਰ ਵਿੱਚ ਪਹੁੰਚ ਕੇ ਵੀ ਇਕੱਲਾਪਣ ਮਹਿਸੂਸ ਕਰਦਾ ਹੈ। ਡੰਗ ਦੀ ਡੰਗ ਕਰਕੇ ਖਾਣ ਵਾਲਾ ਆਪਣੇ ਮੁਲਕ ਵਿੱਚ ਕਿੱਥੋਂ ਮਹਿਲ ਖੜ੍ਹੇ ਕਰ ਸਕਦਾ ਹੈ। ਕਿੱਥੋਂ ਜ਼ਮੀਨਾਂ ਖਰੀਦ ਸਕਦਾ ਹੈ!

ਘਰ ਘਰ ਵਿੱਚ ਖਿੜੇ ਖੁਸ਼ੀ ਦੇ ਗੁਲਾਬ ਅੱਜ
ਪਿੰਡ ਪਿੰਡ ਟੋਭਿਆਂ ਦੇ ਬਣੇ ਨੇ ਤਲਾਬ ਅੱਜ
ਕਰ ਕਰ ਘੱਲੀਆਂ ਕਮਾਈਆਂ ਪਰਦੇਸੀਆਂ ਨੇ
ਤਾਹੀਓਂ ਖੁਸ਼ਹਾਲ ਮੇਰਾ ਰੰਗਲਾ ਪੰਜਾਬ ਅੱਜ।

ਦਰਦ ਪੰਜਾਬ ਦਾ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



# ਪੰਜਾਬ 'ਚ ਡੇਰਿਆਂ ਦਾ ਪਸਾਰਾ

ਪੰਜਾਬ ਅਤੇ ਪੰਜਾਬੀਅਤ ਦਾ ਵਰਤਾਰਾ ਧਾਰਮਿਕ ਤੇ ਸਮਾਜਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਉਤੇ ਆਧਾਰਿਤ ਹੈ। ਇਸ ਵਰਤਾਰੇ ਵਿੱਚ ਡੇਰਿਆਂ ਦਾ ਬੜਾ ਮਹੱਤਵ ਹੈ। ਇੱਕ ਸੰਸਥਾ ਵਜੋਂ ਡੇਰਾ, ਮੱਠ, ਨਿਵਾਸ ਦਾ ਵਰਤਾਰਾ ਸਿੱਖ ਧਰਮ ਅਤੇ ਪੰਥ ਨਾਲੋਂ ਬਹੁਤ ਪੁਰਾਣਾ ਹੈ, ਜੋ ਪੰਜਾਬ ਵਿੱਚ ਸਿੱਖ ਧਰਮ ਦੇ ਧਾਰਮਿਕ ਸਥਾਨ (ਗੁਰਦਆਰਿਆਂ) ਦੇ ਪ੍ਰਚਲਨ ਤੋਂ ਪਹਿਲਾਂ ਸੂਫੀ ਪੀਰਾਂ, ਨਾਥ ਜੋਗੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਦਾ ਹੈ। ਸੂਫੀ ਸੰਤਾਂ, ਪੀਰਾਂ ਦੇ ਸਥਾਪਨਾ ਦੀ ਪ੍ਰਸਿੱਧੀ ਹਿੰਦੂ, ਸਿੱਖ, ਮੁਸਲਮਾਨ ਭਾਈਚਾਰਿਆਂ ਵਿੱਚ ਡੇਰਿਆਂ ਦਾ ਪ੍ਰਚਲਨ ਵੇਖਿਆ ਜਾ ਸਕਦਾ ਹੈ, ਜਿਥੇ ਭਾਈਚਾਰਿਆਂ ਵਿਸ਼ੇਸ਼ ਤੌਰ 'ਤੇ ਸਾਧਾਰਨ ਤੇ ਗਰੀਬ ਤਬਕੇ ਨੂੰ ਰਾਹਤ ਦਿੱਤੀ ਜਾਂਦੀ ਹੈ। ਮਾਮੂਲੀ ਆਓ ਭਗਤ ਅਤੇ ਉਦਾਰਤ ਵਿਹਾਰ ਤੋਂ ਇਲਾਵਾ ਅਧਿਆਤਮ ਮਾਰਗਦਰਸ਼ਨ, ਮਨੋਵਿਗਿਆਨ ਅਤੇ ਸਿਹਤ ਸਹੂਲਤਾਂ ਤੇ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਸਖ਼ੀ ਸਰਵਰ ਸੁਲਤਾਨ ਸ਼ੇਖ ਫਰੀਦ, ਬੁੱਲੇ ਸ਼ਾਹ, ਸ਼ੇਖ ਫੱਤਾ, ਖਵਾਜਾ ਖਿਜਰ ਅਤੇ ਪੰਜ ਪੀਰਾਂ ਦੇ ਸੂਫ਼ੀ ਅਸਥਾਨ ਪੰਜਾਬੀਆਂ ਦੀ ਸਾਂਝੀ ਵਾਰਤਾ ਦਾ ਪ੍ਰਗਟਾਵਾ ਬਣ ਗਏ। ਸਿੱਖ ਗੁਰੂਆਂ ਦੇ ਜੀਵਨ ਕਾਲ ਦੌਰਾਨ ਵੀ ਕਈ ਡੇਰਿਆਂ ਦੀ ਸਥਾਪਨਾ ਹੋਈ, ਜਿਨ੍ਹਾਂ ਵਿੱਚ ਉਦਾਸੀਆਂ, ਮੀਆਂ ਮੀਰ ਅਲੀ, ਰਾਮਰਾਇ, ਹੰਡਾਲੀਆਂ ਅਤੇ ਮਸੰਦੀਆਂ ਦੇ ਡੇਰੇ ਸ਼ਾਮਲ ਹਨ, ਜੋ ਗੁਰੂ ਪਰੰਪਰਾਵਾਂ ਦੇ ਵਿਰੋਧੀ ਸਨ। ਕਈ ਹੋਰ ਡੇਰੇ (ਬੰਦਈ ਖਾਲਸਾ/ਬੰਦਪੰਥੀ) ਨਾਨਕ ਪੋਥੀ ਸੇਵਾ ਪੰਥੀ, ਭਗਤ ਪੰਥੀ, ਸੁਤਰਾਧਾਰੀ, ਗੁਲਾਬਾਂ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਸ਼ਾਮਲ ਸਨ।

19ਵੀਂ ਸਦੀ ਤੋਂ ਬਾਅਦ ਕਈ ਹੋਰ ਡੇਰੇ ਵੀ ਹੋਂਦ ਵਿੱਚ ਆਏ। ਨਵੇਂ ਡੇਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਕੇਂਦਰ ਬਣ ਗਏ, ਜਿੱਥੇ ਹਿੰਦੂਜਾਤੀ ਤੋਂ ਅਲੱਗ ਹੋ ਕੇ ਸਿੱਖ ਧਰਮ ਨੂੰ ਅਪਨਾਉਣ ਲੱਗੇ। ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ, ਜੋ ਸਿੱਖ ਧਰਮ ਅਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਤੇ ਹੋਰ ਸੰਸਥਾਵਾਂ ਨੂੰ ਕੰਟਰੋਲ ਕਰਦੀਆਂ ਸਨ, ਜੱਟ ਸਿੱਖਾਂ ਦੇ ਵਧ ਰਹੇ ਦਬਦਬੇ ਕਾਰਨ ਲੋਕ ਗੈਰ-ਸਿੱਖ ਡੇਰਿਆਂ ਵੱਲ ਖਿੱਚੇ ਗਏ। ਅਮੀਰ ਦਲਿਤਾਂ ਨੇ ਵੀ ਡੇਰਿਆਂ ਵਿੱਚ ਵਾਧਾ ਕੀਤਾ।

ਸਾਲ 2006-07 ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ ਪੇਂਡੂ ਖੇਤਰ ਵਿੱਚ 9,000 ਤੋਂ ਵੱਧ ਸਿੱਖ ਅਤੇ ਗੈਰ-ਸਿੱਖ ਡੇਰੇ ਸਨ। ਗਵਾਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਵਿੱਚ ਵੀ ਬਹੁਤ ਸਾਰੇ ਡੇਰੇ ਸਥਾਪਤ ਹੋਏ। ਸਿੱਖ ਡੇਰਿਆਂ ਵਿੱਚ ਰਹਿਤ ਮਰਿਆਦਾ ਦਾ ਸਖਤੀ ਨਾਲ ਪ੍ਰਚਲਨ ਹੁੰਦਾ ਹੈ, ਐਸੇ ਡੇਰਿਆਂ ਦੇ ਮੁਖੀਆਂ ਵਿੱਚ ਬਹੁਗਿਣਤੀ ਜੱਟ ਜਾਂ ਸਵਰਨ ਜਾਤਾਂ ਦੇ ਹਨ। ਬਹੁਤ ਸਾਰੇ ਡੇਰੇ ਐਸੇ ਹਨ, ਜਿੱਥੇ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਹੀਂ ਹੁੰਦੀ, ਗੁਰਬਾਣੀ ਦੇ ਨਾਲ ਨਾਲ ਗੈਰ-ਸਿੱਖ ਗ੍ਰੰਥਾਂ ਦਾ ਪਾਠ ਵੀ ਹੁੰਦਾ ਹੈ, ਮੂਰਤੀ ਪੂਜਾ ਵੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਜੀਵਤ ਸੰਤ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਇੱਕ ਸਮਕਾਲੀ ਮਨੁੱਖੀ ਗੁਰੂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਦੇ ਹਨ। ਮਸ਼ਹੂਰ ਡੇਰਿਆਂ ਵਿੱਚ ਰਾਧਾ ਸੁਆਮੀ, ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ, ਰਵੀਦਾਸ ਡੇਰਾ (ਸੱਚਖੰਡ ਬਲਾਂ) ਨਾਮਧਾਰੀ, ਸੰਤ ਨਿਰੰਕਾਰੀ, ਦਿਵਿਆ ਜੋਤੀ ਜਾਗਰਿਤੀ ਸੰਗਠਨ, ਭਨਿਆਰਾ ਵਾਲੇ, ਡੇਰਾ ਬਾਬਾ ਭੂਮਣ ਸ਼ਾਹ ਆਦਿ। ਇਨ੍ਹਾਂ ਡੇਰਿਆਂ ਦੇ ਪੈਰੋਕਾਰਾਂ ਦੀ ਬਹੁਤੀ ਗਿਣਤੀ ਦਲਿਤ, ਪੱਛੜੀਆਂ ਜਾਤੀਆਂ ਅਤੇ ਗਰੀਬ ਜੱਟਾਂ ਦੀ ਹੈ। ਇਨ੍ਹਾਂ ਡੇਰਿਆਂ ਦੀ ਅਗਵਾਹੀ ਉੱਚ ਜਾਤੀ ਦੇ ਲੋਕ ਹੀ ਕਰਦੇ ਹਨ। ਦਲਿਤ ਪ੍ਰਧਾਨ ਡੇਰੇ ਵਿਰੋਧੀ ਸੱਭਿਅਤਾ ਦੇ ਪ੍ਰਮੁੱਖ ਕੇਂਦਰਾਂ ਵਜੋਂ ਉਭਰੇ ਹਨ। ਡੇਰਿਆਂ ਨੂੰ ਸਿੱਖ ਧਰਮ ਲਈ ਇੱਕ ਚੁਣੌਤੀ ਵਜੋਂ ਵੇਖਿਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਨੇ ਦਲਿਤ ਵੋਟ ਬੈਂਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਡੇਰਿਆਂ ਦੀ ਸਰਪ੍ਰਸਤੀ ਕੀਤੀ ਹੈ। ਚੋਣਾਂ ਵਿੱਚ ਡੇਰਿਆਂ ਦਾ ਯੋਗਦਾਨ ਪਹਿਲੀ ਵਾਰ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾ ਵਿੱਚ ਦੇਖਿਆ ਗਿਆ। ਆਸ਼ੂਤੋਸ਼ ਕੁਮਾਰ, ਰੌਣਕੀ ਰਾਮ, ਸੁਰਿੰਦਰ ਸਿੰਘ, ਜਸਬੀਰ ਸਿੰਘ ਆਦਿ ਖੋਜਕਾਰਾਂ ਨੇ ਪੰਜਾਬ ਵਿੱਚ ਚਲ ਰਹੇ ਡੇਰਿਆਂ ਅਤੇ ਇਨ੍ਹਾਂ ਦੀ ਭੂਮਿਕਾ ਬਾਰੇ ਅਧਿਐਨ ਕੀਤੇ ਹਨ।

ਪਬਲਿਕ ਡੋਮੇਨ ਵਿੱਚ ਉਪਲਬਧ ਅਧਿਐਨਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਅੰਦਾਜ਼ਨ ਆਬਾਦੀ 3.81 ਕਰੋੜ ਹੈ, ਜਿਸ ਵਿੱਚੋਂ 62.52% ਪੇਂਡੂ ਖੇਤਰ ਨਾਲ ਸਬੰਧਤ ਹੈ। ਪੰਜਾਬ ਦੀ ਸਾਖਰਤਾ ਦਰ 75.8% ਹੈ, ਜਦਕਿ ਭਾਰਤ ਦੀ ਸਾਖਰਤਾ ਦਰ 73% ਹੈ। 50,365 ਵਰਗ ਕਿਲੋਮੀਟਰ ਵਿੱਚ ਵੱਸੇ ਪੰਜਾਬ ਵਿੱਚ 29 ਯੂਨੀਵਰਸਿਟੀਆਂ ਹਨ, ਜਿਸ ਵਿੱਚੋਂ 16 ਪ੍ਰਾਈਵੇਟ ਖੇਤਰ ਵਿੱਚ ਹਨ, 31 ਵਿਦਿਅਕ ਸੰਸਥਾਵਾਂ ਯੂਨੀਵਰਸਿਟੀ ਦੇ ਬਰਾਬਰ ਦੀਆਂ ਮੰਨੀਆਂ ਜਾਂਦੀਆਂ ਹਨ। ਪੰਜਾਬ ਵਿੱਚ 276 ਡਿਗਰੀ ਕਾਲਜ, 9559 ਹਾਈ/ਹਾਇਰ ਸੈਕੰਡਰੀ ਸਕੂਲ, 5097 ਮਿਡਲ ਸਕੂਲ ਅਤੇ 13,801 ਪ੍ਰਾਇਮਰੀ ਸਕੂਲ ਹਨ। ਸਿੱਖਿਆ ਪੱਖੋਂ ਪੰਜਾਬ ਪੱਛੜਿਆ ਹੋਇਆ ਨਹੀਂ ਹੈ। ਪੰਜਾਬ ਵਿੱਚ 58.09% ਸਿੱਖ, 38.49% ਹਿੰਦੂ, 1.93% ਮੁਸਲਿਮ ਅਤੇ 1.25% ਈਸਾਈ ਹਨ।

ਜੇ ਪੰਜਾਬ ਦੇ ਡੇਰਿਆਂ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਵਰਗਾਂ ਦੇ 12,000 ਤੋਂ ਵੱਧ ਡੇਰੇ ਹਨ, ਜਿਨ੍ਹਾਂ ਵਿੱਚੋਂ 9000 ਸਿੱਖ ਧਰਮ ਨਾਲ ਸਬੰਧਤ ਹਨ, ਜਿਸ ਵਿੱਚੋਂ 300 ਕਾਰਜਸ਼ੀਲ ਹਨ। 12 ਐਸੇ ਡੇਰੇ ਹਨ, ਹਰ ਇੱਕ ਦੇ ਪੈਰੋਕਾਰਾਂ ਦੀ ਗਿਣਤੀ ਇੱਕ ਲੱਖ ਤੋਂ ਵਧੇਰੇ ਹੈ। ਡੇਰਿਆਂ ਦੀਆਂ ਸ਼ਾਖਾਵਾਂ ਪੰਜਾਬ ਦੇ ਸਾਰੇ 12,581 ਪਿੰਡਾਂ ਵਿੱਚ ਹਨ। ਜੇ ਗੁਰਦੁਆਰਿਆਂ ਦੀ ਗੱਲ ਕੀਤੀ ਜਾਵੇ ਤਾਂ ਲਗਭਗ 30,000 ਗੁਰਦੁਆਰੇ ਹਨ, ਹਰੇਕ ਪਿੰਡ ਵਿੱਚ ਇੱਕ ਤੋਂ ਲੈ ਕੇ 6 ਤੱਕ ਅਤੇ ਇਸੇ ਤਰ੍ਹਾਂ ਹਰੇਕ ਪਿੰਡ ਤੇ ਕਸਬੇ ਵਿੱਚ ਡੇਰੇ ਵੀ ਮੌਜੂਦ ਹਨ, ਜਿਨ੍ਹਾਂ ਦੇ ਮੁਖੀ ਡੇਰਿਆਂ ਨੂੰ ਨਿੱਜੀ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ।

ਭਾਈ ਕਾਹਨ ਸਿੰਘ ਨਾਭਾ ਵੱਲੋਂ ਆਪਣੇ ਮਹਾਨ ਕੋਸ਼ ਵਿੱਚ ਗੁਰਦੁਆਰਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ, ਜਿਸ ਅਨੁਸਾਰ ਸਿੱਖਾਂ ਦਾ ਗੁਰਦਵਾਰਾ ਵਿਦਿਆਰਥੀਆਂ ਲਈ ਸਕੂਲ, ਆਤਮ ਕਲਿਆਣ ਲਈ ਉਪਦੇਸ਼ਨ ਆਚਰਨ, ਰੋਗੀਆਂ ਲਈ ਸਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਇਸ ਪਰਿਭਾਸ਼ਾ ਦੇ ਸਬੰਧ ਵਿੱਚ ਵੇਖਣਾ ਹੋਵੇਗਾ ਕਿ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਕਿੰਨੇ ਕੁ ਗੁਰਦੁਆਰੇ, ਡੇਰੇ ਅਤੇ ਹੋਰ ਧਾਰਮਿਕ ਸਥਾਨ ਇਸ ਪਰਿਭਾਸ਼ਾ ਉਤੇ ਪੂਰੇ ਉਤਰਦੇ ਹਨ!

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

# Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

*To Celebrate Vaisakhi PCS Presents...*

# Rangla Punjab 2024!



## Saturday, April 20, 2024

## 6:00 PM Sharp

**Copernicus Center**
**5216 W Lawrence Ave**
**Chicago, IL 60630**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

## SPONSORS & VENDORS ENCOURAGED

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.